ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 43 | 26 October to 01 November 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




**ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਨੂੰ ਰੌਸ਼ਨੀਆਂ ਦੇ ਤਿਓਹਾਰ ਦੀਵਾਲੀ ਅਤੇ ਸਿੱਖ ਪੰਥ ਵਲੋਂ ਮਾਨਵਤਾ ਦੀ ਮੁਕਤੀ ਦੀ ਪਹਿਲੀ ਤਵਾਰੀਖ਼ ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ**



## ਸਿੱਖੀ ਦਾ ਸਨਮਾਨ

### ਨਿਊਯਾਰਕ 'ਚ 19 ਅਕਤੂਬਰ ਨੂੰ ਹੋਇਆ ਕਰੇਗਾ ਵਾਰਿਸ ਆਹਲੂਵਾਲੀਆ ਦਿਵਸ



**ਨਿਊਯਾਰਕ/ਬਿਊਰੋ ਨਿਊਜ਼ :**
ਨਿਊਯਾਰਕ ਸਿਟੀ ਨੇ 19 ਅਕਤੂਬਰ 2016 ਨੂੰ ਵਾਰਿਸ ਆਹਲੂਵਾਲੀਆ ਦਿਵਸ ਐਲਾਨਿਆ ਹੈ। ਉੱਘੇ ਸਿੱਖ-ਅਮਰੀਕੀ ਅਦਾਕਾਰ ਅਤੇ ਡਿਜ਼ਾਈਨਰ ਵਾਰਿਸ ਆਹਲੂਵਾਲੀਆ ਵੱਲੋਂ ਸਿੱਖੀ ਦੀ ਸ਼ਨਾਖ਼ਤ ਲਈ ਕੀਤੇ ਜਾ ਰਹੇ ਪ੍ਰਚਾਰ-ਪ੍ਰਸਾਰ ਦੇ ਯਤਨਾਂ ਨੂੰ ਮਾਨਤਾ ਦਿੰਦਿਆਂ ਇਹ ਐਲਾਨ ਕੀਤਾ ਗਿਆ ਹੈ। ਇਸ ਮੌਕੇ ਆਹਲੂਵਾਲੀਆ ਨੇ ਮੇਅਰ ਦਾ ਇਸ ਰੁਤਬੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਸਦੀਆਂ ਤੋਂ ਦੀਵਾਲੀ ਉਤਸਵ ਮਨਾਇਆ ਜਾ ਰਿਹਾ ਹੈ ਪਰ ਇਸ ਸਾਲ 'ਬਦੀ ਉਤੇ ਨੇਕੀ ਦੀ ਜਿੱਤ' ਦਾ ਸੁਨੇਹਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਅਹਿਮਤ ਰੱਖਦਾ ਹੈ। ਉਸ ਨੇ ਦੱਸਿਆ ਕਿ ਉਹ ਬਚਪਨ ਵਿਚ ਹੀ ਭਾਰਤ ਤੋਂ ਇੱਥੇ ਆ ਕੇ ਵਸ ਗਿਆ ਸੀ ਤੇ ਉਦੋਂ ਤੋਂ ਹੀ ਨਿਊ ਯਾਰਕ ਉਸ ਦਾ ਘਰ ਹੈ। 9/11 ਦੇ ਦਹਿਸ਼ਤੀ ਹਮਲਿਆਂ ਮਗਰੋਂ ਲੋਕ ਮੇਰੇ ਵੱਲ ਨਫ਼ਰਤੀ ਨਿਗਾਹਾਂ ਨਾਲ ਦੇਖਦੇ ਸਨ

ਬਾਕੀ ਸਫ਼ਾ 41 'ਤੇ

**ਬੰਦੀ ਛੋੜ ਦਿਵਸ 'ਤੇ ਵਿਸ਼ੇਸ਼ ਸਪਲੀਮੈਂਟ ਸਫ਼ਾ 14 ਤੋਂ ਦੇਖੋ**

# ਮੈਨੀਫੈਸਟੋ 'ਚ ਵਪਾਰੀਆਂ ਨਾਲ ਕੀਤੇ ਵਾਅਦੇ ਅੱਖਰ ਅੱਖਰ ਸਾਕਾਰ ਕਰਾਂਗੇ : ਕੇਜਰੀਵਾਲ

## ਇੰਡਸਟਰੀ ਨੂੰ ਮੁੜ ਪੈਰਾਂ-ਸਿਰ ਕਰਨ ਲਈ ਦੋ ਸਾਲ ਟੈਕਸ ਛੋਟ ਦੇਣ ਦਾ ਵਾਅਦਾ

### 'ਬਾਦਲ ਦੇ ਡਰੋਂ ਨਹੀਂ ਆਏ ਵੱਡੇ ਕਾਰੋਬਾਰੀ, ਪਰ ਅਸੀਂ ਉਨ੍ਹਾਂ ਦੇ ਸੰਪਰਕ ਵਿਚ'

**ਲੁਧਿਆਣਾ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇੱਥੇ ਵਪਾਰ, ਉਦਯੋਗ ਤੇ ਟਰਾਂਸਪੋਰਟ ਬਾਰੇ 21 ਨੁਕਤਿਆਂ ਵਾਲਾ ਵੱਖਰਾ ਮੈਨੀਫੈਸਟੋ ਜਾਰੀ ਕੀਤਾ ਹੈ। ਇਸ ਵਿਚ ਇੰਡਸਟਰੀ ਨੂੰ ਮੁੜ ਪੈਰਾਂ-ਸਿਰ ਕਰਨ ਲਈ ਦੋ ਸਾਲ ਤਕ ਟੈਕਸ ਛੋਟ ਤੋਂ ਇਲਾਵਾ ਕਈ ਲੁਭਾਵਨੇ ਐਲਾਨ ਕੀਤੇ ਗਏ ਹਨ। ਮੈਨੀਫੈਸਟੋ ਜਾਰੀ ਕਰਨ ਮੌਕੇ ਨਾਮੀ ਕਾਰੋਬਾਰੀ ਪ੍ਰੋਗਰਾਮ ਵਿਚ ਨਹੀਂ ਪਹੁੰਚੇ। ਸਮਾਰੋਹ ਮਗਰੋਂ ਕੇਜਰੀਵਾਲ ਨੇ ਮੰਨਿਆ ਕਿ ਕਾਰੋਬਾਰੀ ਪ੍ਰੋਗਰਾਮ ਤੋਂ ਦੂਰ ਰਹੇ ਹਨ ਪਰ ਇਸ ਦਾ ਕਾਰਨ ਬਾਦਲਾਂ ਦਾ ਡਰ ਹੈ। ਉਨ੍ਹਾਂ ਕਿਹਾ ਕਿ ਕਈ ਨਾਮੀ ਕਾਰੋਬਾਰੀ ਉਨ੍ਹਾਂ



ਦੇ ਸੰਪਰਕ ਵਿਚ ਹਨ। ਚੋਣ ਜ਼ਾਬਤਾ ਲਾਗੂ ਹੁੰਦਿਆਂ ਹੀ ਸਾਰੀ ਸਚਾਈ ਸਾਹਮਣੇ ਆ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਰਕਾਰ ਬਣਨ 'ਤੇ ਬਾਦਲਾਂ ਦੀਆਂ ਬੱਸਾਂ ਦੇ ਪਰਮਿਟ ਖੋਹ ਕੇ ਬੇਰੁਜ਼ਗਾਰ, ਦੰਗਾ ਪੀੜਤਾਂ, ਫੌਜੀਆਂ ਨੂੰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਬਜਰੀ, ਰੇਤ ਮਾਫੀਆ ਨੂੰ ਖ਼ਤਮ ਕਰਾਂਗੇ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਘੁਟਾਲੇ ਦਾ ਕੇਸ ਬੰਦ ਕਰਕੇ ਕੈਪਟਨ ਨਾਲ ਹੋਏ ਰਾਜਸੀ ਸਮਝੌਤੇ ਦਾ ਸਬੂਤ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਖ਼ਿਲਾਫ਼ ਅਕਾਲੀ, ਕਾਂਗਰਸ ਤੇ ਭਾਜਪਾ ਇਕੱਠੀਆਂ ਹਨ। ਉਨ੍ਹਾਂ ਲੋਕਾਂ ਨੂੰ ਰਵਾਇਤੀ ਪਾਰਟੀਆਂ ਦੇ ਗੁੰਮਰਾਹਕੁਨ ਪ੍ਰਚਾਰ ਵਿੱਚ ਨਾ ਆਉਣ ਦਾ ਸੱਦਾ ਦਿੱਤਾ। ਇੱਥੇ ਰਿਚਮੰਡ ਪੈਲੇਸ ਵਿੱਚ ਸਨਅਤਕਾਰਾਂ, ਟਰਾਸਪੋਰਟਰਾ ਤੇ ਵਪਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪਾਰਟੀ ਦਾ

ਬਾਕੀ ਸਫ਼ਾ 41 'ਤੇ

# ਅਮਰੀਕੀ ਚੋਣਾਂ : ਜੰਮ ਕੇ ਪੈਸਾ ਖ਼ਰਚ ਕਰ ਰਹੇ ਹਨ ਟਰੰਪ ਤੇ ਹਿਲੇਰੀ

**ਲਾਸ ਵੇਗਾਸ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਪਿਛਲੇ ਮਹੀਨੇ ਆਪਣੀ ਪ੍ਰਚਾਰ ਮੁਹਿੰਮ ਵਿਚ ਅਗਸਤ ਦੇ ਮੁਕਾਬਲੇ ਦੁੱਗਣੇ ਨਾਲੋਂ ਵੀ ਜ਼ਿਆਦਾ ਖ਼ਰਚ ਕੀਤਾ। ਉਨ੍ਹਾਂ ਨੇ 7 ਕਰੋੜ ਡਾਲਰ ਖ਼ਰਚ ਕੀਤੇ।

**ਤੀਜੀ ਤੇ ਆਖ਼ਰੀ ਬਹਿਸ ਵਿਚ ਵੀ ਹਿਲੇਰੀ ਨੇ ਟਰੰਪ ਨੂੰ ਪਛਾੜਿਆ**

ਡੈਮੋਕਰੈਟਿਕ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੇ ਤਾਂ ਉਨ੍ਹਾਂ ਨਾਲੋਂ ਵੀ ਜ਼ਿਆਦਾ ਲਗਭਗ 8.3 ਕਰੋੜ ਡਾਲਰ ਖ਼ਰਚ ਕੀਤੇ ਹਨ। ਸੰਘੀ ਚੋਣ ਕਮਿਸ਼ਨ ਨੂੰ ਸੌਂਪੀ ਗਈ ਨਵੀਂ ਵਿੱਤੀ ਰਿਪੋਰਟ ਵਿਚ ਦੋਹਾਂ ਉਮੀਦਵਾਰਾਂ ਦੇ ਵ੍ਹਾਈਟ ਹਾਊਸ ਦੇ ਦਾਅਵਿਆਂ ਦੇ ਅਲੱਗ ਅਲੱਗ ਰੁਖ਼ ਨੂੰ ਦੱਸਿਆ ਗਿਆ ਹੈ। ਟਰੰਪ ਨੇ ਇਸ਼ਤਿਹਾਰ 'ਤੇ ਹੁਣ ਤਕ ਦਾ ਸਭ ਤੋਂ ਜ਼ਿਆਦਾ ਖ਼ਰਚ ਕੀਤਾ। ਕਰੀਬ 350 ਜਦਕਿ ਹਿਲੇਰੀ ਨੇ 800 ਕਰਮਚਾਰੀਆਂ ਅਤੇ ਸਹਾਇਕਾਂ ਨੂੰ ਭੁਗਤਾਨ ਕੀਤਾ। ਹਿਲੇਰੀ ਨੇ ਇਸ ਮਹੀਨੇ ਕਰੀਬ ਕਰੀਬ 55 ਲੱਖ ਡਾਲਰ ਖ਼ਰਚ ਕੀਤੇ। ਨਿਊਯਾਰਕ ਦੇ ਰਿਅਲ ਅਸਟੇਟ ਕਾਰੋਬਾਰੀ ਟਰੰਪ ਨੇ

ਬਾਕੀ ਸਫ਼ਾ 41 'ਤੇ



ਲਾਸ ਵੇਗਸ ਵਿੱਚ ਤੀਜੀ ਬਹਿਸ ਦੀ ਸਮਾਪਤੀ ਤੋਂ ਬਾਅਦ ਮੁਸਕਰਾਹਟਾਂ ਬਖੇਰ ਰਹੀ ਹਿਲੇਰੀ ਕਲਿੰਟਨ ਅਤੇ ਪਿਛਾਂਹ ਨਿੰਮੋਝੂਣ ਖੜ੍ਹੇ ਡੋਨਲਡ ਟਰੰਪ।



















# ਸਿੱਖ ਪੰਚਾਇਤ ਨੇ ਅਮਰੀਕਨ ਸਿਆਸਤ ਵਿਚ ਕੀਤੀ ਸ਼ਮੂਲੀਅਤ

**ਫਰੀਮਾਂਟ/ ਬਿਊਰੋ ਨਿਊਜ਼**

ਫਰੀਮਾਂਟ ਏਰੀਆ ਵਿਚ ਪਿਛਲੇ 5 ਸਾਲਾ ਤੋਂ ਪੰਥਕ ਕਾਰਜਾਂ ਲਈ ਸਾਰੀਆਂ ਮੁੱਖ ਧਿਰਾਂ ਵੱਲੋਂ ਬਣਾਈ ਸਿੱਖ ਪੰਚਾਇਤ ਨੇ ਇਸ ਸਾਲ ਅਮਰੀਕਾ ਦੀ ਸਿਆਸਤ ਵਿਚ ਵੀ ਆਪਣਾ ਪੈਰ ਧਰਿਆ ਹੈ। ਪਿਛਲੇ ਐਤਵਾਰ ਪੰਚਾਇਤ ਵੱਲੋਂ ਆਪਣੇ ਪਹਿਲੇ ਪ੍ਰੋਗਰਾਮ ਦੌਰਾਨ ਉਨ੍ਹਾਂ ਨੇ ਆਪਣੇ ਭਵਿੱਖ ਦੇ ਟੀਚੇ ਅਤੇ ਮੁੱਦੇ ਲਿਆਂਦੇ ਅਤੇ ਸੰਗਤ ਨੂੰ ਵਿਸ਼ਵਾਸ ਦੁਆਇਆ ਕਿ ਸਿੱਖ ਪੰਚਾਇਤ ਅਮਰੀਕਨ ਸਿਆਸਤ ਵਿਚ ਉਨ੍ਹਾਂ ਨੁਮਾਇਦਿਆਂ ਨੂੰ ਹੀ ਭੇਜਿਆ ਕਰੇਗੀ ਜਿਹੜੇ ਆਪਣੇ ਨਿੱਜ ਤੋਂ ਉਪਰ ਉੱਠਕੇ ਕੌਮ ਲਈ ਸੇਵਾ ਕਰਨ ਲਈ ਵਚਨਬੱਧ ਹੋਣਗੇ। ਐਤਵਾਰ ਕੀਤੇ ਗਏ ਪ੍ਰੋਗਰਾਮ ਵਿਚ ਫਰੀਮਾਂਟ ਦੇ ਮੇਅਰ ਬਿੱਲ ਹੈਰੀਸਨ ਅਤੇ ਇਸ ਏਰੀਏ ਦੇ ਕਾਂਗਰਸਮੈਨ ਮਾਈਕ ਹਾਂਡਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਤੋਂ ਬਿਨਾ ਉਮੀਦਵਾਰ ਵੀ ਇਸ ਸਮਾਗਮ ਵਿਚ ਸ਼ਾਮਿਲ ਹੋਏ। ਸਿੱਖ ਪੰਚਾਇਤ ਵੱਲੋਂ ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਸਿੱਖ ਮੁੱਦਿਆਂ ਬਾਰੇ ਜਾਣਕਾਰੀ ਦਿੱਤੀ। ਸਟੇਜ ਦੀ ਸੇਵਾ ਭਾਈ ਜਸਦੇਵ ਸਿੰਘ, ਸੁਪਰੀਮ ਕੌਂਸਲ ਮੈਂਬਰ, ਫਰੀਮਾਂਟ ਨੇ ਕੀਤੀ। ਪੰਚਾਇਤ ਦੇ ਸੀਨੀਅਰ ਲੀਡਰ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਭਾਈ ਰਾਮ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਿੱਖ ਪੰਚਾਇਤ ਨੇ ਯੂਨੀਅਨ ਸਿਟੀ ਦੀ ਚੋਣ ਵਿਚ ਗੈਰੀ ਸਿੰਘ, ਸਕੂਲ ਡਿਸਟ੍ਰਿਕਟ ਲਈ ਸ਼ਰਨ ਕੌਰ ਅਤੇ ਸੈਂਟਾ ਕਲਾਰਾ ਕਾਊਂਸਲ ਲਈ ਪਾਲ ਚਾਹਲ ਦੀ ਮਦਦ ਕਰਨ ਦੀ ਅਪੀਲ ਕੀਤੀ।

## Candidates


ਬਿਲ ਹੈਰੀਸਨ ਫਰੀਮੌਂਟ


ਕੌਂਸਲਮੈਨ ਫਰੀਮੌਂਟ ਰਾਜ ਸਲਵਾਨ


ਮਾਈਕ ਹਾਂਡਾ ਕਾਂਗਰਸਮੈਨ


ਗੈਰੀ ਸਿੰਘ
ਕੌਂਸਲਮੈਨ ਯੂਨੀਅਨ ਸਿਟੀ


ਸ਼ਰਨ ਕੌਰ
ਨਿਊ ਹੈਵਨ ਸਕੂਲ


ਰਾਜ ਚਾਹਲ
ਕੌਂਸਲਮੈਨ ਸਾਂਟਾ ਕਲਾਰਾ


ਜੌਹਨ ਵੀਡ
ਏ.ਸੀ.ਡਬਲਯੂ.ਡੀ.


ਅਜ਼ੀਜ਼ ਅਕਬਰੀ
ਏ.ਸੀ.ਡਬਲਯੂ.ਡੀ.

## Community Leaders


ਭਾਈ ਜਸਦੇਵ ਸਿੰਘ
ਸੁਪਰੀਮ ਕੌਂਸਲ ਗੁਰਦੁਆਰਾ ਫਰੀਮੌਂਟ


ਭਾਈ ਕਸ਼ਮੀਰ ਸਿੰਘ
ਸਿੱਖ ਪੰਚਾਇਤ


ਭਾਈ ਰਾਮ ਸਿੰਘ
ਸਿੱਖ ਪੰਚਾਇਤ


ਭਾਈ ਗੁਰਮੀਤ ਸਿੰਘ ਖ਼ਾਲਸਾ
ਸਿੱਖ ਪੰਚਾਇਤ


ਭਾਈ ਹਰਪ੍ਰੀਤ ਸਿੰਘ ਸਾਂਧੀ
ਫਰੈਂਡਸ ਆਫ਼ ਸਿੱਖ ਕਾਕਸ


ਲਵੀ ਸਰਾ
ਅਕੈਡਮਿਕ ਫੀਲਡ


ਮੋਹਿੰਦਰ ਮਾਨ
ਅਟਾਰਨੀ ਐਂਡ ਕਮਿਊਨਿਟੀ ਐਕਟੀਵਿਸਟ


ਭਾਈ ਐਚ.ਪੀ. ਸਿੰਘ
ਸੁਪਰੀਮ ਕੌਂਸਲ
ਗੁਰਦੁਆਰਾ ਫਰੀਮੌਂਟ


ਭਾਈ ਬਲਬੀਰ ਸਿੰਘ
ਸਿੱਖ ਪੰਚਾਇਤ


ਜਸਵੀਰ ਗਿੱਲ
ਸੀ.ਈ.ਓ. ਅਲਰਟ ਐਂਟਰਪ੍ਰਾਈਜ਼


ਮੱਖਣ ਬੈਂਸ
ਪੈਰਾਡਾਈਜ਼ ਬਾਲਰੂਮ ਦੇ ਮਾਲਕ

## ਪ੍ਰੋਗਰਾਮ ਦੀਆਂ ਝਲਕੀਆਂ

























Travel for Less Inc.
SPECIALIZED IN DISCOUNT FARES WORLDWIDE
ASIANA AIRLINES
A STAR ALLIANCE MEMBER
ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ
ASIANA AIRLINES NOW FLIES NEW DELHI
5 TIMES A WEEK STARTING 1ST JULY 2016
BUY TRAVEL TICKETS ON WHOLESALE PRICES
CST NO : 2031914-40
O/B SFO - DEL MON/TUE/WED/FRI/SAT
I/B DEL - SFO MON/WED/THU/FRI/SUN
Serving the Bay Area Since 1996
39156-State Street, Fremont CA-94538
Email: info@travelforlessinc.com
www.letsflyhome.com
(510) 791-3300
(408) 791-2600


Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat
MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

# Sharan Kaur

## For School Board

Let's Make A Difference!

ਸਿੱਖ ਭਾਈਚਾਰੇ ਵਲੋਂ ਡਟਵੀਂ ਹਮਾਇਤ ਅਤੇ
ਸਾਂਝੇ ਤੌਰ ਉੱਤੇ ਹੰਭਲਾ ਮਾਰਨ ਦਾ ਸੱਦਾ

# ਸ਼ਰਨ ਕੌਰ

## ਨਿਊ ਹੇਵਨ ਸਕੂਲ ਬੋਰਡ ਚੋਣ ਲਈ ਉਮੀਦਵਾਰ

*ਆਓ ਰਲ ਮਿਲ ਕੇ ਕੁਝ ਵਧੀਆ ਅਤੇ ਨਵਾਂ ਕਰ ਵਿਖਾਈਏ*



ਸ਼ਰਨ ਕੌਰ ਨਿਊ ਹੇਵਨ ਸਕੂਲ ਬੋਰਡ ਲਈ ਇੱਕੋ ਇੱਕ ਅਜਿਹੀ ਬੇਹਤਰੀਨ ਮਹਿਲਾ ਉਮੀਦਵਾਰ ਹੈ ਜਿਹੜੀ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਭਲੀਭਾਂਤ ਸਮਝ ਕੇ ਢੁਕਵੇਂ ਹੱਲ ਦੇ ਯੋਗ ਹੈ। ਬਹੁਤ ਹੀ ਸੂਝਵਾਨ, ਬੇਹੱਦ ਹਿੰਮਤੀ, ਮਿਲਾਪੜੀ ਅਤੇ ਦ੍ਰਿੜ ਇਰਾਦੇ ਵਾਲੀ

### ਸ਼ਰਨ ਕੌਰ ਦਾ ਨਿਸ਼ਾਨਾ

ਸਕੂਲ ਪ੍ਰਬੰਧਾਂ ਨੂੰ ਹੋਰ ਬੇਹਤਰ ਤੇ ਕਿੱਤਾਮੁਖੀ ਬਣਾਉਣਾ

"ਤੁਹਾਡੇ ਸਹਿਯੋਗ ਸਦਕਾ ਮੈਂ ਇਹ ਯਕੀਨੀ ਬਣਾ ਸਕਾਂਗੀ ਕਿ ਸਾਡੇ ਸਕੂਲਾਂ ਦਾ ਮਿਆਰ ਹੋਰ ਉੱਚਾ ਚੁੱਕਿਆ ਜਾਵੇ ਤਾਂ ਜੋ ਵਿਦਿਆਰਥੀ ਹੋਰ ਮੱਲਾਂ ਮਾਰ ਸਕਣ"

*ਅਸੀਂ ਰਲ ਮਿਲ ਕੇ ਹੀ ਸੁੰਦਰ ਭਵਿੱਖ ਦੀ ਸਿਰਜਣਾ ਕਰ ਸਕਦੇ ਹਾਂ*

### ਮੇਰੀਆਂ ਤਰਜੀਹਾਂ

- ਸਾਇੰਸ, ਟਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (S.T.E.M.) ਦੀ ਪੜ੍ਹਾਈ ਉੱਤੇ ਅਮਲ ਲਈ ਜ਼ੋਰ
- ਮਦਦਗਾਰ ਅਤੇ ਸੁਰਖਿਅਤ ਮਾਹੌਲ ਦੀ ਸਿਰਜਣਾ
- ਮਾਪਿਆਂ ਅਤੇ ਕਮਿਊਨਿਟੀ ਵਿਚਾਲੇ ਆਪਸੀ ਸਹਿਯੋਗ ਵਧਾਉਣਾ

### My Priorities

- Enhance Emphasis on S.T.E.M
- Promote Supportive and Safe Environment
- Increase Parent and Community Engagement

*2 generations who have attended New Haven School and beyond!*





-Hill view Crest Elementary
-Tom Kitayama Elementary
-**Caesar Chavez Middle* (Class of 1996)**
-Itliong-Vera Cruz Middle
-**James Logan High* (Class of 2000)**
-Chabot/Ohlone College

-San Jose State University
-Cal State East Bay University
-San Francisco State University
-University of San Francisco
-**UC Santa Cruz* (2005 – BS, Bioinformatics)**
-UC San Diego

** Schools Sharan Kaur attended*

## Let's Make A Difference!

*Dear Neighbor,*

*As a rasident of Union City for over 25 Years and a Product of New Haven Schools, I feel I am the best candidate who can understand the needs of students, teachers and parents alike. I am the only woman candidate for school board and have strong passion for education and even stronger desire to see that every student succeeds regardless of their family or economic background. I bring a decade long professional experience from Silicon Valley; passion and commitment for Community service; and experience from nonprofits focusing on health, education and animals. As a young and successful professional in Project Management, I have the desire to step up, get involved and give back to the same schools and community that made me who I am today.*

*With your support, I look forward to ensuring our schools continue to improve and students continue to thrive!*

*Sharan Kaur*

*Together we inspire, engage and create a brighter future!*

**Sharan Kaur**
for New Haven School Board

**ਸਿੱਖ ਭਾਈਚਾਰੇ ਦੇ ਸਾਰੇ ਮੈਂਬਰ ਯਾਦ ਰੱਖਿਓ 8 ਨਵੰਬਰ ਵਾਲੇ ਦਿਨ ਸ਼ਰਨ ਕੌਰ ਨੂੰ ਵੋਟ ਪਾਉਣਾ ਨਾ ਭੁੱਲਿਓ**

**On November 8, Remember to Vote for Sharan Kaur**

www.sharankaur2016.com

# ਜ਼ਿਮ ਨਵੇਰੋ ਦੀ ਚੋਣ ਮੁਹਿੰਮ ਵਾਸਤੇ ਫੰਡ ਰੇਜ਼ਿੰਗ

## ਸ਼ਰਨ ਕੌਰ ਅਤੇ ਗੈਰੀ ਸਿੰਘ ਨੂੰ ਵੋਟਾਂ ਪਾਉਣ ਅਤੇ ਮਾਲੀ ਮਦਦ ਕਰਨ ਦਾ ਸੱਦਾ


ਗੈਰੀ ਸਿੰਘ


ਜਿਮ ਨਵੇਰੋ


ਸ਼ਰਨ ਕੌਰ

ਸਰਬਜੀਤ ਸਿੰਘ ਗਿੱਲ ਅਤੇ ਸਮਾਈਲ ਧੀਰ ਦੇ ਉੱਦਮ ਸਦਕਾ ਯੂਨੀਅਨ ਸਿਟੀ ਦੇ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਜਿਮ ਨਵੇਰੋ ਦੀ ਚੋਣ ਮੁਹਿੰਮ ਵਾਸਤੇ ਇੱਕ ਪ੍ਰਭਾਵਸ਼ਾਲੀ ਫੰਡ ਰੇਜਿੰਗ ਕੀਤਾ ਗਿਆ।
ਇਸ ਫੰਡ ਰੇਜਿੰਗ ਲਈ ਜਸਜੀਤ ਸਿੰਘ, ਭਾਈ ਰਾਮ ਸਿੰਘ, ਅਜਮੇਰ ਸਿੰਘ ਨਿੱਝਰ, ਕਸ਼ਮੀਰ ਸਿੰਘ ਸ਼ਾਹੀ, ਜਸਵਿੰਦਰ ਸਿੰਘ ਜੰਡੀ ਅਤੇ ਮੱਖਣ ਸਿੰਘ ਬੈਂਸ ਨੇ ਵੀ ਸਹਿਯੋਗ ਦਿੱਤਾ

ਸਿੱਖ ਭਾਈਚਾਰੇ ਦੇ ਸਾਰੇ ਆਗੂਆਂ ਨੇ ਸਾਰੇ ਸਿੱਖਾਂ ਨੂੰ ਯੂਨੀਅਨ ਸਿਟੀ ਦੇ ਮੇਅਰ ਦੀ ਚੋਣ ਲਈ ਜਿਮ ਨਵੇਰੋ ਦੀ ਹਮਾਇਤ ਕਰਕੇ ਉਨ੍ਹਾਂ ਦੀ ਜਿੱਤ ਯਕੀਨੀ ਬਣਾਉਣ ਦੇ ਨਾਲ ਹੀ ਸਕੂਲ ਬੋਰਡ ਲਈ ਉਮੀਦਵਾਰ ਸ਼ਰਨ ਕੌਰ ਅਤੇ ਸਿਟੀ ਕੌਂਸਲ ਲਈ ਉਮੀਦਵਾਰ ਗੈਰੀ ਸਿੰਘ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਵੋਟਾਂ ਪਾਉਣ ਅਤੇ ਮਾਲੀ ਮਦਦ ਕਰਨ ਦਾ ਸੱਦਾ ਦਿੱਤਾ।

There is fundraising event held by Sarbjit S Gill and Smile Dhir with Union City Sikh Community to support Jim Navero in his election Campagin
Event was also supported by Jasjeet Singh, Bhai Ram Singh, Ajmer Singh Nijjar, Kashmir Singh Sahi, Jaswinder Singh Jandi and Makhan Singh Bains of Raja Sweets.

**All Sikh Community leaders told to support jim navero and elect jim Navero as Mayor of Union City, sharan kaur for school board and gary singh for city counsel by giving votes and financial support.**






**ਸਿੱਖ ਭਾਈਚਾਰੇ ਦੇ ਸਾਰੇ ਮੈਂਬਰ ਯਾਦ ਰੱਖਿਓ 8 ਨਵੰਬਰ ਵਾਲੇ ਦਿਨ ਵੋਟ ਪਾਉਣਾ ਨਾ ਭੁੱਲਿਓ**

**ਵਲੋਂ : ਸਰਬਜੀਤ ਸਿੰਘ ਗਿੱਲ ਅਤੇ ਸਮਾਈਲ ਧੀਰ**

# CHAAT BHAVAN®

CHAAT BHAVAN RESTAURANT

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

Elect

# RAJ Chahal

Santa Clara Council Seat #4

***Independent, Analytical, Experienced***

## The Mercury News

**Editorial: Raj Chahal for Council Seat # 4**

"Chahal is an excellent choice. On the Planning Commission, he engages neighborhoods and makes intelligent critiques of proposals. He has both the temperament and analytical ability for the job."



"Being a voice and fighter for the residents of Santa Clara has been one of my most fulfilling and enjoyable experiences. To preserve neighborhoods, I stood with residents on voting NO on various inappropriate high density housing developments including: Moonlight Bowling Alley development, 1890 El Camino condo development, Newhall-Saratoga Townhomes development, Irvine Company development at El Camino-Benton."

*" I will truly bring resident power back on council. No special interests but resident interests" - Raj Chahal*

- **No to inappropriate high density housing** to preserve neighborhoods and mitigate traffic.
- **Community Engagement – Residents First** – INFORM, CONSULT and INVOLVE residents in decision making.
- **Smart, Balanced, Controlled Growth** – Time to pause and move forward with a controlled approach.
- **Analytical Fiscal Decision Making** –Raj's analyses would have saved us 110 acres on Related project and this open space should have been used for Senior Center, Youth Activity Center and Police Station for Northside residents.
- **Seniors and Youth** – increased funding for our seniors and youth.
- **Setup policy** on Affordable housing and TDM penalties for developers.

### Experience and Leadership:

- **My Education:** MBA (Finance and Marketing), MS Physics
- **Planning Commissioner:** City of Santa Clara
- **President:** Santa Clara Sister Cities Association
- **Board Member:** MCCF & Library Foundation
- **Scoutmaster** and Founding member Boy Scouts of America - Sikh Troop
- **Graduate:** Santa Clara Leadership, Citizen Police Academy

### Organizational Endorsements:

- The Mercury News • Sierra Club
- Santa Clara County Democratic Party
- Santa Clara Democrat Club

**www.rajforsantaclara.com**

Paid for by Raj Chahal for Council 2016 - Fppc 1389105

# Sikh Panchayat

BRINGING THE COMMUNITY TOGETHER

## Voter Guide for Union City and Fremont, California

**President**
Hillary Clinton

**United State Senator**
Kamala D Harris

**United States Representative (15th Dist)**
Eric Swalwell

**United States Representative (17th Dist)**
Mike Honda

**Fremont Mayor**
Bill Harrison

**Fremont City Council**
Raj Salwan

**Union City Council**
Gary Singh

**Member of State Assembly**
Bill Quirk

**New Haven School Dist.**
Sharan Kaur

**Superior Court Judge**
Scott Jackson

**Water Dist.**
John Weed and Aziz Akbari

## Measures:

| | | |
|---|---|---|
| 51 | Yes | School Bond |
| 52 | Yes | Med-Cal hospital fee |
| 53 | No | Revenue Bond |
| 54 | No | Legislature |
| 55 | Yes | Tax extension edu / Healthcare |
| 56 | Yes | Cigarette Tax to fund Healthcare |
| 57 | Yes | Criminal extension parole |
| 58 | Yes | English proficiency imitative |
| 59 | Yes | Corporation political spending |
| 62 | Yes | Death penalty |
| 63 | Yes | Firearm ammunition sale |
| 66 | No | Death penalty procedures |
| 67 | Yes | Ban on single use plastic bags |
| A1 | Yes | Alameda county affordable housing |
| QQ | Yes | Union city parcel tax extension |

# ਗੁਰਦੁਆਰਾ ਸਟਾਕਟਨ ਵਿਖੇ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ





**ਸਟਾਕਟਨ/ਬਿਊਰੋ ਨਿਊਜ਼ :** ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ ਜਿਸ ਵਿਚ ਬੱਚਿਆਂ ਨੇ ਬੜੀ ਸ਼ਰਧਾ ਭਾਵਨਾ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਬਾਪੂ ਜੋਗਿੰਦਰ ਸਿੰਘ ਦੀ ਮਿਹਨਤ ਅਤੇ ਲਗਨ ਸਦਕਾ ਪ੍ਰੋਗਰਾਮ ਸਫਲ ਹੋ ਨਿਬੜਿਆ ਹੈ। ਬੱਚਿਆਂ ਨੇ ਗੁਰਬਾਣੀ ਸਰਵਣ ਕਰਵਾ ਕੇ ਸਭ ਬੱਚਿਆਂ ਲਈ ਮਿਸਾਲ ਕਾਇਮ ਕੀਤੀ। ਇਸ ਮੌਕੇ ਬੀਬੀ ਸਰਬਜੀਤ ਕੌਰ ਨੇ ਵੀ ਸੇਵਾਵਾਂ ਨਿਭਾਈਆਂ। ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਧਾਰਮਿਕ ਸਿੱਖਿਆ ਅਤੇ ਆਪਣੇ ਗੌਰਵਮਈ ਵਿਰਸੇ ਨਾਲ ਜੋੜਦੇ ਹਨ। ਬੱਚਿਆਂ ਦੀ ਸੋਚ ਇਸ ਪਾਸੇ ਲਾਉਣ ਲਈ ਅਰਦਾਸ ਕੀਤੀ ਗਈ।

# ਬਲਮੀਤ ਸਿੰਘ 'ਤੇ ਹਮਲਾ ਕਰਨ ਵਾਲੇ ਖ਼ਿਲਾਫ ਨ.ਫਰਤੀ ਅਪਰਾਧ ਦੇ ਦੋਸ਼ ਆਇਦ

**ਲਾਸ ਏਂਜਲਸ/ਬਿਊਰੋ ਨਿਊਜ਼ :** ਅਮਰੀਕਾ ਵਿੱਚ ਗਲਤੀ ਨਾਲ ਮੁਸਲਮਾਨ ਸਮਝ ਕੇ ਇਕ ਸਿੱਖ ਉਤੇ ਨਸਲੀ ਟਿੱਪਣੀਆਂ ਕਰਨ ਅਤੇ ਉਸ 'ਤੇ ਸ਼ਰਾਬ ਸੁੱਟਣ ਲਈ 40 ਸਾਲਾ ਇਕ ਵਿਅਕਤੀ ਖ਼ਿਲਾਫ਼ ਨਫ਼ਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਗਏ ਹਨ। ਕੇਰਨ ਕਾਊਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨੇ ਬੇਕਰਜ਼ਫੀਲਡ ਤੋਂ ਡੇਵਿਡ ਸਕਾਟ ਹੁੱਕ ਖ਼ਿਲਾਫ਼ ਪਿਛਲੇ ਮਹੀਨੇ ਕੈਲੀਫੋਰਨੀਆ ਐਵੇਨਿਊ ਰੇਸਤਰਾਂ ਬਾਹਰ ਬਲਮੀਤ ਸਿੰਘ ਨਾਲ ਮੰਦਾ ਵਿਹਾਰ ਕਰਨ, ਉਸ ਨੂੰ ਨੀਵਾਂ ਦਿਖਾਉਣ, ਧਮਕੀ ਦੇਣ ਅਤੇ ਉਸ 'ਤੇ ਸ਼ਰਾਬ ਸੁੱਟਣ ਸਬੰਧੀ ਦੋਸ਼ ਆਇਦ ਕੀਤੇ ਗਏ ਹਨ। ਬਲਮੀਤ ਸਿੰਘ ਨੇ ਕਿਹਾ ਕਿ ਉਹ ਤੇ ਉਸ ਦਾ ਦੋਸਤ ਕੈਲੀਫੋਰਨੀਆ ਦੇ ਬੇਕਰਜ਼ਫੀਲਡ ਦੇ ਹੈਬਿਟ ਬਰਗਰ ਵਿੱਚ ਰਾਤ ਦੇ ਖਾਣੇ ਲਈ ਗਏ ਸਨ। ਉਹ ਕਿਸੇ ਨੂੰ ਫੋਨ ਕਰਨ ਲਈ ਰੇਸਤਰਾਂ ਤੋਂ ਬਾਹਰ ਆਇਆ ਸੀ। ਜਦੋਂ ਉਹ ਗੱਲ ਕਰ ਰਿਹਾ ਸੀ ਤਾਂ ਇਕ ਵਿਅਕਤੀ ਬਲੇਜ਼ ਪਿੱਜ਼ਾ ਵਿਚੋਂ ਬਾਹਰ ਨਿੱਕਲ ਕੇ ਸਿੱਧਾ ਉਸ ਵੱਲ ਆਇਆ। ਬਲਮੀਤ ਨੇ ਦੱਸਿਆ, 'ਉਹ ਕਹਿੰਦਾ, ਤੂੰ ਇਸ ਦੇਸ਼ ਨੂੰ ਉਡਾਉਣ ਦਾ ਯਤਨ ਕਰ ਰਿਹਾ ਹੈ। ਤੈਨੂੰ ਮਾਰ ਦੇਣਾ ਚਾਹੀਦਾ ਹੈ। ਮੈਂ ਹੁਣੇ ਤੈਨੂੰ ਖ਼ਤਮ ਕਰਨ ਜਾ ਰਿਹਾ ਹਾਂ। ਉਸ ਨੇ ਬੇਹੱਦ ਭੱਦੀ ਸ਼ਬਦਾਵਲੀ ਵਰਤੀ ਅਤੇ ਉਹ ਕਾਫ਼ੀ ਗੁੱਸੇ ਵਿੱਚ ਲੱਗ ਰਿਹਾ ਸੀ।' ਕੇਰਨ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਲੀਜ਼ਾ ਗਰੀਨ ਦੇ ਹਵਾਲੇ ਨਾਲ 'ਦਿ ਬੇਕਰਜ਼ਫੀਲਡ ਕੈਲੀਫੋਰਨੀਅਨ' ਨੇ ਕਿਹਾ ਕਿ ਨਾਗਰਿਕ ਅਧਿਕਾਰਾਂ ਬਾਰੇ ਦੋਸ਼ ਨਫ਼ਰਤੀ ਅਪਰਾਧ ਦੀ ਕਾਨੂੰਨੀ ਸ਼੍ਰੇਣੀ ਤਹਿਤ ਆਉਂਦਾ ਹੈ। ਪੁੱਛਗਿੱਛ ਦੌਰਾਨ ਦੋਸ਼ੀ ਨੇ ਪੁਲਿਸ ਕੋਲ ਮੰਨਿਆ ਕਿ ਉਸ ਨੇ ਸਿੰਘ ਨੂੰ ਮੁਸਲਮਾਨ ਸਮਝਿਆ ਸੀ।

# ਕੈਨੇਡਾ ਵਿਚ ਸਿੱਖ ਪਰਿਵਾਰ ਦਾ ਮੋਟਲ ਸੜ ਕੇ ਸੁਆਹ; ਇਕ ਮੌਤ, ਤਿੰਨ ਝੁਲਸੇ

**ਟੋਰਾਂਟੋ/ਬਿਊਰੋ ਨਿਊਜ਼ :** ਕੈਨੇਡਾ ਵਿੱਚ ਇਕ ਸਿੱਖ ਪਰਿਵਾਰ ਦਾ ਮੋਟਲ ਸੜ ਕੇ ਸੁਆਹ ਹੋ ਗਿਆ। ਇਸ ਮੰਦਭਾਗੀ ਘਟਨਾ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਜਦੋਂ ਕਿ ਤਿੰਨ ਜਣੇ ਝੁਲਸ ਗਏ ਹਨ। ਪੁਲੀਸ ਨੂੰ ਇਸ ਮੋਟਲ ਉਤੇ ਕੁੱਝ ਨਸਲੀ ਟਿੱਪਣੀਆਂ ਲਿਖੀਆਂ ਹੋਣ ਬਾਰੇ ਪਤਾ ਲੱਗਾ ਹੈ, ਜਿਸ ਕਾਰਨ ਇਹ ਪੂਰੀ ਘਟਨਾ ਪਿੱਛੇ ਸਾਜ਼ਿਸ਼ ਹੋਣ ਦਾ ਸ਼ੱਕ ਪੈਦਾ ਹੋ ਗਿਆ ਹੈ। ਅਲਬਰਟਾ ਸੂਬੇ ਵਿੱਚ ਟਿਵਾਣਾ ਪਰਿਵਾਰ ਦੇ 'ਬਾਸ਼ਾ ਮੋਟਰ ਇਨ' ਵਿੱਚ ਇਕ ਧਮਾਕੇ ਦੀ ਆਵਾਜ਼ ਗੁਆਂਢੀਆਂ ਨੂੰ ਸੁਣਾਈ ਦਿੱਤੀ ਅਤੇ ਉਨ੍ਹਾਂ ਉਸ ਵਿਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਦੇਖੀਆਂ। ਗੁਰਪ੍ਰੀਤ ਟਿਵਾਣਾ ਤੇ ਬਰਿੰਦਰ ਟਿਵਾਣਾ ਦੇ ਨਾਂ ਰਜਿਸਟਰਡ ਇਸ ਮੋਟਲ ਨੇੜੇ ਰਹਿਣ ਵਾਲੇ ਲੋਕ ਇਸ ਪਰਿਵਾਰ ਦੀ ਮਦਦ ਲਈ ਅੱਗੇ ਆਏ। ਉਨ੍ਹਾਂ ਨੇ ਦੋ ਦਿਨਾਂ ਵਿੱਚ ਇਸ ਪਰਿਵਾਰ ਦੀ ਮਦਦ ਲਈ ਅੱਠ ਹਜ਼ਾਰ ਡਾਲਰ ਤੋਂ ਵੱਧ ਧਨ ਇਕੱਤਰ ਕੀਤਾ ਹੈ। ਇਕ ਗੁਆਂਢੀ ਫੈਜ਼ਲ ਮਦੀ ਨੇ ਸੀਬੀਸੀ ਨਿਊਜ਼ ਨੂੰ ਦੱਸਿਆ ਕਿ ਉਹ ਪਿਛਲੇ ਐਤਵਾਰ ਦੀ ਰਾਤ ਨੂੰ ਬਾਸ਼ਾ ਮੋਟਲ ਵਿੱਚ ਹੋਏ ਜ਼ੋਰਦਾਰ ਧਮਾਕੇ ਅਤੇ ਉਸ ਬਾਅਦ ਰੋਣ-ਕਰਲਾਉਣ ਦੀਆਂ ਆਵਾਜ਼ਾਂ ਨੂੰ ਕਦੇ ਵੀ ਨਹੀਂ ਭੁੱਲ ਸਕੇਗਾ। ਉਸ ਨੇ ਟਿਵਾਣਾ ਪਰਿਵਾਰ ਦੀ ਇਕ ਔਰਤ ਤੇ ਦੋ ਬੱਚਿਆਂ ਦੀ ਜਾਨ ਬਚਾਈ ਹੈ। ਮਦੀ ਅਨੁਸਾਰ ਤਿੰਨੇ ਬੁਰੀ ਤਰ੍ਹਾਂ ਝੁਲਸ ਗਏ ਹਨ। ਇਹ ਦੋਵੇਂ ਮੁੰਡੇ ਆਪਣੇ ਪਿਉ ਲਈ ਰੋ-ਕੁਰਲਾ ਰਹੇ ਸਨ, ਜੋ ਅੰਦਰ ਸੀ। ਉਂਜ ਉਨ੍ਹਾਂ ਦੇ ਪਿਤਾ ਬਾਰੇ ਪਤਾ ਨਹੀਂ ਲੱਗ ਸਕਿਆ ਹੈ, ਜਿਸ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਜੋ ਬੁਰੀ ਤਰ੍ਹਾਂ ਸੜੀ ਹੋਈ ਲਾਸ਼ ਮਿਲੀ ਹੈ, ਉਨ੍ਹਾਂ ਦੇ ਪਿਤਾ ਦੀ ਹੈ ਪਰ ਜਾਂਚ ਬਾਅਦ ਹੀ ਇਸ ਦੀ ਪੁਸ਼ਟੀ ਹੋਵੇਗੀ। ਪੁਲੀਸ ਅਨੁਸਾਰ ਮੋਟਲ ਉਤੇ ਨਸਲੀ ਟਿੱਪਣੀ ਲਿਖੀ ਹੋਈ ਹੈ ਪਰ ਜਾਂਚਕਾਰਾਂ ਨੂੰ ਫਿਲਹਾਲ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ, ਜਿਸ ਨਾਲ ਅੱਗ ਲੱਗਣ ਤੇ ਟਿੱਪਣੀ ਵਿਚਾਲੇ ਕੋਈ ਸਬੰਧ ਸਥਾਪਤ ਹੁੰਦਾ ਹੋਵੇ। ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਇਸ ਘਟਨਾ ਉਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ

Bankruptcy
Immigration • Divorce

ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear

Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC

Family Law • Divorce

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਸੱਤਵੇਂ ਨਗਰ ਕੀਰਤਨ ਦੌਰਾਨ ਬਿਖਰਿਆ ਖਾਲਸਾਈ ਰੰਗ









ਫੋਟੋਆਂ: 'ਮੋਗਾ ਵੀਡੀਓ' ਫਰਿਜ਼ਨੋ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮਨਾਉਂਦੇ ਹੋਏ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਦੌਰਾਨ ਗੁਰੂਘਰ ਵਿਖੇ ਰੈਣ-ਸੁਬਾਈ ਕੀਰਤਨ ਤੋਂ ਇਲਾਵਾ ਚੱਲ ਰਹੇ ਪਾਠਾਂ ਦੇ ਭੋਗ ਮਗਰੋਂ ਸਵੇਰ ਸਮੇਂ ਗੁਰਮਤਿ ਸਮਾਗਮ ਹੋਏ। ਇਸ ਵਿਚ ਇਲਾਕੇ ਭਰ ਤੋਂ ਗੁਰੂਘਰਾਂ ਦੇ ਕੀਰਤਨੀ ਜਥਿਆਂ ਨੇ ਹਾਜ਼ਰੀ ਭਰੀ। ਜਿਨ੍ਹਾਂ ਵਿੱਚ ਸਥਾਨਕ ਗੁਰੂਘਰ ਦੇ ਹਜ਼ੂਰੀ ਜਥੇ ਵਿੱਚ ਭਾਈ ਅਵਤਾਰ ਸਿੰਘ, ਭਾਈ ਰਣਜੀਤ ਸਿੰਘ ਅਤੇ ਸਾਥੀ, ਭਾਈ ਗੁਰਵਿੰਦਰ ਸਿੰਘ ਲੁਧਿਆਣੇ ਵਾਲੇ, ਭਾਈ ਹਰਜੀਤ ਸਿੰਘ ਅਤੇ ਸਾਥੀ, ਭਾਈ ਸੁਖਚੈਨ ਸਿੰਘ ਗੁਰਦੁਆਰਾ ਕਲਗੀਧਰ ਵਾਲੇ, ਭਾਈ ਸੁਖਦੇਵ ਸਿੰਘ ਦਾ ਜੱਥਾ, ਭਾਈ ਬਲਜੀਤ ਸਿੰਘ ਨਿਊਯਾਰਕ ਵਾਲਿਆਂ ਦੇ ਜਥੇ ਸਮੇਤ ਹੋਰ ਪ੍ਰਚਾਰਕਾਂ ਅਤੇ ਜਥਿਆਂ ਨੇ ਹਾਜ਼ਰੀ ਭਰੀ। ਇਸ ਮੌਕੇ ਗੁਰੂਘਰ ਦਾ ਮਾਹੌਲ ਵੀ ਪੰਜਾਬ ਦੇ ਇਤਿਹਾਸਕ ਮੇਲੇ ਵਰਗਾ ਪ੍ਰਤੀਤ ਹੋ ਰਿਹਾ ਸੀ। ਇਥੇ ਲੰਗਰਾਂ ਤੋਂ ਇਲਾਵਾ ਬਹੁਤ ਸਾਰੀਆਂ ਦੁਕਾਨਾਂ ਅਤੇ ਹੋਰ ਕੰਪਨੀਆਂ ਦੇ ਜਾਣਕਾਰੀ ਭਰਪੂਰ ਸਟਾਲ ਸੰਗਤਾਂ ਦੇ ਖਿੱਚ ਦਾ ਕੇਂਦਰ ਬਣੇ ਹੋਏ ਸਨ। ਇਸ ਮਗਰੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਸੱਤਵਾਂ ਨਗਰ ਕੀਰਤਨ ਜੈਕਾਰਿਆਂ ਦੀ ਗੂੰਜ ਨਾਲ ਸ਼ੁਰੂ ਹੋਇਆ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ੁਸੋਭਿਤ ਸਨ। ਅਮੈਰੀਕਨ ਅਤੇ ਕੈਲੀਫੋਰਨੀਆ ਦੇ ਝੰਡੇ ਤੋਂ ਇਲਾਵਾ ਸਿੱਖ ਮਰਿਯਾਦਾ ਅਨੁਸਾਰ ਪੰਜ ਪਿਆਰੇ ਅਤੇ ਨਿਸ਼ਾਨ ਸਾਹਿਬ ਚੁੱਕੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਦਾ ਭਾਰੀ ਇਕੱਠ ਪਾਲਕੀ ਸਾਹਿਬ ਦੇ ਪਿਛੇ ਸਿਮਰਨ ਅਤੇ ਸ਼ਬਦ ਗਾਇਨ ਕਰਦਾ ਪੈਦਲ ਚੱਲ ਰਿਹਾ ਸੀ। ਸਭ ਪਾਸੇ ਕੇਸਰੀ, ਨੀਲੀਆਂ, ਪੀਲੀਆਂ ਰੰਗ-ਬਿਰੰਗੀਆਂ ਪੌਸ਼ਾਕਾਂ, ਚੁੰਨੀਆਂ ਅਤੇ ਦਸ਼ਤਾਰਾਂ ਪੰਜਾਬ ਵਿਚਲੇ ਸ੍ਰੀ ਅਨੰਦਪੁਰ ਸਾਹਿਬ ਦੀ ਯਾਦ ਕਰਵਾ ਰਹੀਆਂ ਸਨ। ਇਸ ਨਗਰ ਕੀਰਤਨ ਦੀ ਸਭ ਤੋਂ ਵਿਲੱਖਣ ਅਤੇ ਵਧੀਆ ਗੱਲ ਇਹ ਸੀ ਕਿ ਇਸ ਦੌਰਾਨ ਕਿਸੇ ਵੀ ਰਾਜਨੀਤਕ ਪਾਰਟੀ ਵੱਲੋਂ ਕੋਈ ਵੀ ਆਪਣਾ ਬੂਥ ਜਾਂ ਫਲੋਟ ਨਹੀਂ ਲਾਇਆ ਗਿਆ ਸੀ। ਇਸ ਤਰ੍ਹਾਂ ਜਾਪ ਰਿਹਾ ਸੀ ਕਿ ਜਿਵੇਂ ਸਮੂਹ ਭਾਰਤੀ ਭਾਈਚਾਰਾ ਗੁਰੂ ਦੀ ਸਾਂਝੀਵਾਲਤਾ ਦਾ ਸੰਦੇਸ਼ ਮੰਨ ਕੇ ਚੱਲ ਰਹੇ ਹੋਣ। ਉਨ੍ਹਾਂ ਦੇ ਨਾਲ ਅਮਰੀਕਨ ਗੋਰੇ ਅਤੇ ਮੈਕਸੀਕਨ ਭਾਈਚਾਰੇ ਦੇ ਬਹੁਤ ਸਾਰੇ ਲੋਕ ਸ਼ਾਮਲ ਹੋ ਸਿੱਖ ਧਰਮ ਦੀ ਜਾਣਕਾਰੀ ਹਾਸਲ ਕਰ ਰਹੇ ਸਨ।

ਇਸ ਸਾਲ ਸੰਗਤਾਂ ਦੇ ਨਗਰ ਕੀਰਤਨ ਨਾਲ ਪੈਦਲ ਪਰਕਰਮਾ ਕਰਨ ਦੇ ਉਤਸ਼ਾਹ ਨੂੰ ਦੇਖਦੇ ਹੋਏ ਫਲੋਟਾਂ ਦੀ ਗਿਣਤੀ ਘੱਟ ਕਰ ਦਿੱਤੀ ਗਈ ਸੀ। ਪਰ ਪਾਲਕੀ ਸਾਹਿਬ ਨਾਲ ਚੱਲ ਰਹੇ ਫਲੋਟਾਂ ਉਪਰ ਲੱਗੀਆਂ ਤਸਵੀਰਾਂ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਕੈਲੀਫੋਰਨੀਆ ਗਤਕਾ ਦਲ ਦੇ ਸਿੰਘਾਂ ਦੇ ਜ਼ਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਗੁਰੂਘਰ ਅੰਦਰ, ਰਸਤੇ ਵਿੱਚ ਅਤੇ ਪਾਰਕ ਵਿੱਚ ਪੜਾਅ ਦੌਰਾਨ ਥਾਂ-ਥਾਂ 'ਤੇ ਵੱਖਰੇ ਵੱਖਰੇ ਲੰਗਰਾਂ ਦੇ ਪ੍ਰਬੰਧ ਸਨ। ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਫੌਲਰ ਸ਼ਹਿਰ ਦੇ ਪੈਨਜ਼ਕ ਪਾਰਕ ਵਿੱਚ ਪਹੁੰਚਣ 'ਤੇ ਭਾਈ ਲਖਵਿੰਦਰ ਸਿੰਘ ਦੇ ਢਾਡੀ ਜਥੇ ਨੇ ਵੀਰਤਾ ਭਰਪੂਰ ਵਾਰਾਂ ਰਾਹੀਂ ਹਾਜ਼ਰੀ ਭਰੀ ਅਤੇ ਲਾਸ ਏਂਜਲਸ ਤੋਂ ਭਾਈ ਹਰਭਜਨ ਸਿੰਘ ਜੀ ਵਲੋਂ ਵਰੋਸਾਏ ਗੋਰੇ ਸਿੱਖ ਦੇ ਜਥੇ ਵਿਚੋਂ ਭਾਈ ਕੀਰਤਨ ਸਿੰਘ ਖਾਲਸਾ ਦੇ ਜਥੇ ਨੇ ਸ਼ਬਦ ਗਾਇਨ ਰਾਹੀਂ ਹਾਜ਼ਰੀ ਭਰੀ। ਇਸ ਸਮੇਂ ਗੁਰੂਘਰ ਵੱਲੋਂ ਸਹਿਯੋਗ ਲਈ ਫੌਲਰ ਸਿਟੀ ਦੇ ਪ੍ਰਬੰਧਕਾਂ ਦਾ ਪਲੈਕਾਂ ਦੇ ਕੇ ਧੰਨਵਾਦ ਕੀਤਾ ਗਿਆ। ਇਸ ਸਮੇਂ ਡਾ. ਰਾਜਵੰਤ ਸਿੰਘ ਨੇ ਸਿੱਖ ਭਾਈਚਾਰੇ ਵੱਲੋਂ ਆਪਣੀ ਪਹਿਚਾਣ ਲਈ ਆਰੰਭੇ ਮਿਸ਼ਨ ਲਈ ਆਰਥਿਕ ਸਹਾਇਤਾ ਦੀ ਮੰਗ ਕੀਤੀ। ਇਸੇ ਦੌਰਾਨ ਗੁਰੂਘਰ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਨੇ ਸਮੂਹ ਸੰਗਤ ਅਤੇ ਮੀਡੀਏ ਦਾ ਧੰਨਵਾਦ ਕੀਤਾ। ਭਾਈ ਹਰਪ੍ਰੀਤ ਸਿੰਘ, ਫੌਲਰ ਸਿਟੀ ਮੇਅਰ ਡੇਵਿਡ ਕਾਰਟੀਨਾ ਅਤੇ ਬਾਕੀ ਕੌਂਸਲ ਮੈਂਬਰਾਂ ਨੇ ਸਿੱਖ ਭਾਈਚਾਰੇ ਦੀ ਪ੍ਰਸੰਸਾ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਸੇਵਾ ਰਾਜ ਸਿੰਘ ਬਦੇਸਾ ਨੇ ਨਿਭਾਈ। ਅਖੀਰ ਵਿੱਚ ਅਮਿੱਟ ਯਾਦਾਂ ਨਾਲ ਨਗਰ ਕੀਰਤਨ ਆਪਣੀ ਪਰਕਰਮਾ ਦਾ ਲੰਮੇਰਾ ਪੈਂਡਾ ਤਹਿ ਕਰਦਾ ਹੋਇਆ ਗੁਰੂਘਰ ਪਹੁੰਚਣ ਮਗਰੋਂ ਦਰਬਾਰ ਸਾਹਿਬ ਅੰਦਰ ਗੁਰਮਤਿ ਸਮਾਗਮ ਨਾਲ ਖਾਲਸਾਈ ਰੰਗ ਅਤੇ ਗੁਰੂ ਮਹਿਮਾ ਦੀਆਂ ਖੁਸ਼ੀਆਂ ਵੰਡਦਾ ਹੋਇਆ ਸਪੂੰਰਨ ਹੋਇਆ।

Hassle Free Buying and Selling!
Real EstateWe can Help to Buy and Sell Your Home.
CA DRE# 01929644
EXCEL REALTY AND MORTGAGE
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।
Kulwinder Kaur K.D.
Cell 916-212-0123
e-mail kdkaur9@yahoo.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'ਰੇਡੀਓ ਪੰਜਾਬ' ਬੁੱਧਵਾਰ ਸ਼ਾਮ 4:00 ਵਜੇ ਤੋਂ 5:30 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ





PMZ REAL ESTATE SINCE 1957
MLS
ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ 'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ
ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635
www.rsingh.pmz.com
3516 Deer Park Dr., Suit A
Stockton, CA 95219
ਰਾਜਿੰਦਰ ਸਿੰਘ





# ਕਬੱਡੀ ਫੈਡਰੇਸ਼ਨਾਂ ਵੱਲੋਂ ਪੰਜਾਬ 'ਚ ਹੋ ਰਹੇ ਕਬੱਡੀ ਕੱਪ ਦਾ ਬਾਈਕਾਟ

## *ਸ਼ਾਮਲ ਹੋਣ ਵਾਲੇ ਖਿਡਾਰੀਆਂ ਦਾ ਵੀ ਕੀਤਾ ਜਾਵੇਗਾ ਬਾਈਕਾਟ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਪਿਛਲੇ ਇਕ ਸਾਲ ਦੌਰਾਨ ਪੰਜਾਬ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਹੋਈਆਂ 80 ਤੋਂ ਵੱਧ ਘਟਨਾਵਾਂ ਦੇ ਦੋਸ਼ੀ ਮੁਜਰਮਾਂ ਨੂੰ ਨਾ ਫੜੇ ਜਾਣ ਤੋਂ ਖ਼ਫ਼ਾ ਯੂਰਪ, ਕੈਨੇਡਾ, ਅਮਰੀਕਾ ਤੇ ਇੰਗਲੈਂਡ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ਵ ਕਬੱਡੀ ਕੱਪ ਦੇ ਬਾਈਕਾਟ ਦਾ ਐਲਾਨ ਕੀਤਾ ਹੈ। ਨੈਸ਼ਨਲ ਕਬੱਡੀ ਫੈਡਰੇਸ਼ਨ ਆਫ਼ ਕੈਨੇਡਾ (ਬੀ.ਸੀ. ਤੇ ਅਲਬਰਟਾ) ਦੇ ਪ੍ਰਧਾਨ ਲਾਲੀ ਢੇਸੀ, ਕਬੱਡੀ ਫੈਡਰੇਸ਼ਨ ਆਫ਼ ਓਂਟਾਰੀਓ ਦੇ ਪ੍ਰਧਾਨ ਜੈਸ ਸੋਹਲ, ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ਼ ਯੂ.ਐਸ.ਏ. ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਯੂ.ਕੇ. ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਢੰਡਾ, ਇੰਗਲੈਂਡ ਕਬੱਡੀ ਫੈਡਰੇਸ਼ਨ ਆਫ਼.ਯੂ.ਕੇ. ਦੇ ਪ੍ਰਧਾਨ ਗੋਲਡੀ ਸੰਧੂ ਤੇ ਯੂਰਪ ਦੇ ਵੱਖ ਵੱਖ ਦੇਸ਼ਾਂ ਦੇ ਨਾਲ ਨਾਲ ਸਾਂਝੀ ਯੂਰਪ ਕਬੱਡੀ ਫੈਡਰੇਸ਼ਨ ਦੇ ਨੁਮਾਇੰਦੇ ਰਘਵੀਰ ਸਿੰਘ ਕਹਾਲ, ਪਿੰਕਾ ਸੇਖੋਂ ਅਤੇ ਜੱਗਾ ਦਿਉਲ ਨੇ ਸਾਂਝੇ ਪ੍ਰੈੱਸ ਬਿਆਨ ਵਿਚ ਆਖਿਆ ਕਿ ਬੀਤੇ ਇਕ ਸਾਲ ਦੌਰਾਨ ਪੰਜਾਬ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋ ਰਹੀ ਹੈ ਪਰ ਪੰਜਾਬ ਸਰਕਾਰ ਨੇ ਅਸਲ ਦੋਸ਼ੀਆਂ ਨੂੰ ਹਾਲੇ ਤੱਕ ਸਜ਼ਾ ਨਹੀਂ ਦਿੱਤੀ, ਜਿਸ ਕਾਰਨ ਬਾਹਰਲੇ ਮੁਲਕਾਂ ਵਿਚ ਵਸਦੇ ਪੰਜਾਬੀ ਬਹੁਤ ਪ੍ਰੇਸ਼ਾਨ ਹਨ। ਇਸ ਬਾਰੇ ਬਹੁਤ ਵਾਰ ਪੰਜਾਬ ਸਰਕਾਰ ਨੂੰ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਹਨ ਪਰ ਇਸ ਪਾਸੇ ਕੁਝ ਠੋਸ ਕਦਮ ਨਹੀਂ ਚੁੱਕੇ ਗਏ। ਇਸ ਦੇ ਰੋਸ ਵਜੋਂ ਉਕਤ ਕਬੱਡੀ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ਵ ਕਬੱਡੀ ਕੱਪ ਦੇ ਬਾਈਕਾਟ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤੋਂ ਇਲਾਵਾ ਪਾਕਿਸਤਾਨ ਤੇ ਇਰਾਨ ਦੀਆਂ ਟੀਮਾਂ ਵੀ ਪੰਜਾਬ ਵਿਸ਼ਵ ਕਬੱਡੀ ਕੱਪ ਵਿਚ ਖੇਡਣ ਨਹੀਂ ਜਾ ਰਹੀਆਂ। ਇਥੇ ਹੀ ਬੱਸ ਨਹੀਂ, ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਜਿਹੜਾ ਵੀ ਖਿਡਾਰੀ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਕਬੱਡੀ ਕੱਪ ਵਿਚ ਹਿੱਸਾ ਲਵੇਗਾ, ਉਸ ਨੂੰ ਕੈਨੇਡਾ, ਯੂਰਪ, ਅਮਰੀਕਾ ਅਤੇ ਇੰਗਲੈਂਡ ਵਿਖੇ ਕਰਵਾਏ ਜਾਣ ਵਾਲੇ ਟੂਰਨਾਮੈਂਟਾਂ ਦੌਰਾਨ ਖੇਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਕਬੱਡੀ ਫੈਡਰੇਸ਼ਨਾਂ ਦੇ ਆਗੂਆਂ ਨੇ ਕਿਹਾ ਕਿ ਜੇਕਰ ਇਨ੍ਹਾਂ ਮੁਲਕਾਂ ਵਿਚੋਂ ਕੋਈ ਹੋਰ ਵਿਅਕਤੀ ਇਨ੍ਹਾਂ ਮੁਲਕਾਂ ਦੇ ਨਾਮ 'ਤੇ ਟੀਮ ਬਣਾ ਕੇ ਪੰਜਾਬ ਵਿਸ਼ਵ ਕਬੱਡੀ ਕੱਪ ਵਿਚ ਲੈ ਕੇ ਗਿਆ ਤਾਂ ਉਸ ਦਾ ਵੀ ਮੁਕੰਮਲ ਬਾਈਕਾਟ ਕੀਤਾ ਜਾਵੇਗਾ ਅਤੇ ਉਸ ਦੇ ਕਿਸੇ ਵੀ ਖੇਡ ਮੈਦਾਨ ਵਿਚ ਦਾਖਲ ਹੋਣ 'ਤੇ ਪਾਬੰਦੀ ਹੋਵੇਗੀ।



# ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਨੇ ਕਰਵਾਇਆ ਕਵੀ ਦਰਬਾਰ

**ਡੇਟਨ/ਬਿਊਰੋ ਨਿਊਜ਼ :** ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਵਲੋਂ ਗੁਰਦੁਆਰਾ ਮਾਤਾ ਤ੍ਰਿਪਤਾ ਜੀ ਪਲਿਮਥ ਵਿਖੇ ਦੁਪਹਿਰ ਦੇ ਦੀਵਾਨ ਉਪਰੰਤ ਕਵੀ ਦਰਬਾਰ ਸਜਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਆਲ ਇੰਡੀਆ ਰੇਡੀਓ ਜਲੰਧਰ ਦੇ ਬਹੁਤ ਸਮਾਂ ਪਹਿਲਾਂ ਪੰਜਾਬੀ ਖ਼ਬਰਾਂ ਪੜ੍ਹਨ ਵਾਲੇ ਸ. ਸੁਖਵੰਤ ਸਿੰਘ ਢਿਲੋਂ, ਚੰਨ ਪ੍ਰਦੇਸੀ ਰੇਡੀਓ ਦੇ ਗੁਰਬਚਨ ਮਾਨ ਤੇ ਸਿੰਜਾਈ ਵਿਭਾਗ ਦੇ ਸੇਵਾ ਮੁਕਤ ਡਾਇਰੈਕਟਰ ਮਨਜੀਤ ਸਿੰਘ ਗਿੱਲ ਨੇ ਕੀਤੀ। ਸਭ ਤੋਂ ਪਹਿਲਾਂ ਸੁਖਵੰਤ ਸਿੰਘ ਢਿੱਲੋਂ ਨੇ ਆਪਣਾ ਲਿਖਿਆ ਗੀਤ ਸੁਣਾਇਆ। ਮੰਚ ਸੰਚਾਲਕ ਸੁਰਜੀਤ ਸਿੰਘ ਗਿੱਲ ਨੇ ਸ਼ਿਅਰ ਪੜ੍ਹਿਆ। ਹਾਇਕੂ ਕਵੀ ਗੁਰਮੀਤ ਸਿੰਘ ਸੰਧੂ, ਮਨਜੀਤ ਸਿੰਘ ਗਿੱਲ, ਤਿਲਕ ਸ਼ਰਮਾ, ਇਕਬਾਲ ਸਿੰਘ ਬਾਲੀ ਭਾਨ, ਪ੍ਰੋਫੈਸਰ ਸਤਪਾਲ ਗੋਇਲ ਤੇ ਪ੍ਰੋਫੈਸਰ ਰੇਸ਼ਮ ਸਿੰਘ ਸੈਣੀ ਨੇ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ। ਗੁਰਮੀਤ ਸਿੰਘ ਸੰਧੂ ਨੇ ਆਪਣੀ ਕਿਤਾਬ 'ਰੰਗ-ਹਰਫ਼ੀ' ਡਾ. ਚਰਨਜੀਤ ਸਿੰਘ ਗੁਮਟਾਲਾ ਨੂੰ ਪ੍ਰੇਮ ਭੇਟ ਕੀਤੀ। ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਪੰਜਾਬੀ ਭਾਸ਼ਾ ਲਈ ਉਚੇਚੇ ਉਪਰਾਲੇ ਕਰਨ ਲਈ ਕਈ ਸੁਝਾਅ ਦਿੱਤੇ। ਨਵੰਬਰ ਦੇ ਤੀਸਰੇ ਐਤਵਾਰ ਅਗਲਾ ਕਵੀ ਦਰਬਾਰ ਦਰਬਾਰ ਕਰਾਉਣ ਦਾ ਐਲਾਨ ਕੀਤਾ ਗਿਆ।



# ਮਿਆਣੀ ਵੈਲਫੇਅਰ ਸੁਸਾਇਟੀ ਦੀ ਨਵੀਂ ਕਮੇਟੀ ਕਾਇਮ

## *ਬਲਦੇਵ ਸਿੰਘ ਪ੍ਰਧਾਨ ਅਤੇ ਸੁਰਜੀਤ ਸਿੰਘ ਗਰੀਸੀਆ ਬਣੇ ਚੇਅਰਮੈਨ*



**ਨਿਊਯਾਰਕ/ਬਿਊਰੋ ਨਿਊਜ਼ :** ਸੂਰਤ ਸਿੰਘ ਪ੍ਰਧਾਨ ਮਿਆਣੀ ਵੈਲਫੇਅਰ ਸੁਸਾਇਟੀ ਦੀ ਪ੍ਰਧਾਨਗੀ ਦੀ ਮਿਆਦ ਪੂਰੀ ਹੋਣ 'ਤੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਤਹਿਤ ਬਲਦੇਵ ਸਿੰਘ ਨੂੰ ਕਮੇਟੀ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਅਤੇ ਸੁਰਜੀਤ ਸਿੰਘ ਗਰੀਸੀਆ ਨੂੰ ਚੇਅਰਮੈਨ ਚੁਣਿਆ ਗਿਆ। ਇਸੇ ਤਰ੍ਹਾਂ ਵਾਈਸ ਪ੍ਰਧਾਨ ਤਰਲੋਚਨ ਸਿੰਘ ਅਤੇ ਵਾਈਸ ਚੇਅਰਮੈਨ ਸੁਰਿੰਦਰ ਸਿੰਘ ਨੰਬਰਦਾਰ ਨੂੰ ਬਣਾਇਆ ਗਿਆ ਹੈ। ਜਨਰਲ ਸਕੱਤਰ ਦੀ ਜ਼ਿੰਮੇਵਾਰੀ ਕੈਪਟਨ ਮਨਜੀਤ ਸਿੰਘ ਨੂੰ ਦਿੱਤੀ ਗਈ ਹੈ। ਕੈਸ਼ੀਅਰ ਦਾ ਅਹੁਦਾ ਸੁਰਿੰਦਰ ਖੋਸਲਾ ਨੂੰ ਦਿੱਤਾ ਗਿਆ ਹੈ। ਸੁਸਾਇਟੀ ਦੇ ਮੀਡੀਆ ਇੰਚਾਰਜ ਇੰਸਪੈਕਟਰ ਗੁਰਮੀਤ ਸਿੰਘ ਹੀ ਰਹਿਣਗੇ।

ਇਸ ਮੌਕੇ ਤੇ ਕਮੇਟੀ ਦੇ ਸਰਪ੍ਰਸਤ ਮਾਸਟਰ ਮਹਿੰਦਰ ਸਿੰਘ, ਦਿਲਬਾਗ ਸਿੰਘ ਅਤੇ ਸੁਖਵਿੰਦਰ ਸਿੰਘ ਮੈਨੇਜਰ, ਸੁਜਾਨ ਸਿੰਘ ਹਾਜ਼ਰ ਸਨ। ਉਨ੍ਹਾਂ ਤੋਂ ਇਲਾਵਾ ਮੁਖਤਿਆਰ ਸਿੰਘ, ਜਸਵਿੰਦਰ ਸਿੰਘ ਟੱਲਾ, ਪਰਮਜੀਤ ਸਿੰਘ, ਪਿਆਰਾ ਸਿੰਘ, ਸੁਰਿੰਦਰ ਸਿੰਘ, ਡਾ. ਅਜਮੇਰ ਸਿੰਘ ਬੱਲੂ ਵੀ ਮੌਜੂਦ ਸਨ। ਸਰਪ੍ਰਸਤ ਮਾਸਟਰ ਮਹਿੰਦਰ ਸਿੰਘ ਨੇ ਸਾਰਿਆਂ ਨੂੰ ਸ਼ੁਭ ਇਛਾਵਾਂ ਦਿੱਤੀਆਂ। ਸਮੁੱਚੀ ਕਮੇਟੀ ਨੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਚ ਅਰਦਾਸ ਕੀਤੀ ਅਤੇ ਸਿਰਪਾਓ ਦੀ ਦਾਤ ਲਈ। ਬਾਅਦ ਵਿਚ ਹੋਟਲ ਰਾਇਲ ਇੰਡੀਆ ਵਿਖੇ ਰਾਤਰੀ ਭੋਜਨ ਵੀ ਕੀਤਾ।

# 38ਵੇਂ ਪ੍ਰੋ. ਮੋਹਨ ਸਿੰਘ ਮੇਲੇ ਮੌਕੇ ਪੰਜਾਬ ਦੇ ਗੰਭੀਰ ਮਸਲਿਆਂ 'ਤੇ ਹੋਇਆ ਚਿੰਤਨ ਮੰਥਨ

**ਲੁਧਿਆਣਾ/ਬਿਊਰੋ ਨਿਊਜ਼ :**
ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫ਼ਾਊਡੇਸ਼ਨ ਦੇ ਸਹਿਯੋਗ ਨਾਲ 38ਵੇਂ ਪ੍ਰੋ. ਮੋਹਨ ਸਿੰਘ ਮੇਲੇ ਮੌਕੇ ਪੰਜਾਬੀ ਭਵਨ ਲੁਧਿਆਣਾ ਵਿਖੇ ਸੈਮੀਨਾਰ ਅਤੇ ਕਵੀ ਦਰਬਾਰ ਕਰਵਾਇਆ ਗਿਆ। ਸੈਮੀਨਾਰ ਵਿਚ ਉੱਘੇ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ 'ਪੰਜਾਬ ਦਾ ਖੇਤੀ ਸੰਕਟ' ਅਤੇ ਡਾ. ਨਾਹਰ ਸਿੰਘ 'ਪੰਜਾਬੀ ਸਭਿਆਚਾਰ: ਹਕੀਕਤ ਅਤੇ ਚੁਣੌਤੀਆਂ' ਵਿਸ਼ੇ 'ਤੇ ਆਪਣੇ ਖੋਜ-ਪੱਤਰ ਪੇਸ਼ ਕੀਤੇ। ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਸ. ਮਲਕੀਤ ਸਿੰਘ ਦਾਖਾ, ਸ. ਇੰਦਰਜੀਤ ਸਿੰਘ ਗਰੇਵਾਲ, ਇੰਗਲੈਂਡ ਤੋਂ ਆਏ ਚਿੱਤਰਕਾਰ ਕਮਲ ਧਾਲੀਵਾਲ ਅਤੇ ਡਾ. ਸੁਰਜੀਤ ਸਿੰਘ 'ਤੇ ਆਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।




ਪੰਜਾਬ ਦੇ ਖੇਤੀ ਸੰਕਟ ਸੰਬੰਧੀ ਗੱਲ ਕਰਦਿਆਂ ਡਾ. ਸੁਖਪਾਲ ਸਿੰਘ, ਮੁਖੀ ਅਰਥ ਸਾਸ਼ਤਰ ਵਿਭਾਗ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਦੱਸਿਆ ਕਿ ਪਿਛਲੇ ਦਹਾਕੇ ਵਿਚ ਪੰਜਾਬ ਵਿਚ ਤਿੰਨ ਲੱਖ ਦੇ ਕਰੀਬ ਖ਼ੁਦਕੁਸ਼ੀਆਂ ਹੋ ਚੁੱਕੀਆਂ ਹਨ। ਇਹ ਗੱਲ ਸਰਵੇ ਦੇ ਅੰਕੜਿਆਂ ਦੇ ਆਧਾਰ 'ਤੇ ਗਲ ਕਰੀਏ ਤਾਂ ਇਹ ਸਾਡੇ ਲੋਕਾਂ ਅੰਦਰ ਪਾਏ ਜਾਂਦੇ ਬਹੁਤ ਸਾਰੇ ਭਰਮਾਂ ਨੂੰ ਤੋੜ ਦਿੰਦੀ ਹੈ। ਉਨ੍ਹਾਂ ਆਮ ਤੌਰ 'ਤੇ ਚਲੰਤ ਕਿਸਮ ਦੇ ਸੁਆਲ ਕਿਸਾਨ ਹੀ ਕਿਉਂ ਖ਼ੁਦਕੁਸ਼ੀ ਕਰਦਾ ਹੈ ਦਾ ਜਵਾਬ ਦਿੰਦਿਆਂ ਆਖਿਆ ਕਿ ਕਿਸਾਨ ਤੇ ਮਜ਼ਦੂਰ ਬਰਾਬਰ ਖ਼ੁਦਕੁਸ਼ੀਆਂ ਕਰਦੇ ਹਨ। ਉਨ੍ਹਾਂ ਬਿਮਾਰੀ ਦੀ ਜੜ੍ਹ ਸਮਝਦਿਆਂ ਵਿਸ਼ਵੀਕਰਣ ਦੀਆਂ ਨੀਤੀਆਂ, ਜਿਹੜੀਆਂ ਕਿਸਾਨ ਦੇ ਖਰਚਿਆਂ ਨੂੰ ਵਧਾ ਰਹੀਆਂ ਹਨ, ਨੂੰ ਬਦਲਣ ਦੀ ਲੋੜ 'ਤੇ ਜ਼ੋਰ ਦਿੱਤਾ। ਵਸਤਾਂ ਦੇ ਖਰਚਿਆਂ ਨੂੰ ਥੋਕ, ਨਕਦ, ਉਧਾਰ ਦਾ ਫ਼ਰਕ ਬੁਰੀ ਤਰ੍ਹਾਂ ਨਿਰਧਾਰਤ ਕਰ ਰਿਹਾ ਹੈ। ਆਮ ਤੌਰ 'ਤੇ ਖ਼ੁਦਕੁਸ਼ੀਆਂ ਨੂੰ ਨਸ਼ਿਆਂ ਨਾਲ ਜੋੜਿਆ ਜਾਂਦਾ ਹੈ। ਪਰ ਉਨ੍ਹਾਂ ਕਿਹਾ ਕਿ ਬਿਨਾਂ ਨਸ਼ੇ ਕਰਨ ਵਾਲਿਆਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਵੀ ਕੁਝ ਘੱਟ ਨਹੀਂ। ਉਨ੍ਹਾਂ ਅੰਤ ਵਿਚ ਆਖਿਆ ਕਿ ਕਾਰਪੋਰੇਟ ਮਾਡਲ ਦੀ ਥਾਂ 'ਤੇ ਮੌਲਿਕ ਮਾਡਲ ਉਸਾਰ ਕੇ ਅਸੀਂ ਖ਼ੁਦਕੁਸ਼ੀਆਂ ਦੇ ਝਮੇਲੇ ਵਿਚੋਂ ਨਿਕਲ ਸਕਦੇ ਹਾਂ।

ਡਾ. ਨਾਹਰ ਸਿੰਘ ਨੇ ਪੰਜਾਬ ਦੇ ਸੱਭਿਆਚਾਰ ਦੀਆਂ ਚੁਣੌਤੀਆਂ ਬਾਰੇ ਬੋਲਦਿਆਂ ਆਖਿਆ ਕਿ ਸਾਡੇ ਆਰਥਿਕ ਵਿਕਾਸ ਨੇ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਵੀ ਵਿਗਾੜ ਲਿਆਂਦਾ ਹੈ। 1980 ਦੇ ਕਰੀਬ ਜਿਹੜਾ ਵਿਕਾਸ ਆਪਣੀ ਸੀਮਾਂ ਛੋਹ ਗਿਆ ਉਸ ਤੋਂ ਬਾਅਦ ਕਿਸਾਨੀ ਨੇ ਆਪਣੇ ਤੌਰ 'ਤੇ ਪਰਿਵਾਰ ਨਿਯੋਜਨ ਵੀ ਅਪਣਾਇਆ ਤੇ ਔਰਤ ਨੂੰ ਸਿੱਖਿਆ ਦੇਣ ਦਾ ਹਾਂ-ਪੱਖੀ ਕਾਰਜ ਵੀ ਕੀਤਾ ਪਰ ਸੱਤਾ ਦੇ ਵਿਕਾਸ ਮਾਡਲ ਕਾਰਨ ਸਮੱਸਿਆਵਾਂ ਵਿਚ ਏਨਾਂ ਵਾਧਾ ਹੁੰਦਾ ਗਿਆ ਸਾਡੇ ਸਿਹਤਮੰਦ ਸਮਾਜ ਵਿਚ ਗੰਭੀਰ ਸੰਕਟ ਪੈਦਾ ਹੋ ਗਿਆ। ਪਰ ਫਿਰ ਵੀ ਆਸ ਦੀ ਕਿਰਨ ਬਾਕੀ ਹੈ ਕਿ ਪੰਜਾਬੀ ਬਾਹਰਮੁਖੀ ਤੌਰ 'ਤੇ ਹਰ ਗੱਲ ਨੂੰ ਆਤਮਸਾਤ ਕਰਕੇ ਪ੍ਰਤੀਕਰਮ ਕਰਨਾ ਜਾਣਦੇ ਹਨ। ਜਿਥੇ ਸਭਿਆਚਾਰ ਦਾ ਗੰਭੀਰ ਸੰਕਟ ਸਾਡੇ ਭਵਿੱਖ ਲਈ ਚਿੰਤਾਜਨਕ ਹੈ ਉਥੇ ਆਸ ਵੀ ਬੱਝਦੀ ਹੈ ਕਿ ਪੰਜਾਬੀ ਦੁਨੀਆ ਵਿਚ ਮਿਹਨਤੀ ਲੋਕਾਂ ਵਜੋਂ ਕੋਈ ਨਵਾਂ ਰਾਹ ਕੱਢ ਸਕਦੇ ਹਨ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਹੋਰਾਂ ਸੁਆਗਤੀ ਸ਼ਬਦ ਕਹੇ। ਉਨ੍ਹਾਂ ਪ੍ਰੋ. ਮੋਹਨ ਸਿੰਘ ਨੂੰ ਉਸ ਆਪਣੇ ਸਮੇਂ ਅਤੇ ਅਜੋਕੇ ਸਮੇਂ ਦੇ ਸੰਦਰਭ ਵਿਚ ਵੇਖਦਿਆਂ ਲੋਕ ਮਸਲਿਆਂ ਦੀ ਪ੍ਰਸੰਗਕਤਾ ਸਾਡੇ ਸਾਹਮਣੇ ਰੱਖੀ। ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਖੇਤੀਬਾੜੀ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਇਕ ਦੀ ਪ੍ਰਗਤੀ ਦੂਸਰੇ ਨੂੰ ਪ੍ਰਭਾਵਤ ਕਰਦੀ ਹੈ। ਉਨ੍ਹਾਂ ਨੇ ਪੰਜਾਬ ਵਿਚ ਫ਼ਜ਼ੂਲ ਖਰਚੀ, ਕਰਜ਼ਿਆਂ ਦਾ ਰੁਝਾਨ ਅਤੇ ਖ਼ੁਦਕੁਸ਼ੀਆਂ, ਖ਼ਾਸ ਕਰ ਦੱਖਣੀ ਪੱਛਮੀ ਨਰਮਾ ਪੱਟੀ ਦੇ ਇਲਾਕਿਆਂ, ਵੱਲ ਧਿਆਨ ਖਿੱਚਦਿਆਂ ਇਸ ਸਮੱਸਿਆ ਦਾ ਸਾਰਥਕ ਹੱਲ ਲੱਭਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਵੇਂ ਮਨਰੇਗਾ ਵਰਗੀਆਂ ਸਕੀਮਾਂ ਕਾਮਿਆਂ ਲਈ ਸਹਾਇਕ ਹਨ ਪਰ ਕਿਸਾਨਾਂ ਦੇ ਕਰਜ਼ੇ ਦੀ ਸਮੱਸਿਆ ਨੂੰ ਅਤੇ ਖੇਤੀ ਤੋਂ ਸਹੀ ਆਮਦਨ ਲੈਣ ਲਈ ਯੋਗ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਸਭਿਆਚਾਰਕ ਗਿਰਾਵਟ ਵੱਲ ਵੀ ਧਿਆਨ ਖਿੱਚਿਆ। ਡਾ. ਸਵਰਾਜ ਸਿੰਘ ਨੇ ਕਿਹਾ ਕਿ ਮਨੁੱਖ ਨੂੰ ਸਹੀ ਦਾਰਸ਼ਨਿਕਤਾ ਅਪਨਾਉਣੀ ਚਾਹੀਦੀ ਹੈ ਕਿਉਂਕਿ ਫ਼ਲਸਫ਼ਾ ਸਾਰੇ ਵਿਗਿਆਨਾਂ ਦੀ ਮਾਂ ਹੁੰਦੀ ਹੈ। ਸਭਿਆਚਾਰਕ ਖੇਤਰ ਵਿਚ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਅੰਤਰਰਾਸ਼ਟਰੀ ਦ੍ਰਿਸ਼ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸਮਾਜ ਨੂੰ ਸੇਧ ਦੇਣ ਵਾਸਤੇ ਸਹੀ ਬੁੱਧੀਜੀਵੀਆਂ ਨੂੰ ਸਾਹਮਣੇ ਆਉਣਾ ਚਾਹੀਦਾ ਹੈ।

ਬਾਅਦ ਦੁਪਹਿਰ 2 ਵਜੇ ਕਵੀ ਦਰਬਾਰ ਕੀਤਾ ਗਿਆ ਜਿਸ ਵਿਚ ਪ੍ਰੋ. ਸੁਰਜੀਤ ਜੱਜ, ਤ੍ਰੈਲੋਚਨ ਲੋਚੀ, ਸਵਰਨਜੀਤ ਸਵੀ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਭੁਪਿੰਦਰ, ਅਜੀਤ ਪਿਆਸਾ, ਸੁਖਦੇਵ ਸਿੰਘ ਪ੍ਰੇਮੀ, ਚੰਨ ਬੋਲੇਵਾਲੀਆ, ਵਰਗਿਸ ਸਲਾਮਤ, ਸੰਧੂ ਬਟਾਲਵੀ, ਮਨਜਿੰਦਰ ਧਨੋਆ, ਤਰਲੋਚਨ ਝਾਂਡੇ, ਭਗਵਾਨ ਢਿੱਲੋਂ, ਕੁਲਵਿੰਦਰ ਕਿਰਨ, ਹਰਦਿਆਲ ਪ੍ਰਵਾਨਾ, ਜਸਵੀਰ ਝੱਜ ਨੇ ਆਪਣੀਆਂ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਕਵੀ ਦਰਬਾਰ ਦੀ ਪ੍ਰਧਾਨਗੀ ਉੱਘੇ ਸ਼ਾਇਰ ਡਾ. ਸੁਰਜੀਤ ਪਾਤਰ ਨੇ ਕੀਤੀ। ਕਵੀ ਦਰਬਾਰ ਦਾ ਸੰਚਾਲਨ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕੀਤਾ। ਇਸ ਮੌਕੇ ਪ੍ਰੋ. ਮੋਹਨ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ ਤੇ ਅਧਾਰਿਤ ਕਿਤਾਬਚਾ 'ਸਾਵੇ ਪੱਤਰਾਂ ਦੀ ਦਾਸਤਾਨ' ਜਿਸ ਵਿਚ ਡਾ. ਜਗਤਾਰ ਸਿੰਘ ਧੀਮਾਨ ਵੱਲੋਂ ਕਵਿਤਾਵਾਂ ਦਾ ਹਿੰਦੀ ਅਤੇ ਅੰਗਰੇਜ਼ੀ ਅਨੁਵਾਦ ਸ਼ਾਮਲ ਹੈ ਜਾਰੀ ਕੀਤਾ ਗਿਆ। ਇਸ ਮੌਕੇ ਅਮਰਿੰਦਰ ਸੋਹਲ ਦੀ ਪੁਸਤਕ 'ਆਇਨੇ ਵਿਚ ਟਾਪੂ' ਲੋਕ ਅਰਪਿਤ ਕੀਤੀ ਗਈ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਮਿਸੀਸਿੱਪੀ 'ਚ ਪੰਜਾਬੀ ਨੌਜਵਾਨ ਸੰਦੀਪ ਸਿੰਘ ਸੰਨੀ ਦੀ ਗੋਲੀ ਮਾਰ ਕੇ ਹੱਤਿਆ

**ਮੇਰੀਡੀਅਨ/ਬਿਊਰੋ ਨਿਊਜ਼ :** ਮਿਸੀਸਿੱਪੀ ਦੇ ਸ਼ਹਿਰ ਮੇਰੀਡੀਅਨ ਦੇ ਹਾਈਵੇ 19 'ਤੇ ਗੈਸ ਸਟੇਸ਼ਨ ਨਾਲ ਸਥਿਤ ਸਟੋਰ 'ਤੇ ਰਾਤ ਕਰੀਬ 1.30 ਵਜੇਂ ਬਤੌਰ ਕਲਰਕ ਕੰਮ ਕਰਦੇ ਇਕ ਪੰਜਾਬੀ ਮੂਲ ਦੇ 22 ਸਾਲਾ ਨੌਜਵਾਨ ਸੰਦੀਪ ਸਿੰਘ



ਸੰਨੀ ਦੀ ਨਕਾਬਪੋਸ਼ ਕਾਲੇ ਮੂਲ ਦੇ ਹਥਿਆਰਬੰਦ ਲੁਟੇਰੇ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਕਾਲੇ ਮੂਲ ਦਾ ਲੁਟੇਰਾ ਰਾਤ ਨੂੰ ਸਟੋਰ ਅੰਦਰ ਦਾਖ਼ਲ ਹੋਇਆ ਅਤੇ ਬੰਦੂਕ ਦੀ ਨੋਕ 'ਤੇ ਸੰਦੀਪ ਸਿੰਘ ਨੂੰ ਪੈਸੇ ਦੇਣ ਲਈ ਕਿਹਾ। ਘਬਰਾਏ ਸੰਦੀਪ ਸਿੰਘ ਨੇ ਕੈਸ਼ ਰਜਿਸਟਰ ਖੋਲ੍ਹ ਦਿੱਤਾ ਅਤੇ ਪੈਸੇ ਨਾ ਦੇਣ ਬਾਰੇ ਵਿਰੋਧ ਕਰਨ 'ਤੇ ਉਹ ਉਸ ਨਾਲ ਹੱਥੋਪਾਈ ਹੋ ਗਿਆ। ਲੁਟੇਰਾ ਕੈਸ਼ ਰਜਿਸਟਰ ਵਿਚੋਂ ਸਾਰੇ ਪੈਸੇ ਕੱਢ ਕੇ ਫਰਾਰ ਹੋ ਗਿਆ ਤੇ ਜਾਂਦੇ ਸਮੇਂ ਸੰਦੀਪ ਸਿੰਘ ਦੇ ਢਿੱਡ ਵਿਚ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਮ੍ਰਿਤਕ ਨੌਜਵਾਨ ਦੋ ਕੁ ਮਹੀਨੇ ਪਹਿਲਾਂ ਅਮਰੀਕਾ ਆਇਆ ਸੀ ਅਤੇ ਉਹ ਪੰਜਾਬ ਤੋਂ ਫਗਵਾੜਾ ਦੇ ਉਚਾ ਪਿੰਡ ਦਾ ਰਹਿਣ ਵਾਲਾ ਸੀ। ਅਮਰੀਕਾ ਵਿਚ ਵਸਦੇ ਪੰਜਾਬੀ ਭਾਈਚਾਰੇ ਨੇ ਇਸ ਦੁੱਖਦਾਈ ਘਟਨਾ 'ਤੇ ਅਫ਼ਸੋਸ ਪ੍ਰਗਟਾਇਆ ਹੈ ਅਤੇ ਨਾਲ ਹੀ ਉਸ ਦੀ ਮ੍ਰਿਤਕ ਦੇਹ ਨੂੰ ਪੰਜਾਬ ਭੇਜਣ ਲਈ ਸਹਾਇਤਾ ਫੰਡ ਇਕੱਤਰ ਕੀਤਾ ਜਾ ਰਿਹਾ ਹੈ।

# ਟੈਕਸਸ ਦੇ ਗੁਰੂ ਘਰਾਂ ਦੇ ਨੁਮਾਇੰਦਿਆਂ ਨੇ ਸਿੱਖਾਂ 'ਤੇ ਨਸਲੀ ਹਮਲਿਆਂ ਉਪਰ ਚਿੰਤਾ ਪ੍ਰਗਟਾਈ

**ਡੈਲਸ/ਬਿਊਰੋ ਨਿਊਜ਼ :**

ਲੰਘੇ ਸ਼ਨਿਚਰਵਾਰ ਟੈਕਸਸ ਸਟੇਟ ਦੇ ਗੁਰਦੁਆਰਿਆਂ ਦੇ ਪ੍ਰਮੁੱਖ ਨੁਮਾਇੰਦਿਆਂ ਦੀ ਮੀਟਿੰਗ ਸਿੱਖ ਟੈਂਪਲ ਗਰਲੈਂਡ ਵਿਖੇ ਹੋਈ ਜਿਸ ਵਿਚ ਸਾਂਝੇ ਕਾਰਜਾਂ ਲਈ ਸਟੇਟ ਪੱਧਰ ਦੀ ਕਾਰਜਕਰਨੀ ਕਮੇਟੀ ਬਣਾਉਣ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਭ ਦੇ ਸੁਝਾਅ ਲਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰਜੀਤ ਸਿੰਘ ਢੇਸੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਇਸ ਗੱਲ 'ਤੇ ਡੂੰਘੀ ਚਿੰਤਾ ਪ੍ਰਗਟਾਈ ਗਈ ਕਿ ਕਿਵੇਂ 11 ਸਤੰਬਰ 2001 ਨੂੰ ਨਿਊਯਾਰਕ ਵਿਖੇ ਅੱਤਵਾਦੀ ਹਮਲੇ ਤੋਂ ਬਾਅਦ ਸਿੱਖਾਂ 'ਤੇ ਨਸਲੀ ਹਮਲੇ ਕੀਤੇ ਗਏ, ਜਿਸ ਵਿਚ ਬਹੁਤ ਸਾਰੇ ਬੇਕਸੂਰ ਸਿੱਖਾਂ ਨੂੰ ਆਪਣੀ ਜਾਨ ਗਵਾਉਣੀ ਪਈ। ਜਨੂੰਨੀਆਂ ਵੱਲੋਂ ਸਿੱਖਾਂ ਨੂੰ ਬਿਨ



ਲਾਦਨ ਵਰਗੇ ਨਫ਼ਰਤੀ ਨਾਂਵਾਂ ਨਾਲ ਸੰਬੋਧਤ ਕੀਤਾ ਜਾਂਦਾ ਹੈ। ਡਾਕਟਰ ਹਰਦਮ ਆਜ਼ਾਦ ਨੇ ਕਿਹਾ ਕਿ ਸਿੱਖਾਂ ਨੂੰ 9/11 ਤੋਂ ਬਾਅਦ ਅਜਿਹੇ ਅਣ-ਮਨੁੱਖੀ ਵਤੀਰੇ ਦਾ ਸਾਹਮਣਾ ਕਰਨਾ ਪੈ ਰਿਹਾ ਜੋ ਕਿ ਅਮਰੀਕਨ ਸਮਾਜ ਅੰਦਰ ਸਭਿਅਕ ਨਹੀਂ ਹੈ। ਸਾਰਿਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਸਿੱਖ ਪਹਿਚਾਣ ਨੂੰ ਉਜਗਾਰ ਕਰਨ ਲਈ ਸਾਰਿਆਂ ਨੂੰ ਲਾਮਬੰਦ ਹੋ ਕੇ ਜ਼ੋਰਦਾਰ ਉਪਰਾਲੇ ਕਰਨੇ ਚਾਹੀਦੇ ਹਨ। ਇਸ ਲਈ ਸਾਂਝੀ ਕਾਰਜਕਰਨੀ ਦੀ ਜ਼ਰੂਰਤ ਹੈ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਦੀ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਪੰਥਕ ਸਲੇਟ ਜੇਤੂ

**ਨਿਊਯਾਰਕ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੀ ਚੋਣ ਵਿਚ ਭਾਈ ਕੁਲਦੀਪ ਸਿੰਘ ਢਿੱਲੋਂ ਦੀ ਸਮੂਚੀ ਸਲੇਟ ਜੇਤੂ ਰਹੀ। ਇਹ ਸਮੂਹ ਸਾਧ ਸੰਗਤ ਅਤੇ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਸਾਂਝੀ ਸਾਧ ਸੰਗਤ ਪੰਥਕ ਸਲੇਟ ਸੀ। ਇਹ ਚੋਣ 22 ਅਕਤੂਬਰ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਹੋਈ ਸੀ। ਇਸ ਸਲੇਟ ਨੂੰ ਕਾਮਯਾਬ ਕਰਨ ਵਿਚ ਸਮੂਹ ਸੰਗਤ ਅਤੇ ਸਮੂਹ ਜਥੇਬੰਦੀਆਂ ਅਤੇ ਵਿਸ਼ੇਸ਼ ਤੌਰ 'ਤੇ ਸਾਬਕਾ ਪ੍ਰਧਾਨ ਭਾਈ ਗੁਰਦੇਵ ਸਿੰਘ ਕੰਗ ਦਾ ਮੁੱਖ ਯੋਗਦਾਨ ਰਿਹਾ। ਭਾਈ ਗੁਰਦੇਵ ਸਿੰਘ ਕੰਗ ਵੱਲੋਂ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਬਣਾਉਣ ਅਤੇ ਕਮਿਊਨਿਟੀ ਵਿਚ ਭਾਈਚਾਰਕ ਸਾਂਝ ਵਧਾਉਣ ਲਈ ਭਰਵਾਂ ਯੋਗਦਾਨ ਰਿਹਾ ਹੈ। ਇਸ ਦੇ ਨਾਲ



ਨਾਲ ਕੁਲਦੀਪ ਸਿੰਘ ਢਿੱਲੋਂ ਦਾ ਵੀ ਵਿਸ਼ੇਸ਼ ਯੋਗਦਾਨ ਸੀ। ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਦੇਖਦਿਆਂ ਹੀ ਮੌਜੂਦਾ ਪ੍ਰਬੰਧ ਲਈ ਸਾਧ ਸੰਗਤ ਪੰਥਕ ਸਲੇਟ ਦਾ ਮੁੱਖ ਸੇਵਾਦਾਰ ਬਣਾਇਆ ਗਿਆ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੇਅਰਮੈਨ ਪਬਲਿਕ ਰਿਲੇਸ਼ਨ ਸੁਖਵਿੰਦਰ ਸਿੰਘ ਨਿੱਜਰ ਨੇ ਦੱਸਿਆ ਕਿ ਚੁਣੀ ਗਈ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜੋ ਖਰਾਬ ਮੌਸਮ ਵਿਚ ਵੀ ਆਪਣੀ ਵੋਟ ਦੀ ਸਹੀ ਵਰਤੋਂ ਕਰਨ ਲਈ ਗੁਰਦੁਆਰਾ ਸਾਹਿਬ ਪਹੁੰਚੀ। ਚੋਣ ਕਮਿਸ਼ਨਰ ਤਰਲੋਚਨ ਪਾਲ ਸਿੰਘ ਦੀ ਸੁਚੱਜੀ ਮੈਨੇਜਮੈਂਟ ਵੱਲੋਂ ਸ਼ਾਂਤੀ ਪੂਰਵਕ ਵੋਟਾਂ ਨੂੰ ਨਿਰਵਿਘਨ ਸਿਰੇ ਚੜ੍ਹਾਇਆ ਗਿਆ। ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ 917-476-8888 'ਤੇ ਸੰਪਰਕ ਕੀਤਾ ਜਾ ਸਕਦਾ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



SFO/LAX to DELHI




FARE as LOW as
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)



SINGH EXPRESS INC

- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਆ ਕੀ ਢੌਂਗ ਫੜਿਐ ਤੁਸੀਂ!!

ਸੁਖਬੀਰ ਬਾਦਲ : ਕੈਪਟਨ ਸਾਹਿਬ ਨਾ ਭਲਾ ਤੁਸੀਂ ਆ ਕੀ ਢੌਂਗ ਫੜਿਐ ?

ਕੈਪਟਨ ਅਮਰਿੰਦਰ : ਕਾਕਾ, ਕਿਹੜਾ ਢੌਂਗ ?

ਸੁਖਬੀਰ ਬਾਦਲ : ਨਾ ਆ ਤੁਸੀਂ ਜਿਹੜੀ ਕਿਸਾਨ ਯਾਤਰਾ ਕੱਢੀ ਜਾ ਰਹੇ ਓ, ਇਹ ਡਰਾਮਾ ਨੀਂ ਤਾਂ ਹੋਰ ਕੀ ਐ...ਥੋਨੂੰ ਪਤੈ ਖੇਤੀ ਕੀ ਹੁੰਦੀ ਐ ?

ਕੈਪਟਨ ਅਮਦਿੰਰ : ਨਾ ਹੁਣ ਆ ਬਲੂੰਗੜਾ ਜਿਹਾ ਸਖਾਊ ਮੈਨੂੰ...ਖੇਤੀ ਕੀ ਹੁੰਦੀ ਐ...!!

ਸੁਖਬੀਰ ਬਾਦਲ : ਨਾ ਮੈਂ ਕਦੇ ਆਪ ਖੇਤੀ ਨਾ ਕੀਤੀ ਹੋਵੇ ਪਰ ਮੇਰੇ ਖੇਤ ਦੇਖੇ ਐ...ਸਵੇਰੇ ਘੁਮਾਉਣ ਲੈ ਕੇ ਨਿਕਲੂੰ, ਸ਼ਾਮਾਂ ਪੈ ਜਾਣਗੀਆਂ...। ਹਫ਼ ਕੇ ਮਹਿਲਾਂ ਵੱਲ ਨੂੰ ਭੱਜੋਂਗੇ।

ਕੈਪਟਨ : ਕਾਕਾ ਤੈਨੂੰ ਆਪਣੇ ਖੇਤਾਂ ਦਾ ਪਤੈ...ਖੇਤੀ ਦਾ ਨਹੀਂ...ਤੇਰੇ ਰਾਜ 'ਚ ਦੇਖ ਕਿੰਨੇ ਕਿਸਾਨ ਖ਼ੁਦਕੁਸ਼ੀਆਂ ਕਰ ਗਏ...ਤੂੰ ਸਾਰ ਲਈ ਇਨ੍ਹਾਂ ਦੀ ?

ਸੁਖਬੀਰ ਬਾਦਲ : ਸਾਡੇ ਤੋਂ ਵੱਡਾ ਕਿਸਾਨਾਂ ਦਾ ਹਮਦਰਦ ਭਲਾ ਕੌਣ ਹੋਊ...ਸਾਨੂੰ ਪਤੈ ਕਿੰਨੀ ਮਹਿੰਗੀ ਖੇਤੀ ਐ...ਤਾਂਹੀਓਂ ਤਾਂ ਬਿਜਲੀ ਮੁਫ਼ਤ ਕਰਾਤੀ...।

ਕੈਪਟਨ : ਕਾਕਾ ਫੇਰ ਲਾਭ ਤਾਂ ਥੋਨੂੰ ਈ ਹੋ ਰਿਹੈ...ਛੋਟੇ ਕਿਸਾਨ ਦੇ ਤਾਂ ਮੋਟਰ ਵੀ ਨੀਂ ਲੱਗੀ...ਉਹਨੂੰ ਮੁਫ਼ਤ ਬਿਜਲੀ ਦਾ ਕੀ ਭਾਅ...ਛੋਟਾ ਕਿਸਾਨ ਈ ਤਾਂ ਖ਼ੁਦਕੁਸ਼ੀ ਕਰ ਰਿਹੈ...। ਨਾ ਤੁਸੀਂ ਕੀ ਕੀਤੈ ਇਨ੍ਹਾਂ ਲਈ।

ਸੁਖਬੀਰ ਬਾਦਲ : ਆ ਦੇਖੋ ਸਾਡੀਆਂ ਬਾਹਾਂ...ਸਾਰੇ ਕਿਸਾਨ ਇਹਨੂੰ ਈ ਚੁੰਮੜੇ ਪਏ ਆ...। ਥੋਨੂੰ ਕੌਣ ਪੁਛਦੈ...ਹੁਣ ਕਰਜ਼ੇ ਮੁਆਫ਼ ਕਰਨ ਦੇ ਦਾਅਵੇ ਕਰ ਰਹੇ ਓ ਜਦੋਂ ਸੱਤਾ 'ਚ ਸੀ, ਉਦੋਂ ਨਾ ਕੀਤੇ...ਉਦੋਂ ਤਾਂ ਕੇਂਦਰ 'ਚ ਵੀ ਸਰਕਾਰ ਥੋਡੀ ਸੀ। ਉਪਰੋਂ ਆ ਟੋਪੀ ਵਾਲਾ ਕੇਜਰੀਵਾਲ ਆ ਕੇ ਡਰਾਮੇ ਰਚੀ ਜਾਂਦੈ, ਅਖੇ-ਅਸੀਂ ਕਿਸਾਨਾਂ ਦੇ ਕਰਜ਼ੇ ਖ਼ਤਮ ਕਰਾਂਗੇ...। ਨਾ ਐਨਾ ਸੌਖੈ...। ਸਾਡੇ ਤਾਂ ਮੂੰਹ 'ਤੇ ਹੀ 'ਕਿਸਾਨਾਂ ਦੀ ਹਮਦਰਦ ਪਾਰਟੀ' ਦਾ ਠੱਪਾ ਲੱਗੈ... ਕਰੀ ਜਾਓ ਵਾਅਦੇ, ਜੇ ਸੱਤਾ 'ਚ ਆ ਗਏ ਤਾਂ ਤੁਸੀਂ ਵੀ ਠੂਠਾ ਈ ਦਿਖਾਓਗੇ ਸਾਡੇ ਵਾਂਗ...।




## ਹੈਲੋ !! ਕਿਸਾਨ ਵੀਰੋ ਮੈਂ ਰਾਹੁਲ ਬੋਲਦਾਂ !!

ਭਾਰਤ ਦੇ ਕਿਸਾਨਾਂ ਦੀ ਖਟੀਆ ਖੜ੍ਹੀ ਕਰਨ ਮਗਰੋਂ ਅੱਜ ਕੱਲ੍ਹ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਕਿਸਾਨਾਂ ਦਾ ਕੋਈ ਜ਼ਿਆਦਾ ਹੀ ਮੋਹ ਜਿਹਾ ਆ ਰਿਹਾ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਉਤਰ ਪ੍ਰਦੇਸ਼ ਵਿਚ ਚੋਣਾਂ ਹੋਣ ਕਾਰਨ ਖਾਟ ਕਿਸਾਨ ਰੈਲੀਆਂ ਕੀਤੀਆਂ ਤੇ ਹੁਣ ਪੰਜਾਬ ਵੱਲ ਮੂੰਹ ਕਰ ਲਿਐ ਕਿਉਂਕਿ ਪੰਜਾਬ ਵਿਚ ਚੋਣਾਂ ਹੋਣ ਜਾ ਰਹੀਆਂ ਨੇ। ਉਹ ਪੰਜਾਬੀਆਂ ਨੂੰ ਟੈਲੀਫ਼ੋਨ ਕਰਦੇ ਆ-ਹੈਲੋ!! ਮੈਂ ਰਾਹੁਲ ਬੋਲਦਾਂ। ਕਿਸਾਨ ਵੀਰੋ ਮੈਂ ਥੋਡੇ ਸਾਰੇ ਕਰਜ਼ੇ ਖ਼ਤਮ ਕਰ ਦਊਂ। ਭਲਾ ਉਤਰ ਪ੍ਰਦੇਸ਼ 'ਚ ਮੰਜਿਆਂ ਨਾਲ ਰੈਲੀਆਂ ਤੇ ਪੰਜਾਬ 'ਚ ਟੈਲੀਫੋਨ...। ਉਹ ਇਸ ਕਰਕੇ ਕਿਉਂਕਿ ਪੰਜਾਬ ਵਿਚ ਮੰਜੇ ਤਾਂ ਰਹੇ ਨੀਂ...ਕਿਤੇ ਕਿਤੇ ਵਿਆਹਾਂ 'ਤੇ ਪ੍ਰੋਗਰਾਮ ਲਾਉਣ ਆਲੇ ਮੰਜਾ, ਪੀੜ੍ਹਾ, ਚਰਖ਼ਾ ਧਰ ਦਸਦੇ ਆ ਬਈ ਆ ਸਾਡਾ ਵਿਰਸਾ... ਹੁਣ ਭਲਾ ਮੰਜਿਆਂ 'ਤੇ ਵੀ ਕੋਈ ਬਹਿੰਦੈ...। ਪੈਂਟਾਂ ਦੀ ਕਰੀਜ਼ ਖ਼ਰਾਬ ਹੁੰਦੀ ਐ...। ਉਤਰ ਪ੍ਰਦੇਸ਼ ਆਲੇ ਤਾਂ ਧੋਤੀਆਂ ਪਾਉਂਦੇ ਆ...ਪੰਜਾਬੀ ਮਾਡਰਨ ਹੋ ਗਏ ਐ...ਤਾਂਹੀਓਂ ਤਾਂ ਉਨ੍ਹਾਂ ਨੂੰ ਟੈਲੀਫੋਨ ਆਉਂਦੈ...। ਮੰਡੀਰ ਦੇ ਹੱਥਾਂ 'ਚ ਮਹਿੰਗੇ ਮਹਿੰਗੇ ਮੋਬਾਈਲ...ਅੱਧਿਆਂ ਨੂੰ ਤਾਂ ਉਨ੍ਹਾਂ ਦੇ ਵਿਦੇਸ਼ੀ ਬੈਠੇ ਰਿਸ਼ਤੇਦਾਰ ਈ ਭੇਜੀ ਜਾਂਦੇ ਆ...ਮੁੰਡਾ ਭਾਵੇਂ ਡੱਕਾ ਦੂਹਰਾ ਨਾ ਕਰੇ...ਮੋਬਾਈਲ ਕੋਲ ਜ਼ਰੂਰ ਹੋਣਾ ਚਾਹੀਦੈ...। ਤਾਂਹੀਓਂ ਤਾਂ ਰਾਹੁਲ ਦੇ ਸਲਾਹਕਾਰਾਂ ਨੂੰ ਪਤੈ ਕਿ ਇੱਥੇ ਮੰਜੇ ਨੀਂ...ਮੋਬਾਈਲ ਕੰਮ ਆਉਣਗੇ। ਉਦਾਂ ਭਾਵੇਂ ਮੋਬਾਈਲ ਸਾਰਾ ਦਿਨ ਚੁੱਪ ਰਹੇ...ਹੁਣ ਤਾਂ ਘੰਟੀ ਵੱਜੀ ਕੇ ਵੱਜੀ!!

## ਮਹਾਰਾਜ ਦੇ ਹੱਥ ਪੋਚਾ !!



ਰੁਲਦਿਆ, ਆ ਸ਼ਹੀਦ ਦੇ ਬੁੱਤ ਕੋਲ ਭਲਾ ਜਮ-ਘਟਾ 'ਚ ਕਾਹਦਾ ਹੋਇਐ...ਕਿਸੇ ਨੇ ਤੋੜ-ਤੂੜ ਤਾਂ ਨੀਂ ਦਿੱਤਾ...ਕੰਜਰਾਂ ਦਾ ਕੀ ਪਤਾ, ਕਿਹੜੇ ਵੇਲੇ ਕੀ ਕਰਤੂਤ ਕਰ ਜਾਣ...। ਚੱਲ ਜ਼ਰਾ, ਨੇੜੇ ਹੋ ਕੇ ਤਾਂ ਦੇਖ...। ਹਲਾ...ਹਲਾ...ਆ ਮੇਰੀਆਂ ਅੱਖਾਂ ਕੀ ਦੇਖ ਰਹੀਆਂ ਨੇ...ਲਗਦੈ ਅੱਜ ਸੂਰਮਾ ਪਾਉਣਾ ਭੁਲ ਗਿਆ ਹੋਊਂ...ਤਾਂ ਹੀ ਝੋਲਾ ਝੋਲਾ ਦਿਸਦੈ, ਬਈ-ਆ ਸਾਬਕਾ ਮੁੱਖ ਮੰਤਰੀ 'ਮਹਾਰਾਜਾ' ਕੈਪਟਨ ਅਮਰਿੰਦਰ ਸਾਹਿਬ ਬੁੱਤ ਦੀ ਸਫ਼ਾਈ ਕਰ ਰਹੇ ਨੇ...। ਇਨ੍ਹਾਂ ਤਾਂ ਕਦੇ ਆਪਣੀਆਂ ਹਰਕਤਾਂ 'ਤੇ ਪੋਚਾ ਨਹੀਂ ਪਾਇਆ...ਬੁੱਤ 'ਤੇ ਪੋਚਾ ਮਾਰਨ ਡਹੇ ਆ...। ਭਲਾ ਸੁੱਖ ਤਾਂ ਹੋਊ...। ਓ ਹਲਾ...ਹਲਾ... ਚੋਣਾਂ ਆ ਗਈਆਂ ਨੇ...ਇਕ ਪਾਸੇ ਸਾਬਕਾ ਮੁੱਖ ਮੰਤਰੀ ਬਠਿੰਡਾ 'ਚ ਫ਼ੌਜੀਆਂ ਦੇ ਹਮਦਰਦ ਬਣੇ ਫਿਰ ਰਹੇ ਨੇ, ਦੂਜੇ ਪਾਸੇ ਓ ਬਾਦਲ ਸਾਹਿਬ ਅੰਮ੍ਰਿਤਸਰ 'ਚ ਫ਼ੌਜੀਆਂ ਨੂੰ ਬਾਹਲਾ ਈ ਚੇਤੇ ਕਰ ਰਹੇ ਆ। ਰੱਬ ਸੁੱਖ ਰੱਖੇ...ਡਾਢਾ ਫ਼ਿਕਰ ਇਨ੍ਹਾਂ ਨੂੰ...!!! ਲਗਦੈ ਇਕ ਮੁੱਖ ਮੰਤਰੀ ਬੁੱਤ ਬਣਾ ਧਰਦੈ, ਦੂਜਾ ਸੱਤਾ ਤੋਂ ਖੁੰਝਿਆ ਪੋਚਾ ਹੱਥ 'ਚ ਫੜੀ ਸਫਾਈ ਕਰਦਾ ਫਿਰਦੈ...। ਆ ਮਹਾਰਾਜਾ...ਸਾਹਿਬ...ਨੇ ਕਦੇ ਨੌਕਰਾਂ ਦੀ ਫ਼ੌਜ ਤੋਂ ਬਿਨਾਂ ਪੈਰ ਧਰਤੀ 'ਤੇ ਨਹੀਂ ਧਰਿਆ...ਆ ਹੱਥ 'ਚ ਪੋਚਾ ਦੇਖ ਫ਼ੌਜੀ ਦਾ ਬੁੱਤ ਵੀ ਖ਼ੁਸ਼ ਹੁੰਦਾ ਹੋਊ, ਮਹਾਰਾਜਾ ਸਾਹਿਬ ਨੂੰ ਮੇਰੀ ਕਿੰਨੀ ਚਿੰਤਾ ਹੋ ਰਹੀ ਐ...ਰੱਬ ਪੋਚਿਆਂ ਦੀ ਘਾਟ ਨਾ ਆਣ ਦੇਵੇ...। ਹੱਥ ਪੋਚਿਆਂ ਨਾਲ ਭਰੇ ਰਹਿਣ ਤੇ ਪੰਜਾਬ ਦੀ ਸਫ਼ਾਈ ਹੁੰਦੀ ਰਵ੍ਹੇ!!

## ਲਓ ਜੀ, ਬਹਿ ਗਿਆ ਭੱਠਾ !!

ਪੰਜਾਬ ਰੋਡਵੇਜ਼ ਤਾਂ ਪਹਿਲੋਂ ਈ ਫਟੇ ਹਾਲ ਸੀ, ਉਪਰੋਂ ਬਾਦਲ ਸਰਕਾਰ ਨੇ 117 ਅਕਾਲੀ-ਭਾਜਪਾ ਹਲਕਾ ਇੰਚਾਰਜਾਂ ਦੇ ਹੱਥ ਰੋਡਵੇਜ਼ ਦੀਆਂ ਬੱਸਾਂ ਦੀਆਂ ਚਾਬੀਆਂ ਫੜਾ ਦਿੱਤੀਆਂ। ਜਦੋਂ ਤਕ ਚੋਣ ਜ਼ਾਬਤਾ ਨਹੀਂ ਲਗਦਾ, ਬੱਸਾਂ ਹਲਕਾ ਇੰਚਾਰਜਾਂ ਹਵਾਲੇ ਰਹਿਣਗੀਆਂ। ਇਹਨੂੰ ਕਹਿੰਦੇ ਨੇ-'ਏਕ ਤੋ ਚੋਰੀ, ਉਪਰ ਸੇ ਸੀਨਾ ਜੋਰੀ'। ਬਾਦਲਾਂ ਦੀਆਂ ਬੱਸਾਂ ਤਾਂ ਪਹਿਲਾਂ ਈ ਸੜਕਾਂ 'ਤੇ ਭੜਥੂ ਪਾਉਂਦੀਆਂ ਫਿਰਦੀਆਂ ਨੇ...ਸਰਕਾਰੀ ਬੱਸਾਂ ਨੂੰ ਤਾਂ ਟਾਵਾਂ-ਟੱਲਾ ਰੂਟ ਈ ਮਿਲਦੈ...। ਅਦਾਲਤ ਦੀ ਸਖ਼ਤੀ ਦੀ ਵੀ ਬਾਦਲਾਂ ਨੇ ਪ੍ਰਵਾਹ ਨੀਂ ਕੀਤੀ...। ਸਰਕਾਰੀ ਬੱਸਾਂ ਦੇ ਰੂਟ ਬੰਦ ਕਰਕੇ, ਆਪਣੀਆਂ ਬੱਸਾਂ ਦਾ ਚੱਕਾ ਫਿਰਕੀ ਵਾਂਗ ਘੁਮਾਤਾ ਤੇ ਸਰਕਾਰੀ ਬੱਸਾਂ ਅਕਾਲੀ ਆਗੂਆਂ ਹਵਾਲੇ ਕਰਤੀਆਂ-ਲਓ, ਬਈ ਪੁੱਤਰੋ ਚੱਲੋ, ਧਾਰਮਿਕ ਸਥਾਨਾਂ 'ਤੇ... ਆਪਣੀ ਸਰਕਾਰ ਖ਼ਤਰੇ 'ਚ ਐ...ਨਾਲੇ ਪੁੰਨ...ਨਾਲੇ ਫਲੀਆਂ। ਨਾਲੇ ਤਾਂ ਤੁਸੀਂ ਧਾਰਮਿਕ ਸਥਾਨਾਂ 'ਤੇ ਜਾ ਕੇ ਬੱਸ ਇਕ ਵਾਰ ਹੋਰ ਸੱਤਾ ਮਿਲਣ ਲਈ ਲੇਲੜੀਆਂ ਕੱਢਿਓ, ਅਰਦਾਸਾਂ ਕਰੀਓ...ਨਾਲੇ ਲੋਕਾਂ ਨੂੰ 'ਰੱਬ-ਰੱਬ' ਜਪਾ ਕੇ ਵੋਟਾਂ ਆਪਣੇ ਵੱਲ ਖਿਸਕਾ ਲਇਓ! ਜਿਹੜੇ ਮਾੜੇ-ਮੋਟੇ ਰੋਡਵੇਜ਼ ਦੇ ਖਜ਼ਾਨੇ 'ਚ ਛਿੱਲੜ ਬਚੇ ਆ, ਆਪਣੇ ਚਾਹ-ਪਾਣੀ ਲਈ ਰੱਖ ਲੈਣਾ...। ਬਈ, ਥੋਨੂੰ ਕਾਹਦੀ ਤਕਲੀਫ਼ ਸਰਕਾਰ ਸਾਡੀ, ਬੱਸਾਂ ਸਾਡੀਆਂ, ਧਾਰਮਿਕ ਸਥਾਨ ਸਾਡੇ-ਤੁਸੀਂ ਐਵੇਂ ਟਿੰਡ 'ਚ ਕਾਨਾ ਪਾਈ ਜਾਂਦੇ ਹੋ।

## ਬੱਸ ਜ਼ਰਾ ਸਾਡੀ ਸਰਕਾਰ ਆਵੇ ਸਹੀ...!!

ਚੋਣ ਵਾਅਦਿਆਂ ਦਾ ਤਾਪ ਚੜ੍ਹਦਾ ਜਾ ਰਿਹਾ ਹੈ। ਰੋਜ਼ ਕੋਈ ਨਾ ਕੋਈ ਨੇਤਾ ਪੰਜਾਬੀਆਂ ਨੂੰ ਗੱਫ਼ੇ ਤੇ ਗੱਫ਼ੇ ਦੇ ਰਿਹੈ। ਚੱਲੋ ਖੈਰ! ਵਾਅਦੇ ਕਰਨ ਵਿਚ ਜਾਂਦਾ ਵੀ ਕੀ ਐ...। ਬੱਸ ਜ਼ਰਾ ਮੂੰਹ ਹੀ ਤਾਂ ਹਿਲਾਣੈ...। ਜੰਗ ਤੇ ਪਿਆਰ 'ਚ ਸਭ ਕੁਝ ਜਾਇਜ਼ ਹੈ। ਇਸੇ ਲਈ ਤਾਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੀ ਪਿਛੇ ਨਹੀਂ ਰਹਿਣਾ ਚਾਹੁੰਦੇ। ਭਲਾ ਉਹ ਕਿਉਂ ਪਿਛੇ ਰਹਿਣ...ਹੁਣ ਜਦ ਸਿਆਸਤ ਵਿਚ ਪੈਰ ਧਰ ਹੀ ਦਿੱਤੈ ਤਾਂ ਉਹਦੇ ਤੌਰ-ਤਰੀਕੇ ਵੀ ਤਾਂ ਸਿਖਣੇ ਹੀ ਪੈਣਗੇ। ਲਓ...ਜੀ ਉਨ੍ਹਾਂ ਪੰਜਾਬ ਦੇ ਕਾਰੋਬਾਰੀਆਂ ਨਾਲ ਵਾਅਦਾ ਕਰ ਲਿਐ ਕਿ ਉਹ ਛਾਪੇਮਾਰੀ ਰਾਜ ਖ਼ਤਮ ਕਰਨਗੇ...। ਹੁਣ ਵਪਾਰੀਆਂ ਨੂੰ ਡਰਨ ਦੀ ਕੋਈ ਲੋੜ ਨਹੀਂ...ਬੱਸ ਜ਼ਰਾ 'ਆਪ' ਦੀ ਸਰਕਾਰ ਬਣ ਲਵੇ। ਅੱਗੇ ਕਿਹੜਾ ਲੋਕਾਂ ਨੂੰ ਘੱਟ ਥੁੱਕ ਲਾਈਦੈ...ਹੁਣ ਜ਼ਰਾ ਡਰ-ਡੁਰ ਚੁਕਿਆ ਜਾਊ। ਉਂਜ ਇਹੀ ਕੇਜਰੀਵਾਲ ਨੇ ਦਿੱਲੀ ਵਿਚ 2014 ਦੌਰਾਨ ਕਾਰੋਬਾਰੀਆਂ 'ਤੇ ਰਿਕਾਰਡ 151 ਛਾਪੇ ਮਰਵਾਏ ਸਨ। ਦੇਖੋ...ਜੀ ਜਿਨ੍ਹਾਂ ਨੂੰ ਲੋੜ ਹੋਵੇ, ਉਹ ਐਦਾਂ ਦੇ ਰਿਕਾਰਡ ਲੱਭ ਹੀ ਲਿਆਂਦੇ ਨੇ...। ਇਹ ਰਿਕਾਰਡ ਵੀ ਕੈਪਟਨ ਅਮਰਿੰਦਰ ਸਿੰਘ ਕੱਢ ਕੇ ਲਿਆਏ ਹਨ...ਜਿਹੜੇ ਅੱਜ ਟਵਿੱਟਰ 'ਤੇ ਕੇਜਰੀਵਾਲ ਨੂੰ ਬਹਿਸ ਦਾ ਸੱਦਾ ਦੇ ਰਹੇ ਹਨ...। ਦੋ ਕੁ ਦਿਨਾਂ ਦੀ ਕੁੜ-ਕੁੜ ਮਗਰੋਂ ਕੇਜਰੀਵਾਲ ਨੇ ਇਹ ਕਹਿ ਕੇ ਫਾਹਾ ਵੱਢਿਆ ਕਿ ਮੈਂ ਤਾਂ ਸੋਨੀਆ ਜਾਂ ਰਾਹੁਲ ਗਾਂਧੀ ਨਾਲ ਬਹਿਸ ਕਰੂੰਗਾ, ਕੈਪਟਨ ਨਾਲ ਨਹੀਂ। ਚੱਲੋ ਜੀ ਬਹਿਸਾਂ-ਬੂਸਾਂ 'ਚ ਕੀ ਰੱਖਿਐ...ਤੁਸੀਂ ਲੋਕਾਂ ਨੂੰ ਮੂਰਖ਼ ਬਣਾਉਣ ਦਾ ਕੋਈ ਨਵਾਂ ਸ਼ੋਸ਼ਾ ਲੱਭੋ।

## ਕਰ ਲੋ ਘਿਓ ਨੂੰ ਭਾਂਡਾ !!

ਲਓ ਜੀ, ਕਰ ਲੋ ਘਿਓ ਨੂੰ ਭਾਂਡਾ...। ਆ ਅੰਮਾ (ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ) ਬਿਮਾਰ ਕੀ ਪਈ...ਅੰਦਰਖਾਤੇ 'ਪੁੱਤਾਂ' ਨੇ ਵਾਰਿਸ ਲੱਭਣਾ ਸ਼ੁਰੂ ਕਰ ਦਿੱਤਾ। ਸਰਵਨ ਪੁੱਤ ਬਣਨ ਦੀ ਹੱਦ ਤਾਂ ਦੇਖੋ-ਕੈਬਨਿਟ ਦੀ ਅਹਿਮ ਮੀਟਿੰਗ ਹੋਈ, 'ਪੜ੍ਹੇ-ਲਿਖੇ', ਸਮਾਜ ਨੂੰ 'ਸੇਧ' ਦੇਣ ਵਾਲੇ ਮੰਤਰੀਆਂ ਨੇ ਅੰਮਾ ਦੀ ਫੋਟੋ ਮੂਹਰੇ ਧਰ ਕੇ ਹੀ ਕੰਮ ਚਲਾ ਲਿਆ। ਇਹ ਅੰਮਾ ਲਈ ਅੰਨ੍ਹੀ ਸ਼ਰਧੈ ਜਾਂ ਲੋਕਾਂ ਦਾ ਡਰ...ਇਹ ਤਾਂ ਮੰਤਰੀ ਹੀ ਜਾਣਨ।



ਤੁਸੀਂ ਤਾਂ ਬੁੱਧੂ ਬਣ ਕੇ ਤਮਾਸ਼ਾ ਹੀ ਦੇਖਿਓ...ਸਿਆਣੇ ਨਾ ਹੋਇਓ...। ਵਿਗਿਆਨੀ ਐਵੇਂ ਮਗਜਖਪਾਈ ਕਰੀ ਜਾਂਦੈ ਕਿ ਵਹਿਮਾਂ-ਭਰਮਾਂ, ਮੂਰਤੀ ਪੂਜਾ ਦੇ ਪਾਖੰਡਾਂ ਤੋਂ ਦੂਰ ਰਹੋ...ਤੁਸੀਂ ਆਪਣੇ ਦਿਮਾਗ਼ਾਂ ਨੂੰ ਜੰਦਰੇ ਮਾਰ ਕੇ ਬੱਸ ਇਨ੍ਹਾਂ ਨੇਤਾਵਾਂ ਮਗਰ ਲੱਗੇ ਰਹੇਓ..!!

# ਪਰਵਾਸੀ ਭਾਰਤੀਆਂ ਦਾ ਦੋਸ਼ : ਮੈਡੀਕਲ ਸਿੱਖਿਆ ਲਈ ਕੋਈ ਪੱਕੀ ਨੀਤੀ ਨਾ ਹੋਣ ਕਾਰਨ ਖੱਜਲ ਹੋ ਰਹੇ ਹਨ ਸਾਡੇ ਬੱਚੇ

**ਜਲੰਧਰ/ਬਿਊਰੋ ਨਿਊਜ਼ :**

ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸਤਨਾਮ ਸਿੰਘ ਚਾਹਲ ਅਤੇ ਮਿਸ਼ੀਗਨ ਸਟੇਟ ਚੈਪਟਰ ਦੀ ਚੇਅਰਪਰਸਨ ਰਾਣੀ ਮਾਹਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਰਵਾਸੀ ਪੰਜਾਬੀਆਂ ਲਈ ਮੈਡੀਕਲ ਸਿੱਖਿਆ ਲਈ ਕੋਈ ਪੱਕੀ ਨੀਤੀ ਨਾ ਹੋਣ ਕਾਰਨ ਐਨਆਰਆਈ ਬੱਚੇ ਖੱਜਲ ਹੋ ਰਹੇ ਹਨ। ਰਾਣੀ ਮਾਹਲ ਨੇ ਦੱਸਿਆ ਕਿ ਉਨ੍ਹਾਂ ਦੇ ਅਮਨ ਮਾਹਲ ਪੁੱਤਰ ਨੇ ਪੰਜਾਬ ਵਿੱਚ ਮੈਡੀਕਲ ਸਿੱਖਿਆ ਲੈਣ ਦਾ ਮਨ ਬਣਾਇਆ ਸੀ ਪਰ ਜਿਸ ਢੰਗ ਨਾਲ ਉਸ ਦੀ ਖੱਜਲ ਖੁਆਰੀ ਹੋਈ ਹੈ, ਉਸ ਨਾਲ ਹੋਰ ਪਰਵਾਸੀ ਬੱਚੇ ਵੀ ਪੰਜਾਬ ਆਉਣ ਤੋਂ ਟਾਲਾ ਵੱਟਣਗੇ। ਇਸ ਮੌਕੇ ਅਮਨ ਮਾਹਲ ਨੇ ਦੱਸਿਆ ਕਿ ਉਹ ਅਮਰੀਕਾ ਵਿੱਚ ਜੰਮਿਆ ਹੈ ਤੇ ਪੰਜਾਬ ਨਾਲ ਜੁੜਨਾ ਦਾ ਇੱਛੁਕ ਹੈ। ਮਈ ਵਿੱਚ ਜਦੋਂ ਇੱਥੇ ਆ ਕੇ ਪੜ੍ਹਨ ਦਾ ਮਨ ਬਣਾਇਆ ਤਾਂ ਕੁੱਝ ਹੀ ਹਫ਼ਤਿਆਂ ਅੰਦਰ ਇੱਥੇ ਪੜ੍ਹਾਈ ਦੇ ਨਿਯਮ ਬਦਲ ਗਏ। ਦਾਖ਼ਲਿਆਂ ਤੋਂ ਕੁੱਝ ਮਹੀਨੇ ਪਹਿਲਾਂ ਨਿਯਮ ਬਦਲਣ ਕਾਰਨ ਤਿਆਰੀ ਲਈ ਵੀ ਸਮਾਂ ਨਹੀਂ ਮਿਲਿਆ।



ਬਾਕੀ ਸਫ਼ਾ 40 'ਤੇ

## ਸੱਜਣ ਕੁਮਾਰ ਦੀ ਪਟੀਸ਼ਨ ’ਤੇ ਫ਼ੈਸਲਾ ਰਾਖਵਾਂ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਡਿਵੀਜ਼ਨ ਬੈਂਚ ਦੇ ਇਕ ਜੱਜ ਉਤੇ ਪੱਖਪਾਤ ਦਾ ਦੋਸ਼ ਲਗਾ ਕੇ 1984 ਦੇ ਸਿੱਖ ਕਤਲੇਆਮ ਸਬੰਧੀ ਕੇਸ ਨੂੰ ਤਬਦੀਲ ਕਰਾਉਣ ਲਈ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਹੋਰਾਂ ਵੱਲੋਂ ਦਾਖ਼ਲ ਕੀਤੀ ਅਰਜ਼ੀਆਂ ’ਤੇ ਦਿੱਲੀ ਹਾਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਬਹਿਸ ਦੌਰਾਨ ਸੀਬੀਆਈ ਨੇ ਜਸਟਿਸ ਪੀਐਸ ਤੇਜੀ ਅਤੇ ਗੀਤਾ ਮਿੱਤਲ ਦੇ ਬੈਂਚ ਨੂੰ ਕਿਹਾ ਕਿ ਇਹ ਅਰਜ਼ੀਆਂ ਰੱਦ ਕੀਤੀਆਂ ਜਾਣ ਕਿਉਂਕਿ ਇਹ ਮੁਕੱਦਮੇ ਨੂੰ ਲਟਕਾਉਣ ਦਾ ਯਤਨ ਹੈ। ਸੱਜਣ ਕੁਮਾਰ ਤੇ ਹੋਰਨਾਂ ਨੇ ਆਪਣੀਆਂ ਅਰਜ਼ੀਆਂ ਵਿਚ ਦੋਸ਼ ਲਗਾਏ ਸਨ ਕਿ ਜਸਟਿਸ ਤੇਜੀ ਇਸ ਮਾਮਲੇ ਬਾਰੇ ਪਹਿਲਾਂ ਹੀ ਜਾਣਦੇ ਹਨ, ਜਦੋਂ ਉਹ ਇਸ ਮਾਮਲੇ ਦੀ ਪਹਿਲਾਂ ਸੁਣਵਾਈ ਕਰ ਰਹੀ ਅਦਾਲਤ ਦੇ ਜੱਜ ਸਨ। ਉਨ੍ਹਾਂ ਨੇ ਜਸਟਿਸ ਤੇਜੀ ’ਤੇ ਪੱਖਪਾਤ ਦੇ ਵੀ ਦੋਸ਼ ਲਗਾਏ। ਇਸ ਮਾਮਲੇ ਵਿਚ ਪੀੜਤਾਂ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਨੇ ਇਨ੍ਹਾਂ ਪਟੀਸ਼ਨਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਅਜਿਹੇ ਦੋਸ਼ਾਂ ਵੱਲ ਅਦਾਲਤ ਵੱਲੋਂ ਕੋਈ ਧਿਆਨ ਨਾ ਦਿੱਤਾ ਜਾਵੇ।

## ਟਾਈਟਲਰ ਕੇਸ ’ਚ ਸੀਬੀਆਈ ਨੇ ਜਾਂਚ ਲਈ ਹੋਰ ਸਮਾਂ ਮੰਗਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੀਬੀਆਈ ਨੇ ਦਿੱਲੀ ਦੀ ਅਦਾਲਤ ਨੂੰ ਕਿਹਾ ਕਿ 1984 ਦੇ ਸਿੱਖ ਕਤਲੇਆਮ ਕੇਸ ਦੀ ਅਗਲੀ ਪੜਤਾਲ ਪੂਰੀ ਕਰਨ ਲਈ ਘੱਟੋ-ਘੱਟ ਚਾਰ ਮਹੀਨਿਆਂ ਦਾ ਸਮਾਂ ਚਾਹੀਦਾ ਹੈ। ਇਸ ਮਾਮਲੇ ਵਿੱਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦਿੱਤੀ ਗਈ ਸੀ। ਜਾਂਚ ਏਜੰਸੀ ਨੇ ਅਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਸ਼ਿਵਾਲੀ ਸ਼ਰਮਾ ਅੱਗੇ ਦਲੀਲ ਦਿੱਤੀ, ਜਿਨ੍ਹਾਂ ਨੇ ਇਸ ਜਾਂਚ ਵਿੱਚ ਤੇਜ਼ੀ ਲਿਆਉਣ ਅਤੇ ਆਖ਼ਰੀ ਰਿਪੋਰਟ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਮੈਜਿਸਟਰੇਟ ਨੇ ਸੀਬੀਆਈ ਨੂੰ ਕਿਹਾ ਕਿ ਉਹ ਆਖ਼ਰੀ ਰਿਪੋਰਟ ਦਾਖ਼ਲ ਕਰੇ। ਮੈਜਿਸਟਰੇਟ ਨੇ ਜਾਂਚ ਏਜੰਸੀ ਨੂੰ ਪੁੱਛਿਆ ਕਿ ਜਾਂਚ ਪੂਰੀ ਕਰਨ ਲਈ ਕਿੰਨਾ ਸਮਾਂ ਚਾਹੀਦਾ ਹੈ? ਸੀਬੀਆਈ ਅਧਿਕਾਰੀਆਂ ਨੇ ਕਿਹਾ ਕਿ ਉਹ ਕੁਝ ਏਜੰਸੀਆਂ ਦੇ ਜਵਾਬ ਦਾ ਇੰਤਜ਼ਾਰ ਕਰ ਰਹੇ ਹਨ, ਜਿਸ ਵਿੱਚ ਕੁਝ ਸਮਾਂ ਲੱਗੇਗਾ। ਪੜਤਾਲ ਪੂਰੀ ਕਰਨ ਲਈ ਘੱਟੋ-ਘੱਟ ਚਾਰ ਮਹੀਨੇ ਦਾ ਸਮਾਂ ਲੱਗੇਗਾ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 16 ਫਰਵਰੀ ’ਤੇ ਪਾ ਦਿੱਤੀ ਹੈ। ਇਸੇ ਦੌਰਾਨ ਦੰਗਾ ਪੀੜਤਾਂ ਦੀ ਨੁਮਾਇੰਦਗੀ ਕਰਨ ਵਾਲੇ ਐਚ.ਐਸ. ਫੂਲਕਾ ਨੇ ਦੋਸ਼ ਲਾਇਆ ਕਿ ਸੀਬੀਆਈ ਇਸ ਮਾਮਲੇ ਵਿੱਚ ਟਾਈਟਲਰ ਨੂੰ ਤਿੰਨ ਵਾਰ ਕਲੀਨ ਚਿੱਟ ਦੇ ਕੇ ਉਸ ਦਾ ਬਚਾਅ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਪੂਰੀ ਕਰਨ ਵਿੱਚ ਉਹ ਏਜੰਸੀ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣ ਨੂੰ ਤਿਆਰ ਹਨ। ਇਸ ਦੌਰਾਨ ਅਦਾਲਤ ਨੇ ਜਦੋਂ ਪੁੱਛਿਆ ਕਿ ਉਹ ਨਰਿੰਦਰ ਸਿੰਘ ਨੂੰ ਮਨਾ ਸਕਦੇ ਹਨ ਤੇ ਜਾਂਚ ਵਿੱਚ ਸ਼ਾਮਲ ਕਰਨ ਲਈ ਭਾਰਤ ਲਿਆ ਸਕਦੇ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇ ਕਾਬੂ ਵਿੱਚ ਨਹੀਂ ਹਨ। ਦੱਸਣਯੋਗ ਹੈ ਕਿ ਨਰਿੰਦਰ ਸਿੰਘ ਕੈਨੇਡਾ ਟਾਈਟਲਰ ਖ਼ਿਲਾਫ਼ ਇੱਕ ਮੁੱਖ ਗਵਾਹ ਦਾ ਬੇਟਾ ਹੈ। ਸੀਬੀਆਈ ਦੇ ਇੱਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਨਰਿੰਦਰ ਸਿੰਘ ਨੇ ਭਾਰਤ ਆਉਣ ਅਤੇ ਜਾਂਚ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ।

# ਅੰਮ੍ਰਿਤਸਰ ਗੇਟ, ਪ੍ਰਵੇਸ਼ ਦੁਆਰ ਤੇ ਵਿਰਾਸਤੀ ਮਾਰਗ ਦਾ ਉਦਘਾਟਨ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਸ਼ਹਿਰ ਦਾ ਮੁਹਾਂਦਰਾ ਬਦਲਣ ਲਈ ਬਣਾਏ ਗਏ ਪ੍ਰਵੇਸ਼ ਦੁਆਰ (ਗੇਟ ਵੇਅ ਆਫ ਅੰਮ੍ਰਿਤਸਰ), ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦਾ ਜ਼ਮੀਨਦੋਜ਼ ਹਿੱਸਾ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦਾ ਵਿਰਾਸਤੀ ਦਿੱਖ ਵਾਲਾ ਮਾਰਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸਾਂਝੇ ਤੌਰ ’ਤੇ ਲੋਕ ਅਰਪਿਤ ਕੀਤਾ ਗਿਆ। ਇਸ ਸਬੰਧੀ ਰੱਖੇ ਸਮਾਗਮ ਸਮੇਂ ਧਾਰਮਿਕ ਤੇ ਰਾਜਸੀ ਸ਼ਖ਼ਸੀਅਤਾਂ ਨੇ ਖਾਸ ਕਰਕੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਸੂਬੇ ਅਤੇ ਸ਼ਹਿਰ ਦੇ ਵਿਕਾਸ ਲਈ ਅਕਾਲੀ-ਭਾਜਪਾ ਗੱਠਜੋੜ ਨੂੰ ਇਕ ਹੋਰ ਮੌਕਾ ਦਿੱਤਾ ਜਾਵੇ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਜੇ ਅਕਾਲੀ ਭਾਜਪਾ ਸਰਕਾਰ ਨੂੰ ਮੁੜ ਸੱਤਾ ਵਿੱਚ ਆਉਣ ਦਾ ਮੌਕਾ ਮਿਲਿਆ ਤਾਂ ਇਸ ਵਿਰਾਸਤੀ ਮਾਰਗ ਵਾਂਗ ਹੀ ਸਮੁੱਚੇ ਅੰਮ੍ਰਿਤਸਰ ਸ਼ਹਿਰ ਦਾ ਮੁਹਾਂਦਰਾ ਬਦਲ ਦੇਣਗੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਹੋਰ ਰਸਤੇ ਵੀ ਇਸੇ ਤਰ੍ਹਾਂ ਵਿਰਾਸਤੀ ਦਿੱਖ ਵਾਲੇ ਬਣਾਏ ਜਾਣਗੇ। ਮੀਡੀਆ ਨੂੰ ਕਰਾਈ ਗਈ ਵਿਰਾਸਤੀ ਸੈਰ ਤੋਂ ਬਾਅਦ ਸਰਕਾਰ ਵੱਲੋਂ ਸਮੁੱਚੇ ਮੰਤਰੀ ਮੰਡਲ ਸਮੇਤ ਧਾਰਮਿਕ ਸ਼ਖ਼ਸੀਅਤਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਹੋਰਨਾਂ ਲਈ ਵਿਰਾਸਤੀ ਸੈਰ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਟਾਊਨ ਹਾਲ ਨੇੜੇ ਸਮਾਗਮ ਕੀਤਾ ਗਿਆ, ਜਿਸ ਵਿੱਚ ਦਮਦਮੀ ਟਕਸਾਲ, ਸਿੱਖ ਜਥੇਬੰਦੀਆਂ, ਸਭਾ ਸੁਸਾਇਟੀਆਂ, ਨਿਹੰਗ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਇਸ ਮੌਕੇ ਧਾਰਮਿਕ ਤੇ ਰਾਜਸੀ ਸ਼ਖ਼ਸੀਅਤਾਂ ਨੇ ਇਸ ਕਾਰਜ ਲਈ ਉਪ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਵਿਰਾਸਤੀ ਦਿੱਖ ਦੇ ਕੰਮ ਨੂੰ ਗੁਰੂ ਘਰ ਵੱਲੋਂ ਸੌਂਪੀ ਸੇਵਾ ਕਰਾਰ ਦਿੱਤਾ। ਉਨ੍ਹਾਂ ਉਪ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਹੋਰ ਰਸਤਿਆਂ ਨੂੰ ਵੀ ਇਸੇ ਤਰ੍ਹਾਂ ਦੀ ਵਿਰਾਸਤੀ ਦਿੱਖ ਦੇਣ ਤਾਂ ਜੋ ਯਾਤਰੂ ਕਿਸੇ ਵੀ ਰਸਤੇ ਹਰਿਮੰਦਰ ਸਾਹਿਬ ਆਉਣ ਤਾਂ ਉਨ੍ਹਾਂ ਨੂੰ ਨਵੀਂ ਦਿੱਖ ਦਿਖਾਈ ਦੇਵੇ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਰਸਤੇ ਨੂੰ ਨਵੀਂ ਦਿੱਖ ਦੇਣ ਲਈ ਬਾਦਲ ਪਰਿਵਾਰ ਦੀ ਸ਼ਲਾਘਾ ਕਰਦਿਆਂ ਅਰਦਾਸ ਕੀਤੀ ਕਿ ਇਨ੍ਹਾਂ ਨੂੰ ਹੋਰ ਸਮਾਂ ਮਿਲੇ ਤਾਂ ਜੋ ਇਹ ਗੁਰੂ ਨਗਰੀ ਨੂੰ ਵੀ ਇਸੇ ਤਰ੍ਹਾਂ ਨਵੀਂ ਦਿੱਖ ਦੇ ਸਕਣ। ਇਸ ਤੋਂ ਪਹਿਲਾਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ, ਭਾਜਪਾ ਪ੍ਰਧਾਨ ਤੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਵੀ ਆਪਣੇ ਸੰਬੋਧਨ ਦੌਰਾਨ ਕੀਤੇ ਇਨ੍ਹਾਂ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਬੁਲਾਰਿਆਂ ਨੇ ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤਸਰ ਆਉਣ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਨੂੰ ਦਿੱਤੀ ਗਈ ਵਿਰਾਸਤੀ ਦਿੱਖ ਨੂੰ ਖ਼ੁਦ ਦੇਖਣ।

# ਜੰਗੀ ਨਾਇਕ ਯਾਦਗਾਰ ਤੇ ਸਮਾਰਕ ਦੇਸ਼ ਵਾਸੀਆਂ ਨੂੰ ਸਮਰਪਿਤ

### ਲਗਭਗ 130 ਫੁੱਟ ਉੱਚੀ ਅਤੇ 54 ਟਨ ਭਾਰੀ ਕਿਰਪਾਨ ਦੀ ਧਾਰ ਪਾਕਿਸਤਾਨ ਵੱਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਭਵਨ ਨਿਰਮਾਣਕਾਰ ਕਪੂਰ ਐਂਡ ਐਸੋਸੀਏਸ਼ਨ ਦੇ ਮੁਖੀ ਰਕੇਸ਼ ਕਪੂਰ ਨੇ ਦੱਸਿਆ ਕਿ ਪੰਜਾਬ ਰਾਜ ਜੰਗੀ ਨਾਇਕ ਯਾਦਗਾਰ ਤੇ ਸਮਾਰਕ ਵਿੱਚ ਬਣਾਈ ਲਗਭਗ 130 ਫੁੱਟ ਉੱਚੀ ਅਤੇ 54 ਟਨ ਭਾਰੀ ਕਿਰਪਾਨ ਫ਼ੌਜਾਂ ਦੇ ਮਾਣ ਸਨਮਾਨ ਅਤੇ ਬਹਾਦਰੀ ਦੀ ਪ੍ਰਤੀਕ ਹੈ, ਜੋ ਦੇਸ਼ ਵਾਸੀਆਂ ਦੀ ਰੱਖਿਆ ਲਈ ਕਿਸੇ ਵੇਲੇ ਵੀ ਚੁੱਕੀ ਜਾ ਸਕਦੀ ਹੈ। ਯਾਦਗਾਰ ਵਿੱਚ ਸਥਾਪਤ ਕੀਤੀ ਇਹ ਕਿਰਪਾਨ ਦੁਸ਼ਮਣ ਤਾਕਤਾਂ ਨੂੰ ਇਹ ਸੁਨੇਹਾ ਦਿੰਦੀ ਹੈ। ਇਹ ਸਮਾਰਕ ਪੰਜਾਬ ਸਰਕਾਰ ਵੱਲੋਂ ਲਗਭਗ 130 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਹੈ, ਜਿਸ ਨੂੰ ਲੋਕ ਅਰਪਣ ਕੀਤਾ ਹੈ।



ਦਿੱਲੀ ਆਧਾਰਤ ਭਵਨ ਨਿਰਮਾਣ ਕੰਪਨੀ ਦੇ ਮੁਖੀ ਰਕੇਸ਼ ਕਪੂਰ ਨੇ ਖ਼ੁਲਾਸਾ ਕੀਤਾ ਕਿ ਯਾਦਗਾਰ ਦੀ ਉਸਾਰੀ ਦਾ ਕੰਮ ਉਨ੍ਹਾਂ ਦੀ ਕੰਪਨੀ ਨੂੰ ਇਸ ਸਬੰਧੀ ਕਰਾਏ ਮੁਕਾਬਲੇ ਵਿੱਚ ਜੇਤੂ ਹੋਣ ’ਤੇ ਦਿੱਤਾ ਗਿਆ ਸੀ। ਰਕੇਸ਼ ਕਪੂਰ ਨੇ ਦੱਸਿਆ ਕਿ ਸਮਾਰਕ ਵਿੱਚ ਕਿਰਪਾਨ ਨੂੰ ਮੁੱਖ ਤੌਰ ’ਤੇ ਕੇਂਦਰਤ ਕੀਤਾ ਗਿਆ ਹੈ। ਯਾਦਗਾਰ ਵਜੋਂ ਕਿਰਪਾਨ ਦੀ ਚੋਣ ਇਸ ਲਈ ਕੀਤੀ ਗਈ, ਕਿਉਂਕਿ ਕਿਰਪਾਨ ਫ਼ੌਜ ਅਤੇ ਖ਼ਾਸ ਕਰਕੇ ਪੰਜਾਬੀਆਂ ਦੇ ਮਾਣ ਤੇ ਸ਼ਾਨ ਦੀ ਪ੍ਰਤੀਕ ਹੈ। ਉਨ੍ਹਾਂ ਦੱਸਿਆ ਕਿ 45 ਮੀਟਰ ਉੱਚੀ ਇਹ ਕਿਰਪਾਨ ਸਟੇਨਲੈੱਸ ਸਟੀਲ ਦੀ ਬਣੀ ਹੋਈ ਹੈ, ਜਿਸ ਦੇ ਹੇਠਲੇ ਹਿੱਸੇ ਵਿੱਚ ਚਾਰ ਸ਼ੇਰ ਦਿਖਾਏ ਗਏ ਹਨ। ਇਹ ਸ਼ੇਰ ਚਾਰੇ ਦਿਸ਼ਾਵਾਂ ਵੱਲ ਹਨ, ਜੋ ਇਹ ਸੰਕੇਤ ਕਰਦੇ ਹਨ ਕਿ ਦੁਸ਼ਮਣ ਕਿਸੇ ਵੀ ਦਿਸ਼ਾ ਵੱਲੋਂ ਆਵੇ, ਇਹ ਕਿਰਪਾਨ ਮੁਕਾਬਲੇ ਲਈ ਤਿਆਰ ਹੈ। ਉਨ੍ਹਾਂ ਦੱਸਿਆ ਕਿ ਕਿਰਪਾਨ ਦਾ ਡਿਜ਼ਾਈਨ ਤਿਆਰ ਕਰਨ ਅਤੇ ਇਸ ਦੇ ਹੇਠਾਂ ਸ਼ੇਰ ਬਣਾਉਣ ਤੋਂ ਪਹਿਲਾਂ ਲੰਮਾ ਅਧਿਐਨ ਕੀਤਾ ਗਿਆ। ਨਿਰਮਾਣਕਾਰਾਂ ਨੇ ਭਾਵੇਂ ਕਿਰਪਾਨ ਦੀ ਧਾਰ ਦੀ ਦਿਸ਼ਾ ਪਾਕਿਸਤਾਨ ਵੱਲ ਕੀਤੇ ਜਾਣ ਬਾਰੇ ਕੁਝ ਨਹੀਂ ਕਿਹਾ ਪਰ ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਜੇ. ਜੇ. ਸਿੰਘ ਨੇ ਆਖਿਆ ਕਿ ਕਿਰਪਾਨ ਦੀ ਧਾਰ ਪਾਕਿਸਤਾਨ ਵੱਲ ਇਸ ਲਈ ਕੀਤੀ ਗਈ ਹੈ ਤਾਂ ਜੋ ਉਸ ਨੂੰ ਯਾਦ ਰਹੇ ਕਿ ਜੇਕਰ ਭਾਰਤ ਵੱਲ ਟੇਢੀ ਅੱਖ ਕੀਤੀ ਤਾਂ ਮੂੰਹ ਤੋੜਵਾਂ ਜਵਾਬ ਮਿਲੇਗਾ।

# ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਛੇਤੀ ਸੱਦਣ ਲਈ ਪੰਜਾਬ ਸਰਕਾਰ ਨੇ ਕੇਂਦਰ ਨੂੰ ਪੱਤਰ ਲਿਖਿਆ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਵੱਲੋਂ ਅੱਜ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਕ ਪੱਤਰ ਲਿਖ ਕੇ ਕਿਹਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦਾ ਸਤੰਬਰ 2011 ਵਿਚ ਚੁਣਿਆ ਗਿਆ ਜਨਰਲ ਹਾਊਸ ਜੋ ਕਿ ਅਦਾਲਤੀ ਹੁਕਮਾਂ ਕਾਰਨ ਕੰਮ ਨਹੀਂ ਸੰਭਾਲ ਸਕਿਆ ਸੀ, ਸਬੰਧੀ ਅਦਾਲਤੀ ਰੁਕਾਵਟਾਂ ਖ਼ਤਮ ਹੋ ਜਾਣ ਕਾਰਨ ਜਨਰਲ ਹਾਊਸ ਨੂੰ ਨੋਟੀਫਾਈ ਕਰਕੇ ਇਸ ਦੀ ਪਹਿਲੀ ਮੀਟਿੰਗ ਛੇਤੀ ਬੁਲਾਉਣ ਸਬੰਧੀ ਹੁਕਮ ਜਾਰੀ ਕੀਤੇ ਜਾਣ। ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਸਬੰਧੀ ਰੋਕਾਂ ਨੂੰ ਖ਼ਤਮ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਕੇਂਦਰੀ ਗ੍ਰਹਿ ਵਿਭਾਗ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਹੁਣ ਨਵੇਂ ਚੁਣੇ ਗਏ ਜਨਰਲ ਹਾਊਸ ਨੂੰ ਨੋਟੀਫਾਈ ਕਰਕੇ ਨਿਯਮਾਂ ਅਨੁਸਾਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਜਨਰਲ ਹਾਊਸ ਦੀ ਪਹਿਲੀ ਬੈਠਕ ਬੁਲਾਉਣ ਅਤੇ ਆਪਣੀ ਨਿਗਰਾਨੀ ਵਿਚ ਨਵੇਂ ਅਹੁਦੇਦਾਰਾਂ ਦੀ ਚੋਣ ਕਰਵਾਉਣ ਲਈ ਕਿਹਾ ਜਾਵੇ। ਸ਼੍ਰੋਮਣੀ ਕਮੇਟੀ ਦੇ ਐਕਟ ਅਨੁਸਾਰ ਪਹਿਲੀ ਮੀਟਿੰਗ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਕੀਤੀ ਜਾਂਦੀ ਹੈ ਪਰ ਕੇਂਦਰੀ ਗ੍ਰਹਿ ਵਿਭਾਗ ਵੱਲੋਂ ਸ਼੍ਰੋਮਣੀ ਕਮੇਟੀ ਦਾ ਪੱਤਰ ਪੰਜਾਬ ਸਰਕਾਰ ਨੂੰ ਉਸ ਦੀਆਂ ਟਿੱਪਣੀਆਂ ਲਈ ਭੇਜ ਦਿੱਤਾ ਗਿਆ ਸੀ ਅਤੇ ਰਾਜ ਦੇ ਗ੍ਰਹਿ ਵਿਭਾਗ ਵੱਲੋਂ ਇਸ ਸਬੰਧੀ ਕੇਂਦਰੀ ਗ੍ਰਹਿ ਵਿਭਾਗ ਨੂੰ ਭੇਜੇ ਜਵਾਬ ਵਿਚ ਜਨਰਲ ਹਾਊਸ ਦੀ ਬੈਠਕ ਸੱਦਣ ਲਈ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਕੁੱਲ 185 ਮੈਂਬਰ ਹੁੰਦੇ ਹਨ, ਜਿਸ ਵਿਚੋਂ 157 ਪੰਜਾਬ ਵਿਚੋਂ ਚੁਣੇ ਜਾਂਦੇ ਹਨ, 11 ਹਰਿਆਣਾ ਵਿਚੋਂ ਅਤੇ ਚੰਡੀਗੜ੍ਹ ਕੇਂਦਰੀ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਵਿਚੋਂ 1-1 ਉਮੀਦਵਾਰ ਚੁਣਿਆ ਜਾਂਦਾ ਹੈ, ਜਦੋਂਕਿ 15 ਮੈਂਬਰ ਜਨਰਲ ਹਾਊਸ ਵੱਲੋਂ ਕੋਆਪਟ ਕੀਤੇ ਜਾਂਦੇ ਹਨ, ਸੂਚਨਾ ਅਨੁਸਾਰ ਇਸ ਨਵੇਂ ਚੁਣੇ ਗਏ ਜਨਰਲ ਹਾਊਸ ਵੱਲੋਂ 5 ਦਸੰਬਰ 2011 ਨੂੰ ਆਪਣੀ ਪਲੇਠੀ ਬੈਠਕ ਵਿਚ 15 ਮੈਂਬਰ ਵੀ ਕੋਆਪਟ ਕਰ ਲਏ ਸਨ ਅਤੇ ਇਸ ਤੋਂ ਬਾਅਦ ਸਮੁੱਚੇ ਜਨਰਲ ਹਾਊਸ ਦੇ ਗਠਨ ਸਬੰਧੀ ਕੇਂਦਰੀ ਗ੍ਰਹਿ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਹੋਣਾ ਸੀ, ਜੋ ਕਿ ਅਦਾਲਤੀ ਕੇਸ ਕਾਰਨ ਨਹੀਂ ਹੋ ਸਕਿਆ ਸੀ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਇੱਥੇ ਅਕਾਲੀ ਦਲ ਦੀ ਕੋਰ ਕਮੇਟੀ ਦੀ ਬੈਠਕ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੂੰ ਬੁਲਾਉਣ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ। ਉੱਚ ਪਾਰਟੀ ਸੂਤਰਾਂ ਅਨੁਸਾਰ ਰਾਜ ਸਰਕਾਰ ਵੱਲੋਂ ਜਨਰਲ ਹਾਊਸ ਦੀ ਇਹ ਬੈਠਕ 5 ਨਵੰਬਰ ਨੂੰ ਸੱਦੇ ਜਾਣ ਦੀ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ, ਕਿਉਂਕਿ ਦੂਜੇ ਸਮਾਗਮਾਂ ਅਤੇ ਚੋਣ ਪ੍ਰੋਗਰਾਮਾਂ ਕਾਰਨ ਸਾਰੇ ਮੁੱਖ ਆਗੂ ਕਾਫ਼ੀ ਵਿਅਸਥ ਚੱਲ ਰਹੇ ਹਨ। ਸੂਚਨਾ ਅਨੁਸਾਰ ਮੁੱਖ ਮੰਤਰੀ ਵੱਲੋਂ ਇਸ ਸਬੰਧੀ ਕੇਂਦਰੀ ਗ੍ਰਹਿ ਵਿਭਾਗ ਨਾਲ ਵੀ ਸਿੱਧਾ ਰਾਬਤਾ ਰੱਖਿਆ ਜਾ ਰਿਹਾ ਹੈ ਅਤੇ ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਗ੍ਰਹਿ ਵਿਭਾਗ ਵੱਲੋਂ ਨੋਟੀਫਿਕੇਸ਼ਨ ਆਉਂਦੇ 3-4 ਦਿਨਾਂ ਦੌਰਾਨ ਹੋ ਜਾਵੇਗਾ।

## ਹਰਸਿਮਰਤ ਬਾਦਲ ਕੋਲ ਛੇ ਕਰੋੜ ਦੇ ਗਹਿਣਿਆਂ ਦੀ ‘ਛਾਂ’

### ਕੇਂਦਰੀ ਵਜ਼ਾਰਤ ’ਚ ਸ਼ਾਮਲ ਔਰਤਾਂ ’ਚੋਂ ਸਭ ਤੋਂ ਅੱਗੇ

**ਬਠਿੰਡਾ/ਬਿਊਰੋ ਨਿਊਜ਼ :** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਕੋਲ ਤਕਰੀਬਨ ਛੇ ਕਰੋੜ ਰੁਪਏ ਦੇ ਗਹਿਣੇ ਹਨ। ਇਸ ਮਾਮਲੇ ਵਿੱਚ ਉਨ੍ਹਾਂ ਨੇ ਪੂਰੀ ਕੇਂਦਰੀ ਵਜ਼ਾਰਤ ਨੂੰ ਪਛਾੜ ਦਿੱਤਾ ਹੈ। ਸ੍ਰੀਮਤੀ ਬਾਦਲ ਨੇ 2015-16 ਮਾਲੀ ਵਰ੍ਹੇ ਦੌਰਾਨ ਤਕਰੀਬਨ 62 ਲੱਖ ਰੁਪਏ ਦੇ ਗਹਿਣੇ ਖ਼ਰੀਦੇ ਹਨ। ਕੇਂਦਰੀ ਵਜ਼ਾਰਤ ਵਿੱਚ ਨੌਂ ਔਰਤਾਂ ਸ਼ਾਮਲ ਹਨ ਪਰ ਗਹਿਣਿਆਂ ਦੇ ਮਾਮਲੇ ਵਿੱਚ ਕੋਈ ਵੀ ਸ੍ਰੀਮਤੀ ਬਾਦਲ ਦੇ ਨੇੜੇ-ਤੇੜੇ ਨਹੀਂ ਹੈ। ਹਰਸਿਮਰਤ ਬਾਦਲ ਨੇ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਸਾਲ 2015-16 ਦੀ ਜਿਹੜੀ ਤਾਜ਼ਾ ਰਿਟਰਨ ਦਾਖ਼ਲ ਕੀਤੀ ਹੈ, ਉਸ ਮੁਤਾਬਕ ਹੁਣ ਕੇਂਦਰੀ ਮੰਤਰੀ ਸ੍ਰੀਮਤੀ ਬਾਦਲ ਕੋਲ 6.02 ਕਰੋੜ

ਬਾਕੀ ਸਫ਼ਾ 40 ’ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

26 ਅਕਤੂਬਰ 2016 ਤੋਂ 01 ਨਵੰਬਰ 2016

## ਅੱਜ ਫਿਰ ਤੇਰੀ ਯਾਦ ਆਈ...

**ਕਰਮਜੀਤ ਸਿੰਘ ਚੰਡੀਗੜ੍ਹ**, ਮੋਬਾਈਲ : 99150-91063

ਖ਼ਾਲਸਾ ਪੰਥ ਰੂਹ ਦੇ ਜ਼ੋਰ ਨਾਲ ਜੀਣ ਵਾਲਾ ਪੰਥ ਹੈ, ਮਾਰਗ ਹੈ ਅਤੇ ਪੜ੍ਹਿਆਂ ਲਿਖਿਆਂ ਵਾਲੇ ਮੁਹਾਵਰੇ ਮੁਤਾਬਕ ਇਕ ਕੌਮ ਹੈ। ਦੂਜੇ ਸ਼ਬਦਾਂ ਵਿਚ ਅਸੀਂ ਰੂਹ-ਪ੍ਰਧਾਨ ਕੌਮ ਹਾਂ ਨਾ ਕਿ ਤਰਕ-ਪ੍ਰਧਾਨ ਪੰਥ ਹਾਂ। ਸਾਡਾ ਪੈਂਡਾ ਰੂਹ ਤੋਂ ਤਰਕ ਵੱਲ ਨੂੰ ਜਾਂਦਾ ਹੈ ਜਾਂ ਇਉਂ ਕਹਿ ਲਓ ਕਿ ਸਾਡਾ ਤਰਕ ਰੂਹ ਤੋਂ ਅਗਵਾਈ ਲੈਂਦਾ ਹੈ। ਰੂਹ ਤੋਂ ਭਾਵ ਹੈ ਸਾਡੇ ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਅਤੇ ਇਸ ਬੁਨਿਆਦ ਉਤੇ ਉਸਰਿਆ ਸਾਡਾ ਇਤਿਹਾਸ, ਸਾਡੀ ਤਰਜ਼-ਏ-ਜ਼ਿੰਦਗੀ। ਪਰ ਅੱਜ ਅਸੀਂ ਗੁਰੂ ਸਾਹਿਬਾਨ ਨੂੰ ਛੱਡ ਬੈਠੇ ਹਾਂ। ਕਥਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਜ਼ਰੂਰ ਨੇੜੇ ਹਾਂ ਪਰ ਅਮਲ ਵਿਚ ਇਕ ਦੂਰੀ ਬਣਾ ਰੱਖੀ ਹੈ-ਬਹੁਤ ਵੱਡੀ ਦੂਰੀ। ਸਾਡਾ ਸ਼ਾਨਾਮੱਤਾ ਇਤਿਹਾਸ ਵੀ ਸਾਨੂੰ ਸਰਸਬਜ਼ ਚਸ਼ਮਾ ਨਹੀਂ ਜਾਪਦਾ- ਸਾਡਾ ਅੰਮ੍ਰਿਤ ਸਰੋਵਰ ਨਹੀਂ ਰਿਹਾ। ਇਹੋ ਕਾਰਨ ਹੈ ਕਿ ਅਸੀਂ ਰੁਲਦੇ ਜਾਂਦੇ ਹਾਂ, ਭੁੱਲਦੇ ਜਾਂਦੇ ਹਾਂ।

ਪੰਥਕ ਏਕਤਾ ਦੀ ਗੱਲ ਕਰਦੇ ਹਾਂ, ਪਰ ਏਡਾ ਵੱਡਾ ਕੱਦਾਵਰ ਆਗੂ ਕੋਈ ਵੀ ਨਜ਼ਰ ਨਹੀਂ ਆਉਂਦਾ, ਜਿਸ ਵਿਚ ਧਰਮ, ਰਾਜਨੀਤੀ ਅਤੇ ਸਭਿਆਚਾਰ ਦਾ ਇਕ ਰੂਹਾਨੀ ਰੌਣਕ ਮੇਲਾ ਲੱਗਿਆ ਹੋਇਆ ਹੋਵੇ। ਜਿਸ ਨੂੰ ਇਹ ਪਤਾ ਹੋਵੇ ਕਿ ਦੁਨੀਆ ਦਾ ਮੁਹਾਣ ਕਿੱਧਰ ਵੱਲ ਨੂੰ ਹੈ ਅਤੇ ਅਸੀਂ ਇਸ ਮੁਹਾਣ ਵਿਚ ਕਿਥੇ ਖੜ੍ਹੇ ਹਾਂ, ਕਿਥੇ ਅਤੇ ਕਿਵੇਂ ਜਾਣਾ ਹੈ? ਇਹੋ ਜਿਹੀ ਹਸਤੀ ਆਪ-ਮੁਹਾਰੇ ਹੀ, ਸੁਤੇਸਿੱਧ ਹੀ ਪੰਥਕ ਏਕਤਾ ਦਾ ਨਿਸ਼ਾਨ ਹੁੰਦੀ ਹੈ, ਪ੍ਰਤੀਕ ਹੁੰਦੀ ਹੈ।

**ਮਹਿਮਾਨ ਸੰਪਾਦਕੀ**

ਸ਼ਾਇਦ ਤੁਹਾਨੂੰ ਇਹ ਮੰਨਣ ਵਿਚ ਮੁਸ਼ਕਲ ਆਉਂਦੀ ਹੋਵੇ, ਪਰ ਮੈਂ ਇਹ ਸਾਰੀਆਂ ਗੱਲਾਂ ਸੰਤ ਜਰਨੈਲ ਸਿੰਘ ਵਿਚ ਦੇਖੀਆਂ ਸਨ, ਮਹਿਸੂਸ ਕੀਤੀਆਂ ਸਨ। ਮੈਂ ਉਨ੍ਹਾਂ ਵਿਅਕਤੀਆਂ ਵਿਚੋਂ ਸੀ ਜੋ ਦੂਰ ਰਹਿ ਕੇ ਵੀ ਕਿਸੇ ਵੀ ਰੂਹ ਦੇ ਅੱਤ ਕਰੀਬ ਹੋ ਜਾਂਦੇ ਹਨ। ਜੁਝਾਰੂ ਲਹਿਰ ਦੌਰਾਨ ਜੁਝਾਰੂ ਆਗੂਆਂ ਨੂੰ ਹੀ ਮੈਂ ਕਰੀਬ ਹੋ ਕੇ ਦੇਖਦਾ ਰਿਹਾ ਹਾਂ। ਸੰਤ ਜੀ ਦੇ ਅੰਦਰ ਤਿੰਨ ਬਰਕਤਾਂ ਦਾ ਹੁਸੀਨ ਮੇਲਾ ਲੱਗਿਆ ਹੋਇਆ ਸੀ। ਮੈਂ ਪਹਿਲਾਂ ਵੀ ਕਿਤੇ ਲਿਖਿਆ ਸੀ ਕਿ ਉਹ ਸੱਚੀ-ਮੁੱਚੀ ਹੀ ਸੰਤ, ਜਰਨੈਲ ਅਤੇ ਸਿੰਘ ਦਾ ਸੁਮੇਲ ਸੀ। ਅਸੀਂ ਉਸ ਸਮੇਂ ਇਕ ਅਜਿਹੇ ਦੌਰ ਵਿਚੋਂ ਲੰਘ ਰਹੇ ਸਾਂ ਜਦੋਂ ਉਸ ਦਾ ਪਵਿੱਤਰ ਡਰ ਸਾਰੀ ਕੌਮ ਮਹਿਸੂਸ ਕਰ ਰਹੀ ਸੀ। ਇਹੋ ਜਿਹਾ ਡਰ ਚੰਗਾ-ਚੰਗਾ ਲਗਦਾ ਸੀ, ਪਿਆਰਾ-ਪਿਆਰਾ ਵੀ ਲਗਦਾ ਸੀ। ਇਹੋ ਜਿਹੇ ਡਰ ਪੈਦਾ ਕਰਨ ਵਾਲਾ ਹੀ ਪੰਥਕ ਏਕਤਾ ਕਰਵਾ ਸਕਦਾ ਹੈ।

ਸਰਬੱਤ ਖ਼ਾਲਸਾ ਸੱਦਣ ਵਾਲੇ ਵੀਰਾਂ ਨੂੰ ਬੇਨਤੀ ਹੈ ਕਿ ਉਹ ਸਰਬੱਤ ਖ਼ਾਲਸਾ ਨੂੰ ਉਹੋ ਜਿਹਾ ਬਣਾਉਣ ਜੋ ਸਮਾਗਮ ਸੱਚ-ਮੁੱਚ ਹੀ 'ਸਰਬੱਤ ਦਾ ਖ਼ਾਲਸਾ' ਹੋ ਨਿਬੜੇ। ਭਾਵੇਂ ਦਿਨ ਥੋੜ੍ਹੇ ਰਹਿੰਦੇ ਹਨ, ਪਰ ਵੱਡੇ ਦਿਲ ਚਾਹੀਦੇ ਹਨ ਤਾਂ ਹੀ ਆਉਣ ਵਾਲਾ ਇਤਿਹਾਸ ਸਾਨੂੰ ਯਾਦ ਕਰੇਗਾ। ਕੰਮ ਭਾਵੇਂ ਮੁਸ਼ਕਲ ਹੈ ਪਰ ਅਸੰਭਵ ਵੀ ਨਹੀਂ, ਜਿਵੇਂ ਕਿ ਦਰਵੇਸ਼ ਸੰਪਾਦਕ ਜਸਪਾਲ ਸਿੰਘ ਹੇਰਾਂ ਨੇ ਏਕਤਾ ਲਈ ਇਕ ਇਤਿਹਾਸਕ ਤਰਲਾ ਲਿਆ ਹੈ। ਚੱਬੇ ਦੇ ਸਰਬੱਤ ਖ਼ਾਲਸੇ ਵਿਚ ਹੋਈਆਂ ਕਮੀਆਂ, ਘਾਟਾਂ ਤੇ ਕਮਜ਼ੋਰੀਆਂ ਨੂੰ ਇਸ ਸਰਬੱਤ ਖ਼ਾਲਸੇ ਤੋਂ ਪੂਰੀ ਤਰ੍ਹਾਂ ਮੁਕਤ ਕੀਤਾ ਜਾਏ। ਪੰਜ ਸਿੰਘਾਂ ਦੀ ਇਤਿਹਾਸਕ ਮਹਾਨਤਾ ਬਾਰੇ ਕੋਈ ਵੀ ਟਿੱਪਣੀ ਹਜ਼ਾਰ ਵਾਰ ਦਿਲ ਅਤੇ ਦਿਮਾਗ਼ ਦਾ ਸਹਾਰਾ ਲੈ ਕੇ ਹੀ ਕੀਤੀ ਜਾਵੇ। ਜੇ ਉਨ੍ਹਾਂ ਨੂੰ ਬਣਦੀ ਥਾਂ ਨਾ ਦਿੱਤੀ ਗਈ ਤਾਂ ਆਪਾਂ ਸੰਗਤਾਂ ਨੂੰ ਇਹ ਕਹਿਣੋਂ ਰੋਕ ਨਹੀਂ ਸਕਾਂਗੇ ਕਿ ਇਹ ਸਰਬੱਤ ਖ਼ਾਲਸਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਰੂਹ ਦੀ ਆਵਾਜ਼ ਨਹੀਂ ਬਣ ਸਕਿਆ। ਸੰਤ ਜਰਨੈਲ ਸਿੰਘ ਦੀ ਯਾਦ ਸਾਨੂੰ ਉਸ ਦਿਸ਼ਾ ਵਿਚ ਜਾਣ ਲਈ ਵੱਡਾ ਪ੍ਰੇਰਣਾ ਸਰੋਤ ਬਣ ਸਕਦੀ ਹੈ।

ਸੰਤ ਜਰਨੈਲ ਸਿੰਘ ਨੇ ਸਿਆਸਤ ਦੀਆਂ ਵੱਡੀਆਂ ਵੱਡੀਆਂ ਕਿਤਾਬਾਂ ਭਾਵੇਂ ਪੜ੍ਹੀਆਂ ਨਹੀਂ ਸਨ ਪਰ ਉਹ ਸਿਆਸਤਦਾਨਾਂ ਦੀਆਂ ਤਰਕਸ਼ੀਲ-ਬਾਰੀਕੀਆਂ ਨੂੰ ਆਪਣੀਆਂ ਰੂਹਾਨੀ-ਬਾਰੀਕੀਆਂ ਨਾਲ ਹਰਾ ਦਿੰਦਾ ਸੀ। ਰਾਜਨੀਤੀ ਦੇ ਰੂਹਾਨੀ-ਵਿਆਕਰਣ ਦੀ ਉਸ ਨੂੰ ਜਿਸ ਤਰ੍ਹਾਂ ਦੀ ਸਮਝ ਸੀ, ਉਸ ਤਰ੍ਹਾਂ ਦੀ ਸਮਝ ਵਾਲਿਆਂ ਦੀ ਅੱਜ ਸਾਡੀ ਕੌਮ ਨੂੰ ਲੋੜ ਹੈ। ਪਰ ਹਾਲ ਦੀ ਘੜੀ ਉਹ ਜਿਹਾ ਕਿਤੇ ਵੀ ਨਜ਼ਰ ਨਹੀਂ ਪੈਂਦਾ। ਉਸ ਦੇ ਡਰ ਵਿਚ ਰੂਹਾਨੀਅਤ ਦੀ ਖ਼ੁਸ਼ਬੂ ਸੀ ਅਤੇ ਜਦੋਂ ਮੈਂ ਉਨ੍ਹਾਂ ਦੇ ਪਿੰਡ ਜਾ ਕੇ ਉਨ੍ਹਾਂ ਦਾ ਘਰ ਦੇਖਿਆ ਅਤੇ ਉਨ੍ਹਾਂ ਦੇ ਬਚਪਨ ਦੇ ਸਾਥੀਆਂ ਨੂੰ ਮਿਲਿਆ ਤਾਂ ਜਾ ਕੇ ਕਿਤੇ ਪਤਾ ਲੱਗਿਆ ਕਿ ਸਿਮਰਨ ਦਾ ਇਕ ਬਾਗ਼ ਉਸ ਦੇ ਅੰਦਰ ਸਦਾ ਖਿੜਿਆ ਰਹਿੰਦਾ ਸੀ, ਜਿਸ ਨੂੰ ਸਾਡੀ ਗੁਰਬਾਣੀ 'ਹਰਿਓ ਬੂਟ' ਆਖਦੀ ਹੈ। ਅਜੇ ਰੂਹਾਂ ਦੇ ਹਾਣੀ ਵਿਦਵਾਨ ਆਉਣੇ ਹਨ ਜੋ ਉਸ ਦੇ ਧੁਰ ਅੰਦਰਲੀ ਪੰਥਕ ਪੀੜ ਨੂੰ ਆਪਣੀ ਪੀੜ ਸਮਝ ਕੇ ਉਸ ਦੀ ਵੰਨਸੁਵੰਨੀ ਵਿਆਖਿਆ ਕਰਨਗੇ। ਬਹੁਤਿਆਂ ਨੇ ਉਸ ਨੂੰ ਅਪ੍ਰੈਲ 1978 ਦੇ ਖ਼ੂਨੀ ਕਾਂਡ ਤੋਂ ਪਿਛੋਂ ਵਾਪਰਨ ਵਾਲੀਆਂ ਘਟਨਾਵਾਂ ਦੇ ਪ੍ਰਸੰਗ ਵਿਚ ਹੀ ਵੇਖਿਆ ਤੇ ਸਮਝਿਆ ਹੈ, ਜਦਕਿ ਵੱਡੀ ਲੋੜ ਇਸ ਗੱਲ ਦੀ ਸੀ ਕਿ ਪੂਰਬ-1978 ਦੇ ਦੌਰ ਵਿਚ ਸੰਤ ਜਰਨੈਲ ਸਿੰਘ ਨੂੰ ਵੇਖਿਆ ਜਾਵੇ। ਇਤਿਹਾਸ ਨੇ ਅਜੇ ਇਸ ਤਰ੍ਹਾਂ ਉਸ ਨੂੰ ਵੇਖਣਾ ਹੈ। ਇਸੇ ਦੌਰ ਨੇ ਉਸ ਦੀ ਸਖ਼ਸ਼ੀਅਤ ਨੂੰ ਅਸਲ ਮਾਅਨਿਆਂ ਵਿਚ ਚਾਰ ਚੰਨ ਲਾਏ ਸਨ। ਇਸ ਰੂਹਾਨੀ ਜਲੌਅ ਨਾਲ ਹੀ ਉਸ ਨੇ ਇਤਿਹਾਸ ਦਾ ਮੂੰਹ ਘੁੰਮਾ ਦਿੱਤਾ ਸੀ।

ਸੰਤ ਜਰਨੈਲ ਸਿੰਘ ਨੇ ਰੂਹ ਦੇ ਜ਼ੋਰ ਨਾਲ ਇਤਿਹਾਸ ਦੇ ਲੀਵਰ ਨੂੰ ਕੁਝ ਇਸ ਤਰ੍ਹਾਂ ਖਿਚਿਆ ਕਿ ਇਹ ਧਰਤੀ ਅਜੇ ਵੀ ਕੰਬਦੀ ਹੈ। ਪਰ ਇਹ ਰੂਹਾਨੀ-ਕੰਬਣੀ ਸਾਨੂੰ ਕਿਉਂ ਨਹੀਂ ਮਹਿਸੂਸ ਹੁੰਦੀ? ਉਸ ਸ਼ਖ਼ਸ ਨੂੰ ਮਹਿਸੂਸ ਕਿਉਂ ਨਹੀਂ ਹੋਈ, ਜਿਸ ਨੂੰ ਉਹ ਥਾਂ ਨਸੀਬ ਹੋਈ, ਜਿਸ ਉਤੇ ਕਦੇ ਸੰਤ ਜਰਨੈਲ ਸਿੰਘ ਬੈਠੇ ਸਨ? ਕੀ ਇਸ ਥਾਂ ਨੇ ਉਸ ਨੂੰ ਕਦੇ ਵੀ ਨਹੀਂ ਝਿੰਜੋੜਿਆ, ਜਿਸ ਥਾਂ ਉਤੇ ਉਠਦਿਆਂ, ਬਹਿੰਦਿਆਂ, ਸੌਂਦਿਆਂ ਤੇ ਜਾਗਦਿਆਂ ਕੇਵਲ ਤੇ ਕੇਵਲ ਪੰਥ ਹੀ ਹੁੰਦਾ ਸੀ। ਇਹ ਇਤਿਹਾਸ ਦਾ ਕਿੱਡਾ ਵੱਡਾ ਦੁਖਾਂਤ ਹੈ ਕਿ ਉਸ ਸ਼ਖ਼ਸ ਨੇ ਉਸ ਬੰਦੇ ਨਾਲ ਗੂੜ੍ਹੀ ਦੋਸਤੀ ਪਾ ਲਈ, ਜਿਸ ਦੀ ਖੁਲ੍ਹਦਿਲੀ ਵਾਲੀ ਸਿਆਸਤ ਕਿਸੇ ਸ਼ਾਇਰ ਅਨੁਸਾਰ 'ਤੋਹਫ਼ੇ ਵਿਚ ਬੁਣ ਕੇ ਪੰਛੀਆਂ ਨੂੰ ਜਾਲ ਦਿੰਦੀ ਹੈ'। ਉਸ ਦੀ ਇਸ ਮਜਬੂਰੀ ਨੂੰ ਕੀ ਨਾਂ ਦਿੱਤਾ ਜਾਏ? ਕੀ ਇਹ ਸਤਰਾਂ ਉਸ ਉਤੇ ਹੀ ਢੁਕਦੀਆਂ ਹਨ?

ਹਮਾਰੀ ਬੇਬਸੀ ਕੀ ਇੰਤਹਾ ਹੈ
ਕਿ ਜ਼ਾਲਮ ਕੀ ਹਮਾਇਤ ਕਰ ਰਹੇਂ ਹੈਂ।

# ਦੀਵਾਲੀ ਦੀ ਰਾਤ ਦੀਵੇ ਬਾਲੀਅਨਿ

**ਸਿੱਖ ਜਗਤ ਦੇ ਤਿਉਹਾਰ ਧਰਮ ਨਾਲ ਹੀ ਸਬੰਧਤ ਤਿਉਹਾਰ ਹਨ। ਮੌਸਮੀ ਤਿਉਹਾਰਾਂ ਨੂੰ ਵੀ ਮੌਸਮ ਦੀ ਤਬਦੀਲੀ ਕਰਕੇ ਨਹੀਂ ਬਲਕਿ ਧਾਰਮਕ ਮਹੱਤਾ ਕਰਕੇ ਹੀ ਮਨਾਇਆ ਜਾਂਦਾ ਹੈ। ਇਸ ਲਈ ਦੀਵਾਲੀ ਨੂੰ ਵੀ ਬੰਦੀ ਛੋੜ ਦਿਵਸ ਦੇ ਰੂਪ ਮਨਾਇਆ ਜਾਂਦਾ ਹੈ। ਗੁਰਮਤਿ ਦੀ ਜੀਵਨ-ਜੁਗਤ ਵਿੱਚ ਇਨ੍ਹਾਂ ਮੌਕਿਆਂ 'ਤੇ ਖ਼ਾਸ ਤਰ੍ਹਾਂ ਦਾ ਲਿਬਾਸ ਪਹਿਣਨ ਜਾਂ ਖਾਣ ਪੀਣ ਸਬੰਧੀ ਕਿਸੇ ਤਰ੍ਹਾਂ ਦਾ ਵਹਿਮ-ਭਰਮ ਨਹੀਂ ਹੈ। ਇਤਨਾ ਹੀ ਨਹੀਂ ਵਿਸ਼ੇਸ਼ ਸਥਾਨਾਂ ਦੀ ਯਾਤਰਾ ਜਾਂ ਵਿਸ਼ੇਸ਼ ਸੱਜ-ਧੱਜ ਦੀ ਵੀ ਕੋਈ ਵਿਸ਼ੇਸ਼ ਵਿਧੀ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਗੱਲ ਕੀ, ਤਿਉਹਾਰਾਂ ਨਾਲ ਜੁੜੇ ਕਿਸੇ ਤਰ੍ਹਾਂ ਦੇ ਵੀ ਵਹਿਮ-ਭਰਮ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ।**



**ਜਸਬੀਰ ਸਿੰਘ ਵੈਨਕੂਵਰ**

ਹਰੇਕ ਦੇਸ਼ ਅਥਵਾ ਸਭਿਆਚਾਰ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਉਤਸਵ ਅਰਥਾਤ ਤਿਉਹਾਰ ਮਨਾਉਣ ਦੀ ਪੰਰਪਰਾ ਹੈ। ਇਨ੍ਹਾਂ ਤਿਉਹਾਰਾਂ ਦਾ ਸਿੱਖਿਆ ਅਤੇ ਸਮਾਜਕ ਪਹਿਲੂ ਤੋਂ ਇਲਾਵਾ ਧਾਰਮਕ ਪਹਿਲੂ ਵੀ ਹੈ। ਕਈ ਤਿਉਹਾਰ ਮੌਸਮੀ ਹਨ, ਕਈ ਕਿਸੇ ਵਿਸ਼ੇਸ਼ ਵਿਅਕਤੀ ਦੇ ਜਨਮ ਦਿਨ, ਕਿਸੇ ਜਿੱਤ ਦੀ ਖ਼ੁਸ਼ੀ ਜਾਂ ਵਿਸ਼ੇਸ਼ ਘਟਣਾ ਦਾ ਪ੍ਰਤੀਕ ਹਨ। ਇਨ੍ਹਾਂ ਤਿਉਹਾਰਾਂ ਨਾਲ ਕਈ ਤਰ੍ਹਾਂ ਦੀਆਂ ਇਤਿਹਾਸਕ ਅਤੇ ਮਿਥਿਹਾਸਕ ਘਟਨਾਵਾਂ ਜੁੜੀਆਂ ਹੋਇਆਂ ਹਨ। ਭਾਵੇਂ ਜ਼ਿਆਦਾਤਰ ਤਿਉਹਾਰ ਮੌਸਮੀ ਹਨ, ਪਰ ਇਨ੍ਹਾਂ ਮੌਸਮੀ ਤਿਉਹਾਰਾਂ ਨਾਲ ਵੀ ਕਈ ਤਰ੍ਹਾਂ ਦੀਆਂ ਇਤਿਹਾਸਕ ਅਤੇ ਮਿਥਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਨੂੰ ਮਨਾਉਣ ਦੇ ਤੌਰ ਤਰੀਕਿਆਂ ਵਿੱਚ ਵੀ ਭਿੰਨਤਾ ਦੇ ਨਾਲ ਨਾਲ ਮੌਸਮ ਅਨੁਸਾਰ ਖਾਣ ਪੀਣ ਦੀ ਭਿੰਨਤਾ ਵੀ ਹੈ। ਤਿਉਹਾਰਾਂ ਨੂੰ ਪੂਜਾ, ਵਰਤ, ਜਗਰਾਤਾ, ਕਿਸੇ ਵਿਸ਼ੇਸ਼ ਸਥਾਨ ਦੀ ਯਾਤਰਾ ਜਾਂ ਇਸ਼ਨਾਨ ਅਤੇ ਦਾਨ-ਪੁੰਨ ਆਦਿ ਕਰਕੇ ਮਨਾਏ ਜਾਣ ਦੀ ਪਰੰਪਰਾ ਹੈ।

ਇਨ੍ਹਾਂ ਤਿਉਹਾਰਾਂ ਵਿਚੋਂ ਹੀ ਇੱਕ ਦੀਵਾਲੀ ਦਾ ਤਿਉਹਾਰ ਹੈ। ਮੂਲ ਰੂਪ ਵਿੱਚ ਭਾਵੇਂ ਇਹ ਮੌਸਮੀ ਤਿਉਹਾਰ ਹੀ ਹੈ ਪਰ ਇਸ ਧਾਰਮਕ ਅਤੇ ਮਿਥਿਹਾਸਕ ਘਟਨਾਵਾਂ ਸਬੰਧਤ ਹੋਣ ਨਾਲ ਧਾਰਮਕ ਉਤਸਵ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਭਾਰਤ ਵਿੱਚ ਜਿਸ ਤਰ੍ਹਾਂ ਦੂਜੇ ਤਿਉਹਾਰਾਂ ਨਾਲ ਕਈ ਤਰ੍ਹਾਂ ਦੇ ਵਹਿਮ-ਭਰਮ ਵੀ ਪ੍ਰਚਲਤ ਹਨ, ਇਸੇ ਤਰ੍ਹਾਂ ਇਸ ਤਿਉਹਾਰ ਸਬੰਧੀ ਵੀ ਕਈ ਤਰ੍ਹਾਂ ਦੇ ਵਹਿਮ-ਭਰਮ ਪ੍ਰਚਲਤ ਹਨ। ਹਿੰਦੂ ਧਰਮ ਦੇ ਪੈਰੋਕਾਰ ਇਸ ਦਿਨ ਆਪਣੇ ਦਰਵਾਜ਼ਿਆਂ 'ਤੇ ਦੀਵੇ ਜਾਂ ਮੋਬੱਤੀਆਂ ਜਗਾ ਕੇ ਰੱਖਦੇ ਹਨ। ਇਸ ਦਿਨ ਭਾਂਡੇ ਖਰੀਦਨ ਨੂੰ ਵੀ ਪਿਛਲੇ ਕੁੱਝ ਸਮੇਂ ਤੋਂ ਚੰਗਾਂ ਸ਼ਗਨ ਸਮਝਿਆ ਜਾਣ ਲੱਗ ਪਿਆ ਹੈ। ਇਸ ਲਈ ਕਈ ਭਾਂਡਿਆਂ ਦੀ ਖਰੀਦਦਾਰੀ ਕਰਨ ਲਈ ਇਸ ਦਿਨ ਦੀ ਉਡੀਕ ਵਿੱਚ ਰਹਿੰਦੇ ਹਨ। ਇਸ ਦਿਨ ਲੋਕੀਂ ਲਕਸ਼ਮੀ ਦੀ ਪੂਜਾ ਵੀ ਕਰਦੇ ਹਨ। ਰਾਮਚੰਦ੍ਰ ਜੀ ਦੇ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਆਉਣ ਦੀ ਘਟਨਾ ਵੀ ਇਸ ਨਾਲ ਸਬੰਧਤ ਹੈ। ਰਾਮ ਚੰਦ੍ਰ ਜੀ ਦੀ ਅਯੁੱਧਿਆ ਵਾਪਸੀ ਬਦੀ ਉੱਤੇ ਨੇਕੀ ਦੇ ਜਿੱਤ ਦਾ ਪ੍ਰਤੀਕ ਵੀ ਬਣ ਗਈ ਹੈ।

ਸਿੱਖ ਜਗਤ ਦੇ ਤਿਉਹਾਰ ਧਰਮ ਨਾਲ ਹੀ ਸਬੰਧਤ ਤਿਉਹਾਰ ਹਨ। ਮੌਸਮੀ ਤਿਉਹਾਰਾਂ ਨੂੰ ਵੀ ਮੌਸਮ ਦੀ ਤਬਦੀਲੀ ਕਰਕੇ ਨਹੀਂ ਬਲਕਿ ਧਾਰਮਕ ਮਹੱਤਾ ਕਰਕੇ ਹੀ ਮਨਾਇਆ ਜਾਂਦਾ ਹੈ। ਇਸ ਲਈ ਦੀਵਾਲੀ ਨੂੰ ਵੀ ਬੰਦੀ ਛੋੜ ਦਿਵਸ ਦੇ ਰੂਪ ਮਨਾਇਆ ਜਾਂਦਾ ਹੈ। ਗੁਰਮਤਿ ਦੀ ਜੀਵਨ-ਜੁਗਤ ਵਿੱਚ ਇਨ੍ਹਾਂ ਮੌਕਿਆਂ 'ਤੇ ਖ਼ਾਸ ਤਰ੍ਹਾਂ ਦਾ ਲਿਬਾਸ ਪਹਿਣਨ ਜਾਂ ਖਾਣ ਪੀਣ ਸਬੰਧੀ ਕਿਸੇ ਤਰ੍ਹਾਂ ਦਾ ਵਹਿਮ-ਭਰਮ ਨਹੀਂ ਹੈ। ਇਤਨਾ ਹੀ ਨਹੀਂ ਵਿਸ਼ੇਸ਼ ਸਥਾਨਾਂ ਦੀ ਯਾਤਰਾ ਜਾਂ ਵਿਸ਼ੇਸ਼ ਸੱਜ-ਧੱਜ ਦੀ ਵੀ ਕੋਈ ਵਿਸ਼ੇਸ਼ ਵਿਧੀ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਗੱਲ ਕੀ, ਤਿਉਹਾਰਾਂ ਨਾਲ ਜੁੜੇ ਕਿਸੇ ਤਰ੍ਹਾਂ ਦੇ ਵੀ ਵਹਿਮ-ਭਰਮ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ।

ਗੁਰਮਤਿ ਦੀ ਜੀਵਨ-ਜੁਗਤ ਵਿੱਚ ਮਨੁੱਖ ਨੂੰ ਸਮੁੱਚੇ ਰੂਪ ਵਿੱਚ ਇਹ ਸੇਧ ਦਿੱਤੀ ਗਈ ਹੈ ਕਿ ਉਸ ਨੇ ਕਿਸੇ ਵੀ ਉਤਸਵ ਜਾਂ ਰੀਤ ਨੂੰ ਇਸ ਢੰਗ ਨਾਲ ਨਹੀਂ ਮਨਾਉਣਾ ਹੈ ਕਿ ਮਨੁੱਖ ਦੀਆਂ ਕਦਰਾਂ-ਕੀਮਤਾਂ ਦਾ ਘਾਣ ਹੁੰਦਾ ਹੋਵੇ, ਵਾਤਾਵਰਨ ਵਿੱਚ ਪ੍ਰਦੂਸ਼ਣ ਫੈਲਦਾ ਹੋਵੇ ਜਾਂ ਮਨੁੱਖਤਾ ਦਾ ਕਿਸੇ ਵੀ ਰੂਪ ਵਿੱਚ ਨੁਕਸਾਨ ਹੁੰਦਾ ਹੋਵੇ: ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥ ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥ (ਪੰਨਾ ੫੯੦) ਅਰਥ: ਮੈਂ ਇਹੋ ਜਿਹੀ ਰੀਤ ਨੂੰ ਸਾੜ ਦਿਆਂ ਜਿਸ ਕਰਕੇ ਪਿਆਰਾ ਪ੍ਰਭੂ ਮੈਨੂੰ ਵਿਸਰ ਜਾਏ, ਹੇ ਨਾਨਕ! ਪ੍ਰੇਮ ਉਹੋ ਹੀ ਚੰਗਾ ਹੈ ਜਿਸ ਦੀ ਰਾਹੀਂ ਖਸਮ ਨਾਲ ਇੱਜ਼ਤ ਬਣੀ ਰਹੇ।

ਭਾਵੇਂ ਗੁਰਮਤਿ ਦੀ ਜੀਵਨ-ਜੁਗਤ ਦਾ ਇਹ ਪੱਖ ਬਿਲਕੁਲ ਸਪਸ਼ਟ ਹੈ ਪਰ ਫਿਰ ਵੀ ਕੁੱਝ ਕੁ ਰਾਗੀ ਸਾਹਿਬਾਨ ਅਤੇ ਪ੍ਰਚਾਰਕਾਂ ਵਲੋਂ ਭਾਈ ਗੁਰਦਾਸ ਜੀ ਦੀ ਇੱਕ ਪਉੜੀ ਦੀ (ਦੀਵਾਲੀ ਦੀ ਰਾਤ ਦੀਵੇ ਬਾਲੀਅਨਿ) ਪਹਿਲੀ ਪੰਗਤੀ ਤੋਂ ਇਹ ਭਾਵ ਲਿਆ ਜਾਂਦਾ ਹੈ ਜਿਵੇਂ ਭਾਈ ਸਾਹਿਬ ਦੀਵਾਲੀ ਦੀ ਰਾਤ ਨੂੰ ਉਚੇਚੇ ਤੌਰ 'ਤੇ ਦੀਵੇ ਬਾਲਣ ਦੀ ਹਿਦਾਇਤ ਕਰ ਰਹੇ ਹਨ। ਪਰੰਤੂ ਭਾਈ ਗੁਰਦਾਸ ਜੀ ਦੀ ਇਸ ਪਉੜੀ ਵਿੱਚ ਇਸ ਤਰ੍ਹਾਂ ਦੀ ਧਾਰਨਾ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ ਹੈ। ਅਸੀਂ ਵਿਸ਼ੇਸ਼ ਤੌਰ 'ਤੇ ਇਸ ਗੱਲ ਦਾ ਹੀ ਇਸ ਲੇਖ ਵਿੱਚ ਵਰਣਨ ਕਰ ਰਹੇ ਹਾਂ।

ਜਿਵੇਂ ਗੁਰਬਾਣੀ ਨੂੰ ਸਮਝਣ ਲਈ ਕੁੱਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ, ਇਸੇ ਤਰ੍ਹਾਂ ਹੀ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਸਮਝਣ ਲਈ ਵੀ ਕੁੱਝ ਗੱਲਾਂ ਨੂੰ ਧਿਆਨ ਵਿੱਚ ਰੱਖਣ ਦੀ ਜ਼ਰੂਰਤ ਹੈ। ਜੇਕਰ ਅਸੀਂ ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਨਹੀਂ ਰਖਾਂਗੇ ਤਾਂ ਭਾਈ ਸਾਹਿਬ ਦੀ ਰਚਨਾ ਨੂੰ ਸਮਝਣੋਂ ਉਕਾਈ ਖਾ ਜਾਵਾਂਗੇ। ਜਿੱਥੇ ਗੁਰਬਾਣੀ ਨੂੰ ਸਮਝਣ ਲਈ ਇੱਕ ਤੋਂ ਵਧੀਕ ਗੱਲਾਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ ਉੱਥੇ ਭਾਈ ਸਾਹਿਬ ਦੀ ਰਚਨਾਵਾਂ ਨੂੰ ਸਮਝਣ ਲਈ ਕੇਵਲ ਮੁੱਖ ਰੂਪ ਵਿੱਚ ਦੋ ਗੱਲਾਂ ਨੂੰ ਸਾਹਮਣੇ ਰੱਖਣ ਦੀ ਲੋੜ ਹੈ। ਇਨ੍ਹਾਂ ਦੋਹਾਂ ਗੱਲਾਂ ਵਿਚੋਂ ਇੱਕ ਇਹ ਹੈ ਕਿ ਭਾਈ ਗੁਰਦਾਸ ਜੀ ਜੋ ਗੱਲ ਕਹਿਣਾ ਚਾਹੁੰਦੇ ਹਨ ਉਹ ਕਬਿੱਤਾਂ ਅਤੇ ਪਉੜੀਆਂ ਦੇ ਅੰਤ ਵਿੱਚ ਆਉਂਦੀ ਹੈ। ਪਹਿਲਾਂ ਭਾਈ ਸਾਹਿਬ ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਉਦਾਹਰਣਾਂ ਦੇਂਦੇ ਹਨ। ਇਹ ਉਦਾਹਰਣਾਂ ਆਮ ਤੌਰ 'ਤੇ ਪਹਿਲੀਆਂ ਪੰਗਤੀਆਂ ਵਿੱਚ ਹੁੰਦੀਆਂ ਹਨ। ਇਨ੍ਹਾਂ ਦ੍ਰਿਸ਼ਟਾਤਾਂ ਮਗਰੋਂ ਭਾਈ ਸਾਹਿਬ ਨੇ ਜਿਸ ਮਨੋਰਥ ਲਈ ਇਹ ਦ੍ਰਿਸ਼ਟਾਂਤ ਦਿੱਤੇ ਹਨ ਉਸ ਗੱਲ ਦਾ ਵਰਣਨ ਕਰਦੇ ਹਨ। ਜਿਵੇਂ:

ਚੀਟੀ ਕੈ ਉਦਰ ਬਿਖੈ ਹਸਤੀ ਸਮਾਇ ਕੈਸੇ,
ਅਤੁਲ ਪਹਾਰ ਭਾਰ ਭ੍ਰਿੰਗੀ ਨ ਉਠਾਵਈ।
ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ,
ਮਕਰੀ ਨ ਚੀਤੈ ਜੀਤੈ ਸਰਿ ਨ ਪੂਜਾਵਈ।
ਤਮਚਰ ਉਡਤ ਨ ਪਹੂਚੈ ਆਕਾਸ ਬਾਸ,
ਮੂਸਾ ਤਉ ਨ ਪੈਰਤ ਸਮੁੰਦ੍ਰ ਪਾਰ ਪਾਵਈ।
ਤੈਸੇ ਪ੍ਰਿਅ ਪ੍ਰੇਮ ਨੇਮ ਅਗਮ ਅਗਾਧਿ ਬੋਧਿ,
ਗੁਰਮੁਖਿ ਸਾਗਰ ਜਿਉ ਬੂੰਦ ਹੁਇ ਸਮਾਵਈ॥

ਇਸ ਕਬਿੱਤ ਵਿੱਚ ਭਾਈ ਗੁਰਦਾਸ ਜੀ ਜੋ ਮੁੱਖ ਰੂਪ ਵਿੱਚ ਆਖਣਾ ਚਾਹੁੰਦੇ ਹਨ ਉਹ ਅਖ਼ਰੀਲੀ ਪੰਗਤੀ ਵਿੱਚ ਹੈ। ਇਸ ਅੰਤਲੀ ਪੰਗਤੀ ਦੇ ਭਾਵ ਨੂੰ ਦਰਸਾਉਣ ਲਈ ਆਪ ਉਦਾਹਰਣ ਦੇਂਦੇ ਹਨ ਕਿ ਜਿਸ ਤਰ੍ਹਾਂ ਚੀਟੀ ਦੇ ਪੇਟ ਵਿੱਚ ਹਾਥੀ ਨਹੀਂ ਸਮਾਅ ਸਕਦਾ, ਭ੍ਰਿੰਗੀ ਛੋਟਾ ਜਿਹਾ ਕੀੜਾ ਪਹਾੜ ਨਹੀਂ ਚੁਕ ਸਕਦਾ; ਮੱਛਰ ਦੇ ਡੰਗ ਨਾਲ ਬਾਸ਼ਕ ਨਾਗ ਨਹੀਂ ਮਰਦਾ, ਮਕੜੀ ਚੀਤੇ ਨੂੰ ਨਹੀਂ ਜਿਤ ਸਕਦੀ ਤੇ ਨਾ ਹੀ ਉਸ ਦੀ ਬਰਾਬਰੀ ਕਰ ਸਕਦੀ ਹੈ; ਉਲੂ ਉੱਡ ਕੇ ਆਕਾਸ਼ 'ਤੇ ਪਹੁੰਚ ਨਹੀਂ ਸਕਦਾ ਅਤੇ ਚੂਹਾ ਤਰ ਕੇ ਸਮੁੰਦਰ ਦੇ ਦੂਜੇ ਕਿਨਾਰੇ ਨਹੀਂ ਪਹੁੰਚ ਸਕਦਾ; ਇਸ ਤਰ੍ਹਾਂ ਪ੍ਰਭੂ ਪਿਆਰੇ ਦੇ ਪ੍ਰੇਮ ਦੀ ਮਰਯਾਦਾ ਵੀ ਸਾਡੀ ਸਮਝ-ਸੋਝੀ ਤੋਂ ਪਰੇ ਹੈ ਅਤੇ ਅਤਿ ਗੰਭੀਰ ਹੈ। ਜਿਸ ਤਰ੍ਹਾਂ ਸਮੁੰਦਰ ਵਿੱਚ ਜਲ ਦੀ ਬੂੰਦ ਸਮਾ ਜਾਂਦੀ ਹੈ, ਇਸੇ ਤਰ੍ਹਾਂ ਹੀ ਗੁਰੂ ਦਾ ਅਨਿੰਨ ਸੇਵਕ-ਸਿੱਖ, ਜਲ ਦੀ ਬੂੰਦ ਹੋ ਕੇ ਆਪਣੇ ਪਿਆਰੇ ਪ੍ਰੀਤਮ ਵਿੱਚ ਲੀਨ ਹੋ ਜਾਂਦਾ ਹੈ।

ਇਸੇ ਤਰ੍ਹਾਂ ਵਾਰ ਦੀਆਂ ਜਿਨ੍ਹਾਂ ਪਉੜੀਆਂ ਵਿੱਚ ਗੁਰਮਤਿ ਦੇ ਕਿਸੇ ਪਹਿਲੂ ਨੂੰ ਸਪਸ਼ਟ ਕਰਨ ਲਈ ਆਪ ਉਦਾਹਰਣਾਂ ਦੇਂਦੇ ਹਨ, ਉਸ ਪਉੜੀ ਦੀ ਅਖਰੀਲੀ ਤੁਕ ਵਿੱਚ ਪਉੜੀ ਦਾ ਮੁਖ ਸਿਧਾਂਤ ਹੁੰਦਾ ਹੈ। ਇਸ ਦੇ ਨਾਲ ਹੀ ਇਸ ਗੱਲ ਨੂੰ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਜਦੋ ਕਿਸੇ ਗੱਲ ਨੂੰ ਸਪਸ਼ਟ ਜਾਂ ਪ੍ਰਮਾਣਤ ਕਰਨ ਲਈ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ ਤਾਂ ਉਸ ਦਾ ਕੇਵਲ ਇੱਕ ਪੱਖ ਹੀ ਲਿਆ ਜਾਂਦਾ ਹੈ। ਉਸ ਨਾਲ ਸਬੰਧਤ ਦੂਜੇ ਪਹਿਲੂਆਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਉਦਾਹਰਣ ਵਜੋਂ ਜਿਵੇਂ ਗੁਰਬਾਣੀ ਵਿੱਚ ਕੁੱਤੇ ਨਾਲ ਸਬੰਧਤ ਇਸ ਦੇ ਭਿੰਨ ਭਿੰਨ ਪੱਖਾਂ ਦਾ ਦ੍ਰਿਸ਼ਟਾਂਤ ਦਿੱਤਾ ਗਿਆ ਹੈ। ਗੁਰਬਾਣੀ ਦੇ ਨਿਮਨ ਲਿਖਤ ਫ਼ਰਮਾਨਾਂ ਵਿੱਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

(ੳ) ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥ (ਪੰਨਾ ੪੧੧) ਅਰਥ: ਕੁੱਤੇ ਵਾਂਗ ਹਰੇਕ ਦੇ ਦਰ ਤੇ ਭਟਕਦਾ ਫਿਰਦਾ ਹੈ ਇਸ ਨੂੰ ਪਰਮਾਤਮਾ ਦਾ ਭਜਨ ਕਰਨ ਦੀ ਕਦੇ ਸੂਝ ਹੀ ਨਹੀਂ ਪੈਂਦੀ। ਜਦ ਮਨੁੱਖ ਦੀ ਭਟਕਣਾ ਦਾ ਵਰਣਨ ਆਇਆ ਹੈ ਤਾਂ ਆਖਿਆ ਗਿਆ ਹੈ ਕਿ ਮਾਇਆ ਦੇ ਮੋਹ ਵਿੱਚ ਫਸਿਆ ਹੋਇਆ ਪ੍ਰਾਣੀ ਕੁੱਤੇ ਵਾਂਗ ਦਰ ਦਰ 'ਤੇ ਭਟਕਦਾ

ਬਾਕੀ ਸਫ਼ਾ 42 'ਤੇ

# ਸਿੱਖ ਇਤਿਹਾਸ ਦਾ ਅਹਿਮ ਦਿਹਾੜਾ ਦੀਵਾਲੀ

**ਰਣਜੀਤ ਸਿੰਘ ਪ੍ਰੀਤ**
ਮੋਬਾਈਲ : 98157-07232



ਦੀਵਾਲੀ ਸਮੇਂ ਦੀ ਤੋਰ ਉੱਤੇ ਅਜਿਹਾ ਮੀਲ ਪੱਥਰ ਹੈ, ਜੋ ਇਤਿਹਾਸ ਦੇ ਪੰਨਿਆਂ ਤੋਂ ਕਦੇ ਅਲੋਪ ਨਹੀਂ ਹੋ ਸਕਦਾ। ਕਾਮਸੂਤਰ ਦੇ ਕਰਤਾ ਵਾਤਸਾਇਨ ਇਸ ਦੇ ਮਨਾਏ ਜਾਣ ਦਾ ਸਮਾਂ 400 ਪੂ.ਈ. ਮੰਨਦਾ ਹੈ, ਉਦੋਂ ਇਹ ਦਿਨ ਯਖ਼ਸ਼ ਰਾਤਰੀ ਵਜੋਂ ਮਨਾਇਆ ਜਾਂਦਾ ਸੀ। ਹੋਰਨਾਂ ਧਰਮਾਂ ਵਾਂਗ ਸਿੱਖ ਧਰਮ ਨਾਲ ਵੀ ਇਸ ਦਾ ਨਹੁੰ-ਮਾਸ ਵਾਲਾ ਰਿਸ਼ਤਾ ਹੈ। ਭਾਈ ਗੁਰਦਾਸ ਜੀ ਨੇ ਇਸ ਤਿਓਹਾਰ ਬਾਰੇ ਇਓਂ ਜ਼ਿਕਰ ਕੀਤਾ ਹੈ;

ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ
ਗੁਰਮੁਖਿ ਸੁਖ ਫਲ ਦਾਤਿ ਸ਼ਬਦਿ ਸਮਾਲੀਅਨਿ ॥

**ਬੰਦੀ-ਛੋੜ ਗੁਰੂ ਜੀ ਨਾਲ ਸਬੰਧਤ :**

ਛੇਵੇਂ ਗੁਰੂ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ 1610 ਵਿੱਚ ਮੁਗ਼ਲ ਬਾਦਸ਼ਾਹ ਨੇ ਧੋਖੇ ਨਾਲ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਲਿਆ। ਸਾਈਂ ਮੀਆਂ ਮੀਰ ਵੱਲੋਂ ਸਮਝਾਉਂਣ 'ਤੇ ਗੁਰੂ ਜੀ ਵੱਲੋਂ ਰੱਖੀ ਸ਼ਰਤ ਅਨੁਸਾਰ 52 ਉਮਰ ਕੈਦ ਭੁਗਤ ਰਹੇ ਰਾਜਿਆਂ ਨੂੰ ਵੀ ਜਹਾਂਗੀਰ ਵੱਲੋਂ ਰਿਹਾਅ ਕਰਨਾ ਪਿਆ। ਇਸ ਤਰ੍ਹਾਂ ਬੰਦੀ ਛੋੜ ਅਖਵਾਏ ਗੁਰੂ ਜੀ ਜਦ ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਤਾਂ ਪੂਰੀ ਖੁਸ਼ੀ ਮਨਾਈ ਗਈ। ਦੀਪਮਾਲਾ ਦੀ ਸ਼ੁਰੂਆਤ ਬਾਬਾ ਬੁੱਢਾ ਜੀ ਨੇ ਕੀਤੀ। ਜੋ ਅੱਜ ਤੱਕ ਜਾਰੀ ਹੈ।

**ਭਾਈ ਮਨੀ ਸਿੰਘ ਜੀ ਦੀ ਸ਼ਹਾਦਤ :**

ਜਦੋਂ ਸਿੰਘਾਂ ਦੇ ਬਿਸਤਰ ਘੋੜਿਆਂ ਦੀਆਂ ਕਾਠੀਆਂ ਅਤੇ ਘਰ ਜੰਗਲ ਬੇਲੇ ਸਨ ਅਤੇ ਜ਼ੁਬਾਨ ਵਿਚੋਂ ਇਹ ਸ਼ਬਦ ਨਿਕਲਿਆ ਕਰਦੇ ਸਨ ਕਿ-

ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ,
ਜਿਓਂ ਜਿਓਂ ਸਾਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

ਤਾਂ ਇਸ ਰੱਤੇ ਮਹੌਲ ਵਿੱਚ ਭਾਈ ਮਨੀ ਸਿੰਘ ਨੇ ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਨੂੰ 10 ਹਜ਼ਾਰ ਟੈਕਸ ਦੇਣਾ ਪ੍ਰਵਾਨ ਕਰਕੇ ਦੀਵਾਲੀ ਮਨਾਉਂਣ ਦੀ ਪ੍ਰਵਾਨਗੀ ਲੈ ਲਈ। ਪਰ ਸੂਬੇ ਦੇ ਮਨ ਦੀ ਬੁਰਾਈ ਉਦੋਂ ਸਾਹਮਣੇ ਆ ਗਈ ਜਦ ਫ਼ੌਜ ਵਿੱਚ ਹਲਚਲ ਵੇਖੀ ਗਈ। ਜਿਸ ਦਾ ਮੰਤਵ ਸਿੰਘਾਂ ਦਾ ਕਤਲੇਆਮ ਕਰਨਾ ਸੀ। ਅਜਿਹਾ ਵੇਖ ਭਾਈ ਸਾਹਿਬ ਨੇ ਸਿੰਘਾਂ ਨੂੰ ਨਾ ਆਉਣ ਲਈ ਸੰਦੇਸ਼ ਭੇਜ ਦਿੱਤੇ ਅਤੇ ਦੀਵਾਲੀ ਮੇਲਾ ਨਾ ਭਰ ਸਕਿਆ। ਟੈਕਸ ਦੀ ਵਸੂਲੀ ਲਈ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਦੇ ਸੇਵਾਦਾਰ ਰਕਮ ਤਾਰਨ ਲਈ ਵੀ ਆਏ, ਪਰ ਭਾਈ ਸਾਹਿਬ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ। ਭਾਈ ਮਨੀ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਸ ਵਿੱਚ ਸਾਰੀ ਗਲਤੀ ਸਰਕਾਰ ਦੀ ਹੈ। ਪਰ ਕੌਣ ਸੁਣੇ? ਕਾਜੀ ਦੇ ਫ਼ਤਵੇ ਅਨੁਸਾਰ ਭਾਈ ਸਾਹਿਬ ਦਾ ਬੰਦ ਬੰਦ ਕੱਟਿਆ ਗਿਆ। ਅਜਿਹਾ ਸੋਚ ਕਿ ਅੱਜ ਵੀ ਇਸ ਰੌਸ਼ਨੀ ਵਿੱਚ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

**ਸ਼ੇਰੇ ਪੰਜਾਬ ਅਤੇ ਦੀਵਾਲੀ :**

1833 ਦੀ ਦੀਵਾਲੀ ਮੌਕੇ ਅੰਮ੍ਰਿਤਸਰ ਵਿੱਚ ਰਹਿੰਦੀ ਸਿੱਖ ਫ਼ੌਜ ਨੂੰ ਸੁਰੀਲੀਆਂ ਧੁਨਾਂ ਦੀ ਗੂੰਜ ਵਿੱਚ ਦਰਬਾਰ ਸਾਹਿਬ ਜਾ ਕੇ ਇਸ਼ਨਾਨ ਕਰਨ ਲਈ ਆਦੇਸ਼ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਚਾਂਦੀ ਦੇ ਚੋਭਾਂ ਵਾਲਾ ਤੰਬੂ ਵੀ ਦਰਬਾਰ ਸਾਹਿਬ ਦੀ ਭੇਟਾ ਕੀਤਾ। ਇਸ ਤੋਂ ਦੋ ਸਾਲ ਬਾਅਦ 1835 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ 511 ਸੋਨੇ ਦੀਆਂ ਮੁਹਰਾਂ ਵੀ ਭੇਟਾ ਕੀਤੀਆਂ।

**ਖ਼ਾਲਸੇ ਦੀ ਜਿੱਤ :**

ਇਸ ਬਾਰੇ ਕਈ ਇਤਿਹਾਸਕਾਰਾਂ ਦਾ ਮੱਤ ਹੈ ਕਿ ਇਹ ਗੱਲ ਮੰਨਣਯੋਗ ਨਹੀਂ ਹੈ। ਪਰ ਜ਼ਿਕਰ ਵਿੱਚ ਲਿਆਂਦਾ ਜਾ ਰਿਹਾ ਹੈ ਕਿ 1778 ਦੀ ਦੀਵਾਲੀ ਸਮੇਂ ਸੰਗਤਾਂ ਦੇ ਇਕੱਠ ਸਦਕਾ ਚੜ੍ਹਾਵਾ ਰਾਸ਼ੀ ਬਹੁਤੀ ਵੇਖ ਕੁੱਝ ਲਾਲਚੀ ਅਨਸਰਾਂ ਨੇ ਅੱਧੀ ਰਾਸ਼ੀ ਦੀ ਮੰਗ ਰੱਖ ਦਿੱਤੀ। ਪਰ ਬਹੁਤੇ ਸ਼ਰਧਾਲੂਆਂ ਦਾ ਮੱਤ ਸੀ ਕਿ ਇਹ ਦਸਵੰਧ ਗੁਰੂ ਘਰ ਦਾ ਹੈ, ਕਿਸੇ ਇੱਕ ਵਿਅਕਤੀ ਦਾ ਨਹੀਂ। ਅਖ਼ੀਰ ਦੋ ਪਰਚੀਆਂ ਸਰੋਵਰ ਵਿੱਚ ਸੁੱਟੀਆਂ ਗਈਆਂ, ਜਿਨ੍ਹਾਂ ਵਿਚੋਂ ਲਾਲਚੀਆਂ ਦੀ ਪਰਚੀ ਪਹਿਲਾਂ ਡੁੱਬ ਗਈ। ਭਾਈ ਲਾਹੌਰਾ ਸਿੰਘ ਦੇ ਲੜਕੇ ਦੀ ਕੁਸ਼ਤੀ ਭਾਈ ਕਾਹਨ ਸਿੰਘ ਦੇ ਲੜਕੇ ਮੀਰੀ ਸਿੰਘ ਨਾਲ ਹੋਈ। ਇਸ ਦਾ ਸਬੰਧ ਵੀ ਪਹਿਲੇ ਵਿਰੋਧ ਵਾਲਾ ਹੀ ਸੀ। ਰੱਖੀ ਸ਼ਰਤ ਅਨੁਸਾਰ ਮੀਰੀ ਸਿੰਘ ਦੀ ਜਿੱਤ ਸਦਕਾ ਲਾਲਚੀਆਂ ਦਾ ਬਹੁਤਾ ਹਿੱਸਾ ਖ਼ਾਲਸਾ ਪੰਥ ਨਾਲ ਜੁੜ ਗਿਆ।

**ਲਾਹੌਰ ਉੱਤੇ ਕਬਜ਼ੇ ਦਾ ਮਤਾ ਪਕਾਉਣਾ :**

21 ਅਕਤੂਬਰ 1761 ਨੂੰ ਦੀਵਾਲੀ ਸਮੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖ਼ਾਲਸੇ ਨੇ ਮਤਾ ਪਾਸ ਕੀਤਾ ਕਿ ਲਾਹੌਰ ਉੱਤੇ ਕਬਜ਼ਾ ਕਰਿਆ ਜਾਵੇ ਅਤੇ ਸਿੱਕਾ ਵੀ ਚਲਾਇਆ ਜਾਵੇ। ਇਸ ਫੈਸਲੇ ਅਨੁਸਾਰ ਨਵੰਬਰ 1761 ਨੂੰ ਹੀ ਲਾਹੌਰ ਉੱਤੇ ਕਬਜ਼ਾ ਕਰਕੇ ਮਤੇ ਨੂੰ ਸੱਚ ਵਿੱਚ ਬਦਲਿਆ ਗਿਆ। ਜੱਸਾ ਸਿੰਘ ਦੇ ਗੱਦੀ ਨਸ਼ੀਨ ਬਣਨ ਬਾਰੇ ਇਹ ਵੇਰਵੇ ਵੀ ਮਿਲਦੇ ਹਨ-

ਸਿੱਕਾ ਜਦਦਰ ਯਹਾਂ ਫਜਲੇ ਖੁਦਾ,
ਮੁਲਕ ਐਹਮਦ ਗ੍ਰਿਫਤ ਜੱਸਾ ਕਲਾਲ।

**ਹੰਕਾਰੀ ਅਬਦਾਲੀ ਦੀ ਗੱਲ ਠੁਕਰਾਉਣਾ :**

ਅਭਿਮਾਨੀ ਅਬਦਾਲੀ ਜਦ ਸਿੰਘਾਂ ਦੇ ਸਿਰਾਂ ਨਾਲ ਭਰੇ 40 ਗੱਡੇ ਲੈ ਕੇ ਅੰਮ੍ਰਿਤਸਰ ਆਇਆ ਅਤੇ ਪਵਿੱਤਰ ਸਰੋਵਰ ਵਿੱਚ ਮਿੱਟੀ ਵੀ ਭਰਵਾ ਦਿੱਤੀ। ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਸਿਰਾਂ ਨੂੰ ਮਿਨਾਰ ਵਾਂਗ ਚਿਣ ਦਿੱਤਾ। ਪਰ 1762 ਦੀ ਦੀਵਾਲੀ ਸਮੇਂ 60 ਲੱਖ ਸਿੰਘਾਂ ਦਾ ਇਕੱਠ ਸੁਣ ਕੇ ਉਸ ਨੇ ਸੁਲਾ ਸਫ਼ਾਈ ਦਾ ਕੁਟਲ ਰਸਤਾ ਚੁਣਿਆ। ਉਸ ਨੇ ਆਪਣਾ ਦੂਤ ਵੀ ਭੇਜਿਆ ਜਿਸ ਨੂੰ ਸਿੰਘਾਂ ਨੇ ਬੇਰੰਗ ਹੀ ਵਾਪਸ ਮੋੜ ਦਿੱਤਾ।

**ਮੌਸਮੀ ਅਤੇ ਸਫ਼ਾਈ ਦਾ ਤਿਓਹਾਰ :**

ਦੂਸਰੇ ਧਰਮਾਂ ਦੇ ਲੋਕਾਂ ਵਾਂਗ ਸਿੱਖ ਵੀ ਸਮਾਜਿਕ ਸਫ਼ਾਈ ਮੁਹਿੰਮ ਦੇ ਭਾਗੀਦਾਰ ਬਣਿਆ ਕਰਦੇ ਹਨ। ਚੀਕਣੀ ਮਿਟੀ ਦੇ ਪੋਚੇ ਦੀ ਥਾਂ ਹੁਣ ਨਵੇਂ ਰੰਗ ਰੋਗਨ ਨੇ ਲੈ ਲਈ ਹੈ। ਕੁੱਝ ਲੋਕ ਜੂਆ ਖੇਡਦੇ ਲੜ ਪਿਆ ਕਰਦੇ ਹਨ। ਇਸ ਦਿਨ ਸ਼ਰਾਬ ਦੀ ਵਰਤੋਂ ਕਰਨਾ ਵੀ ਸ਼ੋਭਾ ਨਹੀਂ ਦਿੰਦਾ। ਕਿਉਂਕਿ ਨਕਲੀ ਮਠਿਆਈ, ਮਿਲਾਵਟੀ ਸਾਮਾਨ, ਪਟਾਖਿਆਂ ਦੇ ਸ਼ੋਰ ਪ੍ਰਦੂਸ਼ਣ, ਵਾਤਾਵਰਣ ਪ੍ਰਦੂਸ਼ਣ ਨੇ ਵੀ ਸਿਹਤ ਖਿਲਵਾੜ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਹੁੰਦੀ। ਰੌਸ਼ਨੀ ਨਾਲ ਜਿਵੇਂ ਘਰ ਦਾ ਹਰ ਕੋਨਾ ਰੁਸ਼ਨਾਉਣ ਦਾ ਯਤਨ ਕਰਦੇ ਹਾਂ, ਇਵੇਂ ਹੀ ਮਨਾਂ ਅੰਦਰ ਵੀ ਤੰਦਰੁਸਤ ਸੋਚ ਦੇ ਦੀਵਿਆਂ ਦੀ ਰੌਸਨੀ ਕਰਨਾ ਜ਼ਰੂਰੀ ਹੈ। ਇਹ ਤਿਓਹਾਰ ਅਜਿਹੀ ਪ੍ਰੇਰਨਾ ਦਿੰਦਾ ਹਰ ਸਾਲ ਮੋਹ ਦੇ ਦੀਵੇ ਦੀ ਰੌਸ਼ਨੀ ਨਾਲ ਸਾਂਝੀਵਾਲਤਾ ਦਾ ਸੰਦੇਸ਼ਾ ਦੇ ਕੇ ਲੰਘ ਜਾਂਦਾ ਹੈ ਅਤੇ ਅਸੀਂ ਇੱਕ ਵਾਰ ਫਿਰ ਅਗਲੇ ਸਾਲ ਲਈ ਉਡੀਕ ਵਿੱਚ ਜੁਟ ਜਾਂਦੇ ਹਾਂ।

# ਰੌਸ਼ਨੀਆਂ ਦੀ ਦੀਵਾਲੀ ਦਾ ਹਨੇਰਾ ਪਾਸਾ



***ਕਈ ਵਾਰ ਕੋਈ ਬੰਦਾ ਔਖੇ ਵੇਲੇ ਬਹੁੜਿਆ ਹੰਦਾ, ਜਾਂ ਫਸਿਆ ਬੇੜਾ ਬੰਨੇ ਲਾਇਆ ਹੁੰਦਾ। ਉਸ ਦੇ ਅਹਿਸਾਨ ਦਾ ਭਾਰ ਸਾਰੀ ਉਮਰ ਸਿਰ 'ਤੇ ਚੁੱਕੀ ਫਿਰਨ ਵਿਚ ਤਾਂ ਕੋਈ ਅਕਲਮੰਦੀ ਨਹੀਂ। ਅਗਲੀ ਦੀਵਾਲੀ ਮੌਕੇ ਕਿਸੇ ਚੀਜ਼ ਵਸਤ ਮਠਿਆਈ ਨਾਲ ਮੱਥਾ ਡੰਮਿਆ, ਹਿਸਾਬ ਬਰਾਬਰ। ਅਹਿਸਾਨ ਕਰਨ ਵਾਲਾ ਵੀ ਕਈ ਵਾਰ ਮੂਹਰੇ ਹੀ ਮੂੰਹ ਚੱਕ ਕੇ ਦੀਵਾਲੀ 'ਤੇ ਉਡੀਕਦਾ ਹੁੰਦਾ। ਉਸ ਵਾਸਤੇ ਚੀਜ਼ ਵਸਤ ਖਰੀਦਣ ਦੀ ਵੀ ਲੋੜ ਨਹੀਂ ਹੁੰਦੀ। ਦੀਵਾਲੀ ਵਿਚ ਬਹੁਤ ਸਾਰਾ ਬੇਲੋੜਾ ਨਿੱਕ ਸੁੱਕ ਆਇਆ ਹੁੰਦਾ, ਜੋ ਅੱਗੇ ਤੋਰਨ ਦੇ ਕੰਮ ਆਉਂਦਾ। ਅਜਿਹੇ ਸਟਾਕ ਵਿਚੋਂ ਭੈਣ ਭੂਆ ਨੂੰ ਮੁਫਤ ਵਿਚ ਦੀਵਾਲੀ ਦੇ ਕੇ ਸੰਧਾਰੇ ਜਾਂ ਥਿਆਰ ਵੇਲੇ ਪੱਲਿਓਂ ਖਰਚ ਕਰਨ ਬਜਾਏ ਘੇਸਲ ਵੱਟੀ ਜਾ ਸਕਦੀ ਹੈ।***

**ਜਸਵੰਤ ਜਫਰ**

ਸਾਡੇ ਮੁਲਕ ਵਿਚ ਤਿਉਹਾਰਾਂ ਦਾ ਕੋਈ ਅੰਤ ਨਹੀਂ। ਲੋਹੜੀ ਵੰਡੀ ਜਾਂਦੀ ਹੈ, ਰੱਖੜੀ ਬੰਨ੍ਹੀ ਜਾਂਦੀ ਹੈ, ਦੁਸਹਿਰਾ ਫੂਕਿਆ ਜਾਂਦਾ ਹੈ, ਮਾਘੀ ਨ੍ਹਾਤੀ ਜਾਂਦੀ ਹੈ ਤੇ ਹੋਲੀ ਖੇਡੀ ਜਾਂਦੀ ਹੈ। ਕ੍ਰਿਸਮਿਸ, ਵਿਸਾਖੀ, ਜਨਮ ਅਸ਼ਟਮੀ ਵਰਗੇ ਤਿਉਹਾਰ ਮਨਾਏ ਜਾਂਦੇ ਹਨ। ਸਾਰੇ ਤਿਉਹਾਰਾਂ ਵਿਚੋਂ ਸਿਰਮੌਰ ਦੀਵਾਲੀ ਦਾ ਤਿਉਹਾਰ ਹੈ। ਪਿੰਡਾਂ ਵਿਚ ਭਾਵੇਂ ਇਹ ਸਿਰਫ ਮਨਾਈ ਜਾਂਦੀ ਹੈ ਪਰ ਸ਼ਹਿਰਾਂ ਤੇ ਕਸਬਿਆਂ ਵਿਚ ਇਹ ਮਨਾਉਣ ਦੇ ਨਾਲ ਨਾਲ ਮੰਗੀ ਵੀ ਜਾਂਦੀ ਹੈ, ਦਿੱਤੀ ਵੀ ਜਾਂਦੀ ਹੈ ਅਤੇ ਇਕੱਠੀ ਵੀ ਕੀਤੀ ਜਾਂਦੀ ਹੈ। ਸਰਕਾਰੀ ਕੰਪਲੈਕਸਾਂ ਵਿਚ ਤਾਇਨਾਤ ਲੋਕ ਦੀਵਾਲੀ ਮਗਰੋਂ ਅਕਸਰ ਇੱਕ ਦੂਏ ਨੂੰ ਪੁੱਛਦੇ ਹਨ-ਐਤਕੀਂ ਕਿੰਨੀ ਕੁ ਬਣੀ ਦੀਵਾਲੀ? ਕੁਝ ਵਰ੍ਹੇ ਪਹਿਲਾਂ ਅਖ਼ਬਾਰਾਂ ਵਿਚ ਛਪਿਆ ਸੀ ਕਿ ਪੰਜਾਬ ਦੇ ਸਭ ਤੋਂ ਵੱਡੇ ਸਰਕਾਰੀ ਦਫਤਰ ਯਾਨੀ ਸਿਵਲ ਸਕੱਤਰੇਤ ਚੰਡੀਗੜ੍ਹ ਵਿਚ ਦਰਜਾ ਚਾਰ ਕਰਮਚਾਰੀਆਂ ਨੂੰ ਹੀ ਲੱਖਾਂ ਰੁਪਏ ਦੀ ਦੀਵਾਲੀ ਬਣ ਜਾਂਦੀ ਹੈ। ਦੱਸਦੇ ਹਨ ਕਿ ਜ਼ਿਲ੍ਹਿਆਂ ਦੇ ਵੱਡੇ ਅਫ਼ਸਰਾਂ ਨੂੰ ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਦੇਣ ਆਏ ਪਤਵੰਤੇ ਸੱਜਣ ਉਨ੍ਹਾਂ ਦੇ ਘਰੀਂ ਦਰਸ਼ਨ ਭੇਟਾਵਾਂ ਦੇ ਅੰਬਾਰ ਲਾ ਦਿੰਦੇ ਹਨ। ਜਿਨ੍ਹਾਂ ਵਿਚ ਚਾਂਦੀ ਦੇ ਬਰਤਣ ਅਤੇ ਹੀਰੇ, ਸੋਨੇ ਤੇ ਪਲੈਟੀਨਮ ਦੇ ਗਹਿਣੇ ਵੀ ਸ਼ਾਮਲ ਹੁੰਦੇ ਹਨ। ਚੜ੍ਹਾਵੇ ਦਾ ਇਹ ਮਾਲ ਰਿਸ਼ਵਤ ਜਾਂ ਇਨਕਮ ਟੈਕਸ ਦੇ ਘੇਰੇ ਵਿਚ ਨਹੀਂ ਆਉਂਦਾ। ਕਿਸੇ ਸਰਕਾਰੀ ਅਹੁਦੇ ਦੀ ਸ਼ਾਨ ਅਤੇ ਮਹੱਤਵ ਦਾ ਅੰਦਾਜ਼ਾ ਮਿਲਣ ਵਾਲੀ ਦੀਵਾਲੀ ਤੋਂ ਲਾਇਆ ਜਾਂਦਾ ਹੈ। ਕਈ ਵਾਰ ਸਰਕਾਰੀ ਅਹਿਲਕਾਰਾਂ ਨੂੰ ਸਜ਼ਾ ਦੇ ਤੌਰ 'ਤੇ ਅਜਿਹੇ ਅਹੁਦੇ ਜਾਂ ਸਟੇਸ਼ਨ ਤੇ ਲਾਇਆ ਜਾਂਦਾ ਹੈ ਜਿਥੇ ਦੀਵਾਲੀ ਨਾ ਮਿਲਦੀ ਹੋਵੇ। ਜੇ ਕਿਸੇ ਮੋਟੀ ਦੀਵਾਲੀ ਵਾਲੇ ਅਹੁਦੇ 'ਤੇ ਤਾਇਨਾਤ ਅਹਿਲਕਾਰ ਦਾ ਤਬਾਦਲਾ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਕਿਸੇ ਖੁਸ਼ਕ ਜਗ੍ਹਾ ਤੇ ਹੋ ਜਾਏ ਤਾਂ ਇੰਜ ਮਹਿਸੂਸਿਆ ਜਾਂਦਾ ਹੈ ਜਿਵੇਂ ਕਿਸੇ ਸੌਦਾਗਰ ਦਾ ਹੀਰੇ ਮੋਤੀਆਂ ਦਾ ਭਰਿਆ ਬੇੜਾ ਸਮੁੰਦਰ ਦੇ ਵਿਚਾਲੇ ਡੁੱਬ ਗਿਆ ਹੋਵੇ। ਸਾਰਾ ਟੱਬਰ ਮਰਨ ਹਾਕਾ ਹੋ ਜਾਂਦਾ ਹੈ। ਘਰ ਵਿਚ ਸੋਗ ਪੈ ਜਾਂਦਾ ਹੈ। ਦੂਜੇ ਪਾਸੇ ਯਤਨ ਕਰਕੇ ਅਜਿਹੇ ਅਹੁਦੇ 'ਤੇ ਲੱਗਣ ਵਾਲੇ ਦੇ ਟੱਬਰ ਦੀਆਂ ਵਾਛਾਂ ਖਿੜ ਜਾਂਦੀਆਂ ਹਨ। ਬਲੱਡ ਪ੍ਰੈਸ਼ਰ ਨਾਰਮਲ ਹੋ ਜਾਂਦੇ ਹਨ। ਢਿੱਡਾਂ ਵਿਚ ਲੱਡੂ ਪੱਕਣ ਲੱਗਦੇ ਹਨ। ਦਿਲਾਂ ਵਿਚ ਘਿਓ ਦੇ ਦੀਵੇ ਬਲਦੇ ਹਨ। ਏਨੀ ਖੁਸ਼ੀ ਤਾਂ ਭਗਵਾਨ ਰਾਮ ਦੇ ਪਰਤਣ 'ਤੇ ਆਯੁਧਿਆ ਵਾਸੀਆਂ ਨੂੰ ਵੀ ਨਹੀਂ ਹੋਈ ਹੋਣੀ। ਕਈ ਅਹਿਲਕਾਰਾਂ ਦਾ ਪਰਿਵਾਰ ਉਨ੍ਹਾਂ ਦੇ ਤਾਇਨਤੀ ਸਥਾਨ ਤੇ ਨਿਵਾਸ ਨਹੀਂ ਕਰਦਾ ਹੁੰਦਾ ਅਤੇ ਉਹ ਆਮ ਤੌਰ 'ਤੇ ਆਪਣੇ ਸਦਰ ਮੁਕਾਮ 'ਤੇ ਨਹੀਂ ਰਹਿੰਦੇ। ਪਰ ਉਹ ਦੀਵਾਲੀ ਦੇ ਦਿਨੀਂ ਜ਼ਰੂਰ ਸਰਕਾਰੀ ਰਿਹਾਇਸ਼ਗਾਹ ਨੂੰ ਝਾੜ ਪੂੰਝ ਕੇ ਇਥੇ ਨਹਾ ਧੋ ਕੇ ਸਜਦੇ ਹਨ, ਭਾਗ ਲਾਉਂਦੇ ਹਨ ਤਾਂ ਕਿ ਦੀਵਾਲੀ ਜਾਂ ਲਕਸ਼ਮੀ ਨੂੰ ਆਉਣ ਵਿਚ ਕੋਈ ਅਸੁਵਿਧਾ ਜਾਂ ਨਿਰਾਸ਼ਾ ਨਾ ਹੋਵੇ। ਗਰਜ਼ਵਾਨ ਸੱਜਣ ਵੇਲੇ ਕੁਵੇਲੇ ਅਹਿਲਕਾਰਾਂ ਦੇ ਮੂੰਹ ਮੱਥੇ ਲੱਗਣ ਦਾ ਨੈਤਿਕ ਅਧਿਕਾਰ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਹਜ਼ੂਰ ਹਾਜ਼ਰ ਹੋ ਕੇ ਦੀਵਾਲੀ ਦੇਣੋਂ ਨਹੀਂ ਉੱਕਦੇ। ਅਹਿਲਕਾਰ ਵੱਡੇ ਅਹਿਲਕਾਰਾਂ ਦੀ ਸਰਪ੍ਰਸਤੀ ਹਾਸਲ ਕਰਨ ਲਈ ਜਾਂ ਉਨ੍ਹਾਂ ਦੀ ਕਰੋਪੀ ਤੋਂ ਬਚਣ ਲਈ ਉਚੇਚੀ ਦੀਵਾਲੀ ਦਿੰਦੇ ਹਨ। ਕਈ ਵਾਰ ਬਾਹਲੇ ਕਹਿੰਦੇ-ਕਹਾਉਂਦੇ ਅਹਿਲਕਾਰ ਹੇਠਲਿਆਂ ਦੇ ਗਲ਼ ਵਿਚ 'ਗੂਠਾ ਦੇ ਕੇ ਵੀ ਦੀਵਾਲੀ ਲੈਂਦੇ ਦੇਖੇ ਹਨ। ਫੀਲਡ ਵਿਚ ਤਾਇਨਾਤ ਕਈ ਛੋਟੇ ਅਹਿਲਕਾਰ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਹੀ ਆਪਣੇ ਇਲਾਕੇ ਵਿਚੋਂ ਦੀਵਾਲੀ ਇਕੱਠੀ ਕਰਨ ਲਈ ਗਜਾ ਕਰਨ ਵਾਲਿਆਂ ਵਾਂਗ ਖ਼ੂਬ ਗੇੜਾ ਬੰਨ੍ਹਦੇ ਹਨ। ਕਈ ਵੇਰ ਛੋਟੇ ਮੋਟੇ ਚਮਚੇ ਨੂੰ ਨਾਲ ਲੈ ਕੇ ਜਾਂਦੇ ਹਨ, ਜੋ ਬੂਹਾ ਖੜਕਾਉਂਦਾ ਹੈ ਅਤੇ ਅਗਲੇ ਨੂੰ ਦੱਸਦਾ ਹੈ- 'ਸਾਬ ਆਏ ਹਨ, ਦੀਵਾਲੀ ਹੈ।

ਸਰਕਾਰੀ ਤੰਤਰ ਵਿਚ ਦੀਵਾਲੀ ਹੇਠੋਂ ਉਪਰ ਨੂੰ ਜਾਂਦੀ ਹੈ ਭਾਵ ਹਮੇਸ਼ਾ ਛੋਟੇ ਹੀ ਵੱਡਿਆਂ ਨੂੰ ਦੀਵਾਲੀ ਦਿੰਦੇ ਹਨ। ਪਰ ਬਹੁਤੇ ਪ੍ਰਾਈਵੇਟ ਖੇਤਰਾਂ ਵਿਚ ਇਸ ਤੋਂ ਉਲਟ ਹੁੰਦਾ ਹੈ। ਕੰਪਨੀਆਂ ਮੁੱਖ ਡੀਲਰਾਂ ਨੂੰ, ਮੁੱਖ ਡੀਲਰ ਆਪਣੇ ਹੇਠਲੇ ਡੀਲਰਾਂ ਨੂੰ ਅਤੇ ਡੀਲਰ ਸੇਲਜ਼ ਕਰਮਚਾਰੀਆਂ ਨੂੰ ਦੀਵਾਲੀ ਦੇ ਤੋਹਫੇ ਦਿੰਦੇ ਹਨ। ਵੱਡੇ ਸ਼ਹਿਰਾਂ ਦੇ ਵੱਡੇ ਨਰਸਿੰਗ ਹੋਮਾਂ ਵਾਲੇ ਛੋਟੇ ਸ਼ਹਿਰਾਂ ਦੇ ਛੋਟੇ ਨਰਸਿੰਗ ਹੋਮਾਂ ਵਾਲਿਆਂ ਨੂੰ, ਨਰਸਿੰਗ ਹੋਮਾਂ ਤੇ ਲੈਬਾਟਰੀਆਂ ਵਾਲੇ ਕਲੀਨਕਾਂ ਵਾਲਿਆਂ ਨੂੰ ਉਚੇਚੀ ਦੀਵਾਲੀ ਦਿੰਦੇ ਹਨ। ਕਹਾਣੀ ਵੱਡੇ ਛੋਟੇ ਦੀ ਨਹੀਂ, ਗਰਜ਼ ਦੀ ਹੈ। ਜਿਸ ਨੂੰ ਗਰਜ਼ ਹੈ, ਉਸ ਦਾ ਦੀਵਾਲੀ ਦੇਣਾ ਫਰਜ਼ ਹੈ। ਜਿਸ ਕੋਲ ਦਿਖਾਉਣ ਲਈ ਪਾਵਰ ਹੈ ਉਸ ਦਾ ਦੀਵਾਲੀ ਬਟੋਰਨਾ ਹੱਕ ਹੈ। ਪਾਵਰ ਦਿਖਾਉਣ ਵਾਲਾ ਜ਼ਰੂਰੀ ਨਹੀਂ ਕਿ ਵੱਡਾ ਅਫ਼ਸਰ ਜਾਂ ਅਮੀਰ ਵਜ਼ੀਰ ਹੀ ਹੋਵੇ : ਮਹੱਲੇ ਦਾ ਡਾਕੀਆ, ਕਮੇਟੀ ਦਾ ਜਮਾਂਦਾਰ ਜਾਂ ਛੋਟੇ ਮੋਟੇ ਸਥਾਨਕ

ਬਾਕੀ ਸਫ਼ਾ 40 'ਤੇ

ਪੰਜਾਬੀ ਦੀ ਸਾਹਿਤਕ ਖ਼ਾਸ ਕਰ ਅਖ਼ਬਾਰੀ ਪੱਤਰਕਾਰੀ ਵਿੱਚ ਸੁਖਮਿੰਦਰ ਸਿੰਘ ਗੱਜਣਵਾਲਾ ਕਾਫ਼ੀ ਜਾਣਿਆ ਪਛਾਣਿਆ ਨਾਂਅ ਹੈ। ਪੰਜਾਬ ਦੇ ਪੇਂਡੂ ਜੀਵਨ, ਲੋਕਾਂ ਦੀ ਬੋਲ ਚਾਲ, ਸੁਭਾਅ ਅਤੇ ਜੀਵਨ ਸ਼ੈਲੀ ਨੂੰ ਰੂਪਮਾਨ ਕਰਦੇ ਉਸਦੇ ਅਖ਼ਬਾਰੀ ਲੇਖ ਬਹੁਤ ਦਿਲਚਸਪੀ ਨਾਲ ਪੜ੍ਹੇ ਅਤੇ ਸਰਾਹੇ ਜਾਂਦੇ ਹਨ। ਅਪਣੇ ਬੈਂਕਿੰਗ ਕਿੱਤੇ ਵਿੱਚ ਹੁੰਦਿਆਂ ਵੀ ਗੱਜਣਵਾਲਾ ਨੇ ਅਪਣੇ ਵਿਚਲੇ ਪੰਜਾਬੀ ਬੰਦੇ ਨੂੰ ਬਾਣੀਆ ਨਹੀਂ ਬਣਨ ਦਿੱਤਾ। ਗੱਜਣਵਾਲਾ ਦੀ ਭਾਸ਼ਾ ਤੇ ਲਿਖਣ ਦਾ ਲਹਿਜ਼ਾ ਅਜਿਹਾ ਹੈ ਕਿ ਉਸਦੀਆਂ ਲਿਖਤਾਂ ਨੂੰ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸਾਹਿਤਕ ਮਹਿਫ਼ਿਵਿੱਚ ਪੜ੍ਹਿਆ ਵਿਚਾਰਿਆਂ ਜਾਂਦਾ ਹੈ। ਉਸਦੀਆਂ ਰਚਨਾਵਾਂ ਵਿਚਲੀ ਰੌਚਿਕਤਾ ਅਤੇ ਵਿਲੱਖਣ ਅੰਦਾਜ਼ ਸਦਕਾ ਪਾਠਕ ਅਤੇ ਪ੍ਰਸੰਸਕ ਇਸ ਘੁਮੱਕੜ ਲੇਖਕ ਦਾ ਦੇਸ ਵਿਦੇਸ਼ 'ਚ ਆਸਟਰੇਲੀਆ ਸਮੇਤ ਜਿੱਥੇ ਵੀ ਜਾਵੇ ਉਚੇਚਾ ਭਾਲ ਕੇ ਸਨਮਾਨ ਕਰਨਾ ਅਪਣਾ ਮਾਣ ਸਮਝਦੇ ਹਨ। ਰਿਟਾਇਰਮੈਂਟ ਬਾਅਦ ਸਿੱਖੀ ਅਤੇ ਇਤਿਹਾਸ ਨਾਲ ਜੁੜੇ ਖੋਜ ਪ੍ਰਾਜੈਕਟਾਂ ਅਤੇ ਡਾ. ਕ੍ਰਿਪਾਲ ਸਿੰਘ ਵਰਗੇ ਨਾਮੀ ਇਤਿਹਾਸਕਾਰ ਦੇ ਸੰਗ ਕਾਰਜ ਕਰਦਿਆਂ ਗੱਜਣਵਾਲਾ ਨੇ ਇਸ ਖੇਤਰ ਵਿੱਚ ਡੂੰਘੀ ਦਿਲਚਸਪੀ ਲੈਂਦਿਆਂ ਅਪਣੀ ਖੋਜ ਪ੍ਰਤਿਭਾ ਨੂੰ ਉਭਾਰਿਆ ਹੈ। ਬੰਦੀ ਛੋੜ ਦਿਵਸ ਉੱਤੇ "ਕੌਮਾਂਤਰੀ ਅੰਮ੍ਰਿਤਸਰ ਟਾਈਮਜ਼" ਲਈ ਉਚੇਚਾ ਭੇਜਿਆ ਇਹ ਲੇਖ ਪੜ੍ਹਦਿਆਂ ਸੂਝਵਾਨ ਪਾਠਕਾਂ ਨੂੰ ਲੇਖਕ ਦੀ ਖੋਜੀ ਬਿਰਤੀ ਅਤੇ ਰਚਨਾਤਮਕਤਾ ਵਿਚਲੀ ਵਿਲੱਖਣਤਾ ਦਾ ਅਹਿਸਾਸ ਹੋਵੇਗਾ-ਸੰਪਾਦਕ

# ਬੰਦੀ ਛੋੜ ਦਿਵਸ ਦਾ ਪਿਛੋਕੜ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਕਿਲ੍ਹੇ 'ਚ ਨਜ਼ਰਬੰਦੀ ਸਬੰਧੀ ਮੁਗਲ ਪ੍ਰਸ਼ਾਸਨ ਦਾ ਰੋਲ

**ਗੱਜਣਵਾਲਾ ਸੁਖਮਿੰਦਰ ਸਿੰਘ**
ਸੀਨੀਅਰ ਰਿਸਰਚ ਸਕਾਲਰ
(ਮੋਬਾਈਲ-9915106449)



ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਗੁਰਤਾਗੱਦੀ ਤੇ ਬਿਰਾਜਮਾਨ ਹੋਏ ਤਾਂ ਜੀਵਨ ਸ਼ੈਲੀ ਵਿਚ ਨਵੀਂ ਵਿਉਂਤਬੰਦੀ ਕਰਨੀ ਪਈ



ਸਾਵਧਾਨੀ ਹਿਤ ਇਕ ਸੈਨਿਕ ਸ਼ਕਤੀ ਉਸਾਰਨ ਦੀ ਲੋੜ ਪੈਦਾ ਹੋਈ । ਪੀਰੀ ਦੇ ਸੰਕਲਪ ਦੇ ਨਾਲ ਨਾਲ ਮੀਰੀ ਦਾ ਸੰਕਲਪ ਹੋਂਦ ਵਿਚ ਆ ਗਿਆ । ਸ਼ਾਸਤਰ ਸਿਖਿਆ ਦੇ ਨਾਲ ਨਾਲ ਸ਼ਸਤਰਾਂ ਦੀ ਸਿਖਲਾਈ ਦਿੱਤੀ ਜਾਣ ਲੱਗੀ । ਬਲਵਾਨ ਫੁਰਤੀਲੇ ਘੋੜੇ, ਤੇਜ ਤਲਵਾਰਾਂ ਨੇਜ਼ੇ ਤੇ ਭਾਲੇ ਅਰਪਣ ਹੋਣ ਲੱਗੇ । ਭਗਤੀ ਦੇ ਨਾਲ ਨਾਲ ਬਾਹੂ-ਬਲ ,ਸ਼ਕਤੀ ਦਾ ਪਰਗਟਾਓ ਪ੍ਰਚੰਡ ਹੋਣ ਲੱਗਾ ।

ਸ਼੍ਰੋਮਣੀ ਕਵੀ ਭਾਈ ਸੰਤੋਖ ਸਿੰਘ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ ਕਿ ਗੁਰੂ ਘਰ ਦਾ ਕੱਟੜ ਵਿਰੋਧੀ ਚੰਦੂ ਸ਼ਾਹ ਦੀਵਾਨ ਦਵੈਸ਼ ਭਾਵਨਾ ਨਾਲ ਓਤਪੋਤ ਸੀ । ਉਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੇਜ-ਪਰਤਾਪ ਵਧਦਾ ਦਿਸਿਆ ਤਾਂ ਉਸ ਨੇ ਗੁਰੂ ਸਾਹਿਬ ਦੇ ਬਰਖਿਲਾਫ ਸਾਜ਼ਿਸ ਰਚੀ ਤੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ - ਬਾਦਸ਼ਾਹ ਸਲਾਮਤ ! ਆਪ ਦੇ ਨਿਆਂਕਾਰੀ ਜਹਾਂਗੀਰੀ ਰਾਜ ਦੇ ਸੂਬਾ ਲਾਹੌਰ ਵਿਚ ਹਾਲਾਤ ਸਮਾਨਯ ਨਹੀਂ ਹਨ । ਇਸ ਵੇਲੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਨੌਜਵਾਨ , ਗੁਰੂ ਸਪੁੱਤਰ ਸ੍ਰੀ ਹਰਿਗੋਬਿੰਦ ਬਿਰਾਜਮਾਨ ਹਨ। ਉਨ੍ਹਾਂ ਦੇ ਹੈਰਾਨਕੁਨ ਹੁਕਮਾਂ ਅਤੇ ਅਜਬ ਕਾਰ-ਵਿਹਾਰ ਬਾਰੇ ਲਾਹੌਰ ਤੋਂ ਖਬਰਾਂ ਆਈਆਂ ਹਨ ਕਿ ਉਥੇ ਨਵੀਂ ਤਰ੍ਹਾਂ ਦੀ ਤਰਕੀਬ ਰਚ ਲਈ ਗਈ ਹੈ ; ਗੁਰਤਾਗੱਦੀ ਦਾ ਨਾਮ ਤਖਤ ਫਰਮਾਇਆ ਹੈ। ਬਿਰਾਜਮਾਨ ਛੇਂਵੇ ਗੁਰੂ ਦਾ ਧਿਆਨ ਜ਼ਿਆਦਾਤਰ, ਸ਼ਸਤਰ ਵਿਦਿਆ ਤੇ ਕੇਂਦਰਿਤ ਹੈ। -ਤਜਯੋ ਫਕੀਰੀ ਕੋ ਬਹੁ ਬੇਸ- ਉਸ ਨੇ ਕਦੀਮੀ ਚਲਿਆ ਆਉਂਦਾ ਫਕੀਰੀ ਲਿਬਾਸ ਤਿਆਗ ਦਿੱਤਾ ਹੈ ਤੇ ਸ਼ਸਤਰਧਾਰੀ ਤੇ ਸ਼ਾਹੀ ਸਰੂਪ ਧਾਰਨ ਕਰ ਲਿਆ ਹੈ। ਹਜ਼ੂਰ ! ਉਹ ਬਾ-ਖਾਸੂਸ ਬਾਦਸ਼ਾਹਿਤ ਦੀ ਬਰਾਬਰੀ ਕਰਨਾ ਚਾਹੁੰਦਾ ਹੈ. ਜੰਗ ਕਰਨ ਦੇ ਮਨਸੂਬੇ ਨਾਲ ਸੈਨਾ ਤਿਆਰ ਹੋ ਰਹੀ ਹੈ. ਛੇਵਾਂ ਗੁਰੂ ਦਿਨ-ਬ-ਦਿਨ ਤਰ੍ਹਾਂ ਤਰ੍ਹਾਂ ਦੇ ਸੂਰਮੇ ਇਕੱਤਰ ਕਰ ਰਿਹਾ ਹੈ। ਅੰ੍ਰਮਿਤਸਰ ਦੀ ਸੁਰੱਖਿਆ ਲਈ ਕਿਲ੍ਹਾ ਤਾਮੀਰ ਹੋ ਚੁੱਕਿਆ। ਇਥੇ ਹੀ ਬੱਸ ਨਹੀਂ -ਕਹਿਵਾਵਨਿ ਲਾਗਯੋ ਪਾਤਸ਼ਾਹੂ- ਉਹ ਆਪਣੇ ਆਪ ਨੂੰ ਪਾਤਸ਼ਾਹ' ਅਖਵਾਉਣ ਲੱਗ ਪਿਆ ਹੈ। ਜੰਗੀ ਮਸ਼ਕਾਂ ਸ਼ੁਰੂ ਹਨ। ਹੇ ਬਾਦਸ਼ਾਹ ਸਲਾਮਤ! ਅਜਿਹਾ ਨਾ ਹੋਵੇ ਕੱਲ੍ਹ ਨੂੰ ਕੋਈ ਬਖੇੜਾ ਖੜ੍ਹਾ ਹੋ ਜਾਵੇ । ਆਪ ਜਾਂ ਤਾਂ ਸੈਨਾ ਦੀ ਚੜ੍ਹਾਈ ਕਰਕੇ ਉਨਾਂ ਨੂੰ ਗ੍ਰਿਫਤਾਰ ਕਰ ਲਵੋ ਜਾਂ ਫਿਰ ਕੋਈ ਮੁਹਤਬਰ, ਸੂਝਵਾਨ ਬੰਦਾ ਭੇਜ ਕੇ ਉਨ੍ਹਾਂ ਨੂੰ ਆਪਣੇ ਪਾਸ ਦਿੱਲੀ ਦਰਬਾਰ ਬੁਲਾ ਲਿਆ ਜਾਵੇ ; ਇਸ ਤਰਾਂ -ਦਬਯੋ ਰਹੇ ਨਹੀਂ ਦੂੰਦ ਉਠਾਵੈ- ਉਹ ਮੁਗਲ ਸਾਮਰਾਜ ਦੇ ਪ੍ਰਭਾਵ ਹੇਠ ਰਹਿਣਗੇ ।

ਸੋਚ ਵਿਚਾਰ ਕਰਨ ਤੋਂ ਬਾਅਦ ਬਾਦਸ਼ਾਹ ਜਹਾਂਗੀਰ ਨੇ ਆਪਣੇ ਬਹੁਤ ਹੀ ਭਰੋਸੇਯੋਗ ਮੰਤਰੀ ਵਜ਼ੀਰ ਖ਼ਾਨ ਨੂੰ ਕੋਲ ਬੁਲਾ ਕੇ ਆਖਿਆ - ਸਾਨੂੰ ਸੂਬਾ ਲਾਹੌਰ ਤੋਂ ਸੂਚਨਾ ਮਿਲੀ ਹੈ ਕਿ ਇਸ ਵੇਲੇ ਗੁਰੂ ਨਾਨਕ ਸਾਹਿਬ ਦੀ ਗੁਰਤਾਗੱਦੀ ਪਰ ਸ੍ਰੀ ਹਰਿਗੋਬਿੰਦ ਨਾਮੀ ਇਕ ਨੌਜਵਾਨ ਉਮਰ ਕਾ ਵਿਅਕਤੀ ਗੁਰੂ ਵਜੋਂ ਬਿਰਾਜਮਾਨ ਹੈ। ਉਸ ਨੇ ਪਹਿਲਾਂ ਵਾਲੀ ਵਿਵਸਥਾ ਦੇ ਵਿਪਰੀਤ ਬਾਦਸ਼ਾਹਾਂ ਜੈਸੀ ਠਾਠ-ਬਾਠ ਸਜਾ ਰੱਖੀ ਹੈ, ਉਹ ਸੈਨਿਕ ਬਲ ਤਿਆਰ ਕਰ ਰਿਹਾ ਹੈ, ਫੌਜੀ ਮਸ਼ਕਾਂ ਜਾਰੀ ਹਨ। ਇਸ ਤਰਾਂ ਕਿਸੇ ਵੇਲੇ ਸੂਬਾ ਲਾਹੌਰ ਵਿਚ ਬਖੇੜਾ ਹੋ ਸਕਦਾ ਹੈ -। ਗਹਿਰੀ ਸੋਚ ਵਿਚਾਰ ਕਰਨ ਪਿਛੋਂ ਬਾਦਸ਼ਾਹ ਨੇ ਚੜ੍ਹਾਈ ਕਰਨ ਦੀ ਬਜਾਏ, ਵਜ਼ੀਰ ਖਾਨ ਤੇ ਕਿੰਚਾ ਬੇਗ ਨੂੰ ਗੁਰੂ ਹਰਿਗੋਬਿੰਦ ਜੀ ਨੂੰ ਬੜੇ ਅਦਬ ਸਹਿਤ ਦਿੱਲੀ ਲੈ ਕੇ ਆਉਣ ਦਾ ਹੁਕਮ ਦੇ ਦਿਤਾ ।

ਵਜ਼ੀਰ ਖਾਨ ਗੁਰੂ ਘਰ ਦਾ ਵੱਡਾ ਸਰਧਾਲੂ ਸੀ ਉਸ ਨੇ ਅੰਮ੍ਰਿਤਸਰ ਪਹੁੰਚ ਕੇ ਅਰਜ਼ ਕੀਤੀ -ਹੇ ਗੁਰੂ ਸਾਹਿਬ! ਬਾਦਸ਼ਾਹ ਜਹਾਂਗੀਰ ਨੇ ਆਪ ਜੀ ਅੱਗੇ ਬੰਦਗੀ ਫਰਮਾਈ ਹੈ। ਉਹ ਆਪ ਜੀ ਦੇ ਦਰਸ਼ਨ ਕਰਨਾ ਲੋਚਦੇ ਹਨ-। ਆਪ ਜੀ ਦੇ ਮਿਲਣ ਨਾਲ ਸਾਰਾ ਗੁਪਤ ਭੇਦ ਖੁੱਲ ਜਾਵੇਗਾ. ਬਾਦਸ਼ਾਹ, ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਬਾਰੇ ਅਣਜਾਣ ਹੈ ਉਸ ਨੂੰ ਵਾਪਰੀ ਅਸਹਿ ਘਟਨਾ ਦੇ ਅਸਲ ਸੱਚ ਦਾ ਪਤਾ ਨਹੀਂ ਹੈ। ਇਸ ਵੇਲੇ ਆਪ ਜੀ ਨੂੰ ਦਿੱਲੀ ਬੁਲਾਉਣ ਦੀ ਸਾਰੀ ਸਾਜ਼ਿਸ ਚੰਦੂ ਸ਼ਾਹ ਨੇ ਹੀ ਰਚੀ ਹੈ । ਉਸ ਨੇ ਬਹੁਤ ਹੀ ਵਧਾ-ਚੜ੍ਹਾ ਕੇ ਬਾਦਸ਼ਾਹ ਦੇ ਕੰਨੀਂ ਗੱਲਾਂ ਪਾਈਆਂ ਹਨ. ਚੰਦੂ ਨੇ ਬਹੁਤ ਗਹਿਰੀ ਚਾਲ ਚੱਲੀ ਹੈ । ਨਾਸਾਜ਼ਗਾਰ ਹਾਲਾਤ ਨੂੰ ਵੇਖਦੇ ਹੋਏ ਇਸ ਵੇਲੇ ਆਪ ਜੀ ਦਾ ਬਾਦਸ਼ਾਹ ਨੂੰ ਮਿਲਣਾ ਵਾਜਿਬ ਰਹੇਗਾ ।

ਭਾਈ ਸੰਤੋਖ ਸਿੰਘ ਅੱਗੇ ਲਿਖਦੇ ਹਨ ਕਿ ਦਿੱਲੀ ਤੋਂ ਆਏ ਪੈਗਾਮ ਬਾਰੇ ਸੂਝਵਾਨ ਸਿੱਖਾਂ ਨੇ ਵਿਚਾਰ ਮਸ਼ਾਵਰਾ ਕੀਤਾ । ਦਿੱਬ-ਦ੍ਰਿਸ਼ਟੀ ਦੇ ਮਾਲਕ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਹਾਮੀ ਭਰਦੇ ਹੋਏ ਆਖਿਆ - ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰ ਪਰਦਾ ਪਾਇਆ ਜਾ ਰਿਹਾ. ਮੁਲਾਕਾਤ ਹੋਣ ਤੇ ਬਾਦਸ਼ਾਹ ਨੂੰ ਪਤਾ ਲੱਗ ਜਾਵੇਗਾ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਲਾ ਅਸਲ ਸਾਜ਼ਸੀ ਚੰਦੂ ਸ਼ਾਹ ਹੈ ।ਦੁਸ਼ਟ ਚੰਦੂ ਨੂੰ ਸਬਕ ਦੇਣ ਦਾ ਸਮਾਂ ਆ ਗਿਆ ਜਾਪਦਾ ਹੈ ।ਇਸ ਲਈ ਗੁਰੂ ਹਰਿਗੋਬਿੰਦ ਜੀ ਨੂੰ ਬਾਦਸ਼ਾਹ ਕੋਲ ਦਿੱਲੀ ਜਰੂਰ ਜਾਣਾ ਚਾਹੀਦਾ. ਗੁਰੂ ਜੀ ਦੀ ਬਾਦਸ਼ਾਹ ਨਾਲ ਵਾਰਤਾਲਾਪ ਹੋਵੇਗੀ ਤਾਂ ਦੋਖੀ ਚੰਦੂ ਦਾ ਸਾਰਾ ਭੇਦ ਖੁੱਲ੍ਹ ਜਾਵੇਗਾ ਤੇ ਦੁਸ਼ਮਣ ਸਜ਼ਾ ਦਾ ਭਾਗੀ ਹੋਵੇਗਾ । ।

ਸਾਰੀ ਸੋਚ ਵਿਚਾਰ ਕਰਨ ਤੋਂ ਬਾਅਦ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਾਰੀ ਸਾਂਭ ਸੰਭਾਲ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੇ ਹਵਾਲੇ ਕਰ ਦਿਤੀ ਤੇ ਆਪਣੇ ਘੋੜ-ਸਵਾਰ ਸੈਨਿਕ ਦਲ ਸਮੇਤ ਦਿੱਲੀ ਵੱਲ ਚੱਲਣ ਦੀਆਂ ਤਿਆਰੀਆਂ ਕਰ ਲਈਆਂ। ਗੁਰੂ ਜੀ ਨੇ ਦਿੱਲੀ ਜਾ ਕੇ ਜਮਨਾ ਨਦੀ ਦਾ ਕਿਨਾਰੇ ਮਜਨੂੰ ਟਿੱਲੇ ਦਾ ਸਥਾਨ ਤੇ ਉਤਾਰਾ ਕਰ ਲਿਆ। ਫਿਰ ਸਮੇਂ ਸਮੇਂ ਉਥੇ ਗੁਰੂ ਸਾਹਿਬ ਤੇ ਬਾਦਸ਼ਾਹ ਜਹਾਂਗੀਰ ਦੀਆਂ ਖੁਸ਼ਗਵਾਰ ਮਾਹੌਲ ਵਿਚ ਮੁਲਾਕਾਤਾਂ ਹੁੰਦੀਆਂ ਰਹੀਆਂ. ਬਾਦਸ਼ਾਹ ਤੇ ਗੁਰੂ ਜੀ ਕਈ ਵਾਰ ਇਕੱਠੇ ਹੋ ਕੇ ਬਾਹਰ ਸ਼ਿਕਾਰ ਤੇ ਨਿਕਲ ਜਾਂਦੇ ਤੇ ਲੰਮਾ ਸਮਾਂ ਬਾਹਰ ਜੰਗਲ ਵਿਚ ਸ਼ਿਕਾਰ ਖੇਡਦੇ ਰਹਿੰਦੇ ।

ਫਿਰ ਇਕ ਦਿਨ ਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਸੀ ਸੰਗਤਾਂ ਦਾ ਖੂਬ ਜਮਾਵੜਾ ਸੀ. ਅਚਾਨਕ ਬਾਦਸ਼ਾਹ ਆਇਆ, ਕੁਸ਼ਲ ਮੰਗਲ ਪੁੱਛੀ ਤੇ ਉਸ ਨੇ ਗੁਰੂ ਜੀ ਨੂੰ ਕਿਹਾ - ਪੀਰ ਜੀ! ਚੱਲੋ ਤਿਆਰੀ ਕਰੋ, ਆਪਾਂ ਰਾਜਧਾਨੀ ਆਗਰਾ ਚੱਲਦੇ ਹਾਂ । ਰਸਤੇ ਵਿਚ ਬਹੁਤ ਵਧੀਆ ਸ਼ਿਕਾਰ-ਗਾਹਾਂ ਹਨ। ਸੈਰ-ਸਪਾਟਾ ਕਰਦੇ ਹੋਏ, ਸ਼ਿਕਾਰ ਦਾ ਅਨੰਦ ਮਾਣਦੇ ਆਹਿਸਤਾ ਆਹਿਸਤਾ ਅੱਗੇ ਚੱਲਾਂਗੇ -। ਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਤਿਆਰ ਹੋ ਗਏ ਤੇ ਰਸਤੇ ਵਿਚ ਸ਼ਿਕਾਰ ਖੇਡਦੇ ਹੋਏ ਆਗਰਾ' ਵੱਲ ਚਲਦੇ ਗਏ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ-ਘਰ ਦਾ ਵਿਰੋਧੀ ਚੰਦੂ ਸ਼ਾਹ ਦੀਵਾਨ, ਜੋ ਦਿੱਲੀ ਵਿਚ ਨਿਯੁਕਤ ਸੀ, ਉਹ ਗੁਰੂ ਜੀ ਦੀਆਂ ਗਤਿ-ਵਿਧੀਆਂ ਉਪਰ ਕੜੀ ਨਜ਼ਰ ਰੱਖ ਰਿਹਾ ਸੀ। ਉਸ ਨੇ ਗੁਰੂ ਸਾਹਿਬ ਤੇ ਬਾਦਸ਼ਾਹ ਵਿਚਕਾਰ ਦੋਸਤਾਨਾ ਤੇ ਨੇੜਤਾ ਵਾਲਾ ਮਾਹੌਲ ਬਣਿਆ ਵੇਖਿਆ ਤਾਂ ਉਹ ਜਲ ਉਠਿਆ। ਉਹ ਹੋਰ ਡਰ ਗਿਆ ਕਿਧਰੇ ਬਾਦਸ਼ਾਹ ਨੂੰ ਇਹ ਸ਼ਪਸ਼ਟ ਨਾ ਹੋ ਜਾਵੇ ਕਿ ਗੁਰੂ ਦੇਵ ਜੀ ਦਾ ਅਸਲੀ ਕਾਤਲ ਮੈਂ (ਚੰਦੂ) ਹੀ ਹਾਂ। ਉਸ ਨੇ ਸੋਚਿਆ ਕਿ ਐਸਾ ਉਪਾਅ ਕੀਤਾ ਜਾਵੇ ਕਿ ਗੁਰੁ ਹਰਿਗੋਬਿੰਦ ਸਾਹਿਬ ਨੂੰ ਇਕ ਵਾਰ ਜੇਲ੍ਹ ਵਿਚ ਡੱਕ ਕੇ ਫਿਰ ਉਨਾਂ ਨੂੰ ਜੇਲ੍ਹ ਵਿਚ ਹੀ ਖਤਮ ਕਰਵਾ ਦਿਤਾ ਜਾਵੇ ।

ਉਹ ਆਪਣੀ ਵਿਉਂਤ ਨੂੰ ਸਿਰੇ ਚਾੜਨ ਲਈ ਬਾਦਸ਼ਾਹ ਦੇ ਬਹੁਤ ਨਜ਼ਦੀਕੀ ਨਜ਼ੂਮੀ ਕੋਲ ਗਿਆ ਤੇ ਉਸ ਅੱਗੇ ਅਰਜ਼ ਕੀਤੀ -ਹੇ ਨਜ਼ੂਮੀ ਜੀ। ਮੈਨੂੰ ਆਪ ਦੀ ਮਦਦ ਦੀ ਸਖਤ ਜਰੂਰਤ ਹੈ. ਮੈਂ ਆਪ ਨੂੰ ਭਾਰੀ ਰਕਮ ਦਿਆਂਗਾ। ਮੇਰਾ ਗੁਰੂ-ਘਰ ਨਾਲ ਵੈਰ ਚੱਲ ਰਿਹਾ। ਗੁਰੁ ਅਰਜਨ ਦੇਵ ਜੀ ਨੂੰ ਨਿਜੀ ਹਿਤ ਪਿਛੇ ਉਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਇਸ ਗੱਲ ਦਾ ਭੇਦ ਕਿਸੇ ਨੂੰ ਪਤਾ ਨਹੀਂ ਹੈ। ਡਰ ਦੇ ਮਾਰੇ ਹੁਣ ਮੈਂ ਉਨ੍ਹਾਂ ਦੇ ਸਪੁੱਤਰ ਸ੍ਰੀ ਹਰਿਗੋਬਿੰਦ ਨੂੰ ਸਾਜ਼ਿਸ ਰਚ ਕੇ ਬਾਦਸ਼ਾਹ ਕੋਲ ਬੁਲਾਇਆ ਸੀ ਤਾਂ ਜੋ ਉਹ ਉਨ੍ਹਾਂ ਦੁਆਰਾ ਜੁਝਾਰੂ ਸੈਨਾ ਤਿਆਰ ਕਰਨ ਵਰਗੇ ਕੰਮ ਨੂੰ ਚੈਂਲੈਜ ਸਮਝ ਕੇ ਗ੍ਰਿਫਤਾਰ ਕਰ ਲਵੇ ਤੇ ਸਜ਼ਾ ਦੇਵੇ. ਪਰ ਨਜ਼ੂਮੀ ਜੀ! ਇਸ ਸਭ ਕੁਝ ਕਰਨ ਦੇ ਬਾਵਜੂਦ ਸਾਰਾ ਕੰਮ ਉਲਟਾ ਹੋ ਚੱਲਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਨੂੰ ਸਜ਼ਾ ਦੇਣੀ ਤਾਂ ਇਕ ਪਾਸੇ ਸਗੋਂ ਉਨ੍ਹਾਂ ਦਾ ਤਾਂ ਬਾਦਸ਼ਾਹ ਦੀ ਨਜ਼ਰ ਵਿਚ ਅਦਬ ਸਤਿਕਾਰ ਹੋਰ ਵੀ ਵਧਦਾ ਜਾ ਰਿਹਾ. ਉਨ੍ਹਾਂ ਦੀ ਨੇੜਤਾ ਮੇਰੇ ਲਈ ਬਹੁਤ ਘਾਤਕ ਹੈ। ਸੋ ਤੁਸੀਂ ਨਜ਼ੂਮੀ ਜੀ ਮੇਰੀ ਮਦਦ ਕਰੋ। ਮੈਂ ਉਨ੍ਹਾ ਨੂੰ ਜਲਦੀ ਖਤਮ ਕਰਨਾ ਚਾਹੁੰਦਾ ਹਾਂ । ਵੇਖੋ! ਐਨ੍ਹੀ ਦਿਨੀ ਬਾਦਸ਼ਾਹ ਕੁਝ ਬਿਮਾਰ ਚੱਲ ਰਿਹਾ ਹੈ. ਤੁਸੀਂ ਬਾਦਸ਼ਾਹ ਦੇ ਚਿਤ ਵਿਚ ਕਿਵੇਂ ਨਾ ਕਿਵੇਂ ਇਹ ਗੱਲ ਵਸਾ ਦੇਵੋ ਕਿ ਬਾਦਸ਼ਾਹ ਜੀ, ਅੱਜ-ਕੱਲ੍ਹ ਤੁਹਾਡੇ ਉਪਰ ਮਾੜੇ ਦਿਨ ਆਏ ਹਨ -ਖੋਜਨ ਕਰੇ ਭਲੇ ਗ੍ਰੈਹ ਸਾਰੇ। ਸਾਢਸਤੀ ਅਬਿ ਚਢੀ ਤੁਮਾਰੇ-। ਉਨ੍ਹਾਂ ਨੂੰ ਤੁਸੀਂ ਕਹੋ ਕਿ ਮੈਂ ਖੁਦ ਜੋਤਿਸ਼ ਦੀ ਕਿਤਾਬ ਨੂੰ ਵਾਚ ਕੇ ਸਾਰੇ ਗ੍ਰਹਿਆਂ ਦੀ ਖੋਜ ਕੀਤੀ ਹੈ ਕਿ ਤੁਹਾਡੇ ਤੇ ਸਾਢਸਤੀ ਚੜ੍ਹੀ ਹੋਈ ਹੈ। ਇਹ ਬਹੁਤ ਦੁਖ ਦੇਣਹਾਰੀ ਲਾਇਲਾਜ ਜੀਵਨ ਦਾ ਨਾਸ਼ ਕਰ ਦੇਣ ਵਾਲੀ ਹੈ -। ਜਦ ਬਾਦਸ਼ਾਹ ਤੁਹਾਨੂੰ ਇਸ ਦਾ ਉਪਾਅ ਪੁੱਛੇ ਤਾਂ ਤੁਸੀਂ ਕਹਿਣਾ - ਬਾਦਸ਼ਾਹ ਸਲਾਮਤ! ਇਸ ਦਾ ਉਪਾਅ ਇਸ ਤਰ੍ਹਾਂ ਹੈ ਕਿ ਕੋਈ ਬਹੁਤ ਹੀ ਪਹੁੰਚਿਆ ਕਾਮਲ ਪੁਰਸ਼ ਹੋਵੇ ਜੋ ਤੁਹਾਡੇ ਹਿਤ ਲਈ ਗਵਾਲੀਅਰ ਦੇ ਕਿਲ੍ਹੇ ਦੇ ਸਥਾਨ ਤੇ ਨਿਆਰਾ ਹੋ ਕੇ ਮਾਲਾ ਫੇਰੇ। ਜੋ ਤਿੰਨ ਸਮੇਂ ਇਸ਼ਨਾਨ ਕਰਕੇ ਅੱਲ੍ਹਾ ਪਾਕ ਦਾ ਸਿਮਰਨ ਕਰੇ -। ਚੰਦੂ ਦੇ ਬੋਲ ਸੁਣ ਕੇ ਨਜ਼ੂਮੀ ਲਾਲਚ ਵੱਸ ਹੋਇਆ ਮੰਨ ਗਿਆ। ਸਵੇਰ ਹੋਣ ਤੇ ਉਹ ਨਜ਼ੂਮੀ ਬਹੁਤ ਹੀ ਉਦਾਸ ਜੇਹਾ ਚੇਹਰਾ ਬਣਾ ਕੇ ਆਪਣੀ ਜੋਤਸ਼ ਵਾਲੀ ਕਿਤਾਬ ਨਾਲ ਲੈ ਕੇ ਬਿਮਾਰ ਪਏ ਬਾਦਸ਼ਾਹ ਕੋਲ ਜਾ ਪਹੁੰਚਿਆ. ਉਸ ਦੀ ਉਦਾਸੀ ਵੇਖ ਕੇ ਬਾਦਸ਼ਾਹ ਨੇ ਪੁੱਛਿਆ- ਨਜ਼ੂਮੀ ਜੀ! ਅੱਜ ਕਿਵੇਂ ਮੁਰਝਾਏ ਹੋਏ ਜਾਪਦੇ ਹੋ। ਖੈਰ ਮਿਹਰ ਤਾਂ ਹੈ ? ਸੁਣ ਕੇ ਨਜ਼ੂਮੀ ਆਖਿਆ-ਬਾਦਸ਼ਾਹ ਸਲਾਮਤ! ਆਪ ਜੀ ਅੱਗੇ ਅਰਜ਼ ਹੈ। ਮੈਂ ਆਪ ਜੀ ਦਾ ਦਿੱਤਾ ਖਾਂਦਾ ਹਾਂ । ਸਦਾ ਆਪ ਦੀ ਸੁਖ ਮੰਗਦਾ ਹਾਂ । ਦੁਖ ਦੀ ਗੱਲ ਇਹ ਹੈ ਕਿ ਗਹਿਰੀ ਘੋਖ ਕਰਨ ਉਪਰੰਤ ਜੋਤਸ਼ ਵਿਦਿਆ ਦੁਆਰਾ ਪਤਾ ਚਲਾ ਹੈ ਕਿ ਆਪ ਪਰ ਸਾੜ੍ਹਸਤੀ ਆਈ ਹੈ ਇਸ ਦਾ ਤੁਰੰਤ ਉਪਾਅ ਕਰ ਲੈਣਾ ਚਾਹੀਦਾ । ਨਹੀਂ ਤਾਂ ਆਪ ਤੇ ਸਾਢੇ ਸੱਤ ਵਰ੍ਹੇ ਕਲੇਸ਼ ਦਾ ਸਮਾ ਬੀਤੇਗਾ - ।ਇਹ ਸੁਣ ਕੇ ਜਹਾਂਗੀਰ ਬਾਦਸ਼ਾਹ ਚਿੰਤਤ ਹੋ ਗਿਆ ਤੇ ਉਸ ਨੇ ਕਾਹਲੀ ਨਾਲ ਨਜ਼ੂਮੀ ਨੂੰ ਆਖਿਆ -ਤਾਂ ਫਿਰ ਇਸ ਨਾਮੁਰਾਦ ਰੋਗ ਦਾ ਫੌਰੀ ਹੱਲ ਕੀ ਹੋਵੇਗਾ - ।

ਨਜ਼ੂਮੀ ਨੇ ਚੰਦੂ ਦੀਵਾਨ ਦੇ ਕਹੇ ਮੁਤਾਬਕ ਹੱਲ ਦੱਸਿਆ ਤਾਂ ਉਸ ਵੇਲੇ ਚੰਦੂ ਦੀਵਾਨ ਦੇ ਹਮਾਇਤੀ ਵਜ਼ੀਰ ਜੋ ਬਾਦਸ਼ਾਹ ਦੇ ਕੋਲ ਬੈਠੇ ਸਨ ਉਨ੍ਹਾਂ ਨੇ ਢੁਕਵਾਂ ਮੌਕਾ ਜਾਣ ਕੇ ਆਖਿਆ - ਏਹੋ ਜੇਹੇ ਗੁਣਾਂ ਵਾਲੇ ਸਰਬ ਸ਼ਕਤੀਮਾਨ ਗੁਰੂ ਨਾਨਕ ਜੀ ਦੀ ਗੱਦੀ ਤੇ ਬਿਰਾਜਮਾਨ ਗੁਰੁ ਹਰਿਗੋਬਿੰਦ ਜੀ ਹਨ, ਏਨ੍ਹਾਂ ਤੋਂ ਚੰਗਾ ਬਾ-ਬਰਕਤ ਪੁਰਖ ਹੋਰ ਭਾਰਤ ਵਰਸ਼ ਵਿਚ ਨਹੀਂ ਹੈ -। ਉਸੀ ਵਕਤ ਚੁੱਪ ਧਾਰੀ ਕੋਲ ਬੈਠੇ ਚੰਦੂ ਸ਼ਾਹ ਨੇ ਆਪਣੀ ਨਿਜੀ ਸਕੀਮ ਸਿਰੇ ਚੜ੍ਹਦੀ ਵੇਖ ਕੇ ਹਾਂ ਚ ਹਾਂ ਮਿਲਾਉਂਦਿਆਂ ਫਰਮਾ ਦਿਤਾ - ਹਜ਼ੂਰ ਦੀ ਤੰਦਰੁਸਤੀ ਲਈ ਗੁਰੂ ਸਾਹਿਬ ਨੂੰ ਜਾਪ ਕਰਨ ਲਈ ਗਵਾਲੀਅਰ ਦੇ ਕਿਲ੍ਹੇ ਅੰਦਰ ਭੇਜ ਦੇਣਾ ਬਹੁਤ ਉਚਿਤ ਹੋਵੇਗਾ ।

ਉਸ ਵੇਲੇ ਇਕ ਤਾਂ ਬਾਦਸ਼ਾਹ ਪਹਿਲਾਂ ਹੀ ਮਾਨਸਿਕ ਤੌਰ ਤੇ ਬਿਮਾਰ ਸੀ, ਫਿਰ ਅਜੀਬ ਜੇਹੀ ਬਿਮਾਰੀ ਬਾਰੇ ਸੁਣ ਕੇ ਉਸ ਨੂੰ ਮੌਤ ਦੀ ਭਾਰੀ ਚਿੰਤਾ ਹੋ ਗਈ। ਬਾਦਸ਼ਾਹ ਉਸੀ ਵਕਤ ਹਾਥੀ ਤੇ ਸਵਾਰ ਹੋ ਕੇ ਗੁਰੂ ਸਾਹਿਬ ਦੇ ਨਿਵਾਸ ਸਥਾਨ ਮਜਨੂੰ ਟਿੱਲੇ ਚਲਾ ਗਿਆ. ਗੁਰੂ ਜੀ ਨੇ ਬਾਦਸ਼ਾਹ ਦਾ ਉਦਾਸ ਲੱਥਿਆ ਹੋਇਆ ਚੇਹਰਾ ਵੇਖਿਆ ਤਾਂ ਉਨ੍ਹਾ ਆਖਿਆ- ਬਾਦਸ਼ਾਹ ਜੀ! ਅੱਜ ਇਹ ਕਿਸ ਕਿਸਮ ਦੀ ਉਦਾਸੀ ਛਾਈ ਹੈ. ਨਾ ਤੁਹਾਡੇ ਮੁੱਖ ਤੇ ਉਹ ਚਮਕ ਹੈ ਨਾ ਹੀ ਬੋਲਾਂ ਵਿਚ ਰੌਣਕ ਹੈ. ਕੀ ਕੋਈ ਕੰਮ ਵਿਗੜ ਗਿਆ ਹੈ ? ਤਦ ਬਾਦਸ਼ਾਹ ਨੇ ਉਦਾਸ ਚਿੱਤ ਹੋ ਕੇ ਦੱਸਿਆ - ਗੁਰੂ ਪੀਰ ਜੀ! ਬਹੁਤ ਹੀ ਅਣਉਚਿੱਤ ਦੁਬਿਧਾ

ਵਾਲੀ ਸਥਿਤੀ ਬਣ ਗਈ ਹੈ। ਮਜ਼ਬੂਰਨ ਆਪ ਜੀ ਕੋਲ ਆਉਣਾ ਲਾਜ਼ਮੀ ਹੋ ਗਿਆ। ਨਜ਼ੂਮੀ ਨੇ ਗਹਿਰੀ ਖੋਜ ਕਰ ਕੇ ਦੱਸਿਆ ਕਿ ਮੇਰੇ ਉਪਰ ਤਾਂ ਸਾਢਸਤੀ ਆ ਪਈ ਹੈ. ਉਸ ਮੁਤਾਬਕ ਇਸ ਨਾਮੁਰਾਦ ਦਾ ਉਪਾਅ ਵੀ ਸਿਰਫ ਆਪ ਜੀ ਦੇ ਹੱਥ ਵਿਚ ਹੀ ਹੈ ।ਮੇਰੇ ਦਰਬਾਰੀਆਂ ਦਾ ਵੀ ਇਹ ਹੀ ਖਿਆਲ ਹੈ ਕਿ ਆਪ ਹੀ ਮੇਰਾ ਭਲਾ ਕਰ ਸਕਦੇ ਹੋ । ਸੋ ਆਪ ਅੱਗੇ ਅਰਜ਼ ਹੈ-ਮੇਰੀ ਸੇਹਤਯਾਬੀ ਰੱਖਿਆ ਵਾਸਤੇ ਗੁਆਲੀਅਰ ਦੇ ਕਿਲ੍ਹੇ ਵਿਚ ਜਾ ਕੇ ਹਵਨ ਜਪ ਕਰੋ, ਚਾਲੀਹਾ ਕੱਟੋ।

ਦੁਰਗ ਗੁਆਲਿਯਰ ਮਹਿ ਥਿਰ ਹੋਵੈ ਕੇ। ਸਿਮਰਹੁ ਅਲਹ ਮਾਲ ਕਰ ਲੈ ਕੈ। ਇਕ ਚਾਲੀਸਾ ਤੁਮ ਕਰੋ ਸਾਢਸਤੀ ਕੋ ਬਲ ਪਰ ਹਰੋ ॥੭॥

ਗੁਰੂ ਸਾਹਿਬ ਨੇ ਬਾਦਸ਼ਾਹ ਦੇ ਮੁੱਖੋਂ ਅਚਾਨਕ ਇਹ ਅਜ਼ਬ ਅਰਜ਼ੋਈ ਸੁਣੀ ਤਾਂ ਉਹ ਜਾਣ ਗਏ ਕਿ ਵਿਰੋਧੀਆਂ ਵੱਲੋਂ ਖਾਸ ਮਕਸਦ ਅਧੀਨ ਗੰਭੀਰ ਸਾਜ਼ਿਸ ਰਚੀ ਹੈ। ਗੁਰੂ ਸਾਹਿਬ ਨੇ ਦੂਰ ਦੀ ਸੋਚ ਕੇ ਬਾਦਸ਼ਾਹ ਨੂੰ ਆਖਿਆ- ਜੇਕਰ ਸਾਡਾ ਕਿਲ੍ਹੇ ਵਿਚ ਜਾਣ ਨਾਲ ਤੁਹਾਡਾ ਸਚੁਮੱਚ ਭਲਾ ਹੁੰਦਾ ਹੈ ਤਾਂ ਅਸੀਂ ਜਰੂਰ ਜਾਵਾਂਗੇ ਤੇ ਉਥੇ ਜਾਪ ਕਰਕੇ ਤੁਹਾਡੇ ਸਾਰੇ ਕਸ਼ਟ ਦੂਰ ਕਰ ਦੇਵਾਂਗੇ -। ਗੁਰੂ ਸਾਹਿਬ ਆਪਣੇ ਖਾਸ ਸਿੱਖਾਂ ਨੂੰ ਨਾਲ ਲੈ ਕੇ ਗਵਾਲੀਅਰ ਦੇ ਕਿਲ੍ਹੇ ਅੰਦਰ ਚਲੇ ਗਏ ।

**ਮੁਗਲ ਪ੍ਰਸ਼ਾਸਨ ਦਾ ਰੋਲ**

ਮਹਿਮਾ ਪ੍ਰਕਾਸ਼ ਅਤੇ ਮਹਿਮਾ ਪ੍ਰਕਾਸ਼ (ਵਾਰਤਕ) ਜੋ ਸਿੱਖ ਇਤਿਹਾਸ ਦੇ ਪੁਰਾਤਨ ਪਰਮਾਣਿਕ ਸ੍ਰੋਤ ਮੰਨੇ ਜਾਦੇ ਹਨ, ਇਨ੍ਹਾ ਸ੍ਰੋਤਾਂ ਨੇ ਗੁਰੂ ਸਾਹਿਬ ਨੂੰ ਕਿਲ੍ਹੇ ਅੰਦਰ ਡੱਕਣ ਦਾ ਕਾਰਨ ਮਹਿਜ ਚੰਦੂ ਸ਼ਾਹ ਦੀਵਾਨ ਦਾ ਹੱਥ ਨਹੀਂ ਸਗੋਂ ਇਸਲਾਮੀ ਕੂਟਨੀਤੀ ਦੱਸਿਆ ਹੈ। ਇਨ੍ਹਾਂ ਸ੍ਰੋਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿਲ੍ਹੇ ਚ ਕੈਦ ਕਰਨ ਦਾ ਕਾਰਨ ਗੁਰੂ ਅਰਜਨ ਦੇਵ ਜੀ ਨੂੰ ਕੀਤੇ ਜੁਰਮਾਨੇ ਦੀ ਰਕਮ ਨਾ ਅਦਾ ਕਰਨਾ ਦਰਸਾਇਆ। ਮਹਿਮਾ ਪ੍ਰਕਾਸ਼ ਦਾ ਰਚੈਤਾ ਲਿਖਦਾ ਹੈ ਕਿ ਜਹਾਂਗੀਰ ਦਾ ਪੁੱਤਰ ਖੁਸਰੋ ਮਿਰਜ਼ਾ ਸੱਤਾ ਪ੍ਰਾਪਤੀ ਲਈ ਆਪਣੇ ਪਿਤਾ ਦੇ ਹੀ ਵਿਰੁੱਧ ਆਕੀ ਹੋ ਕੇ ਆਗਰੇ ਤੋਂ ਵਫਾਦਾਰ ਸੈਨਿਕਾਂ ਸਮੇਤ ਲਾਹੌਰ ਤੇ ਕਬਜ਼ਾ ਕਰਨ ਲਈ ਭੱਜ ਨਿਕਲਿਆ ਸੀ। ਉਸ ਨੇ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਤ ਕਰਨ ਲਈ ਲਾਹੌਰ ਦੁਆਲੇ ਨੌਂ ਦਿਨ ਘੇਰਾ ਪਾਈ ਰੱਖਿਆ। ਬਾਦਸ਼ਾਹ ਨੇ ਉਸ ਦੇ ਪਿੱਛੇ ਮੁਰਤਜ਼ਾ ਫਰੀਦ ਖਾਨ ਦੀ ਅਗਵਾਈ ਹੇਠ ਸ਼ਾਹੀ ਫੌਜ ਚੜ੍ਹਾ ਦਿਤੀ। ਖੁਸਰੋ ਨੂੰ ਪਤਾ ਲੱਗਾ ਤਾਂ ਉਹ ਪਿਛਾਂਹ ਵੱਲ ਆਇਆ ਤੇ ਦੋਨਾਂ ਧਿਰਾਂ ਦਾ ਭਰੋਵਾਲ ਦੇ ਸਥਾਨ ਤੇ ਗੋਇੰਦਵਾਲ ਨੇੜੇ ਭਾਰੀ ਟਾਕਰਾ ਹੋਇਆ। ਲੜਾਈ ਵਿਚ ਖੁਸਰੋ ਬੁਰੀ ਤਰ੍ਹਾਂ ਹਾਰ ਗਿਆ। ਉਸ ਦੇ ਬਹੁਤ ਸਾਰੇ ਸੈਨਿਕ ਦੌੜ ਗਏ। ਖੁਸਰੋ ਬਚਦਾ ਬਚਾਂਉਂਦਾ ਉਥੋਂ ਨਿਕਲ ਕੇ ਤਰਨਤਾਰਨ ਦੇ ਸਥਾਨ ਤੇ ਗੁਰੂ ਅਰਜਨ ਦੇਵ ਜੀ ਪਾਸ ਆ ਗਿਆ. ਖੁਸਰੋ ਦੇ ਬੇਨਤੀ ਕਰਨ ਤੇ ਗੁਰੂ ਜੀ ਨੇ ਉਸ ਨੂੰ ਕੁਝ ਧਨ ਦਿਤਾ ਤੇ ਲੰਗਰ ਪਾਣੀ ਦਾ ਪ੍ਰਬੰਧ ਕੀਤਾ. ਸ਼ਹਿਜ਼ਾਦੇ ਜੀ ਭਾਗ ਕਰ ਗਏ ਗੁਰ ਅਰਜਨ ਪਾਸ । ਕਛ ਮਦਤ ਖਜ਼ਾਨੇ ਕੀ ਕਰੀ ਕੀਨੀ ਬਹੁ ਸੁਪਾਸ ।6 ।ਗੁਰੂ ਜੀ ਵੱਲੋਂ ਖੁਸਰੋ ਦੀ ਇਮਦਾਦ ਕਰਨ ਦੀ ਜਦ ਬਾਦਸ਼ਾਹ ਜਹਾਂਗੀਰ ਕੋਲ ਕਥਿਤ ਇਤਲਾਹ ਪਹੁੰਚੀ ਤਾਂ ਉਹ ਇਸ ਗੱਲ ਨੂੰ ਸਹਿਨ ਨਾ ਕਰ ਸਕਿਆ। ਉਸ ਨੇ ਗੁਰੂ ਅਰਜਨ ਦੇਵ ਜੀ ਦੇ ਬਰਖਿਲਾਫ ਹੀ ਬਹੁਤ ਹੀ ਕਰੂਰ ਰਵੱਈਆ ਅਪਨਾਇਆ ਤੇ ਭਾਰੀ ਜੁਰਮਾਨਾ ਅਦਾ ਕਰਨ ਦਾ ਫੁਰਮਾਨ ਜਾਰੀ ਕਰ ਦਿਤਾ. ਦੁਇ ਲਾਖ ਰੁਪਯਾ ਡਾਨ ਕਰ ਲੀਜੈ। ਅਵਰ ਕਿਸੀ ਕਾ ਕਹਾ ਨਾ ਕੀਜੈ। 391- 392॥

ਜਹਾਂਗੀਰ ਬਹੁਤ ਹੀ ਕੱਟੜ ਤੇ ਤੁਅੱਸਬੀ ਸੁਭਾਅ ਵਾਲਾ ਇਸ ਕਦਰ ਨਿਰਦਈ ਸੀ ਕਿ ਉਸ ਦੇ ਸ਼ਾਸਨ ਅਧੀਨ ਇਕੱਲੇ ਗੁਰੂ ਸਾਹਿਬ ਨੂੰ ਸ਼ਹੀਦ ਨਹੀ ਹੋਏ ਸਗੋਂ ਜਿਸ ਜਿਸ ਨੇ ਜਿਥੇ ਵੀ ਬਾਗੀ ਖੁਸਰੋ ਦੀ ਮਦਦ ਕੀਤੀ, ਉਹ ਉਨ੍ਹਾਂ ਸਭ ਨੂੰ ਮੌਤ ਦੇ ਘਾਟ ਉਤਾਰਦਾ ਗਿਆ। ਖੁਸਰੋ ਵੱਲੋਂ ਕੀਤੀ ਗਈ ਬਗਾਵਤ ਤੋਂ ਬਾਅਦ ਜਹਾਂਗੀਰ ਦਾ ਰਵੱਈਆ ਬਹੁਤ ਹੀ ਦਵੈਸ਼ੀ ਹੋ ਗਿਆ ਸੀ। ਉਹ ਕਿਸੇ ਵੀ ਐਸੀ ਵਾਰਦਾਤ ਨੂੰ ਸਹਿਨ ਨਹੀਂ ਸੀ ਕਰਦਾ ਜੋ ਉਸ ਦੇ ਕੰਮ-ਕਾਰ ਉਸ ਦੇ ਵਕਾਰ ਵਿਚ ਰੁਕਾਵਟ ਬਣਦੀ ਸੀ. ਉਸ ਨੇ ਹਰ ਵਿਰੋਧੀ ਫਿਰਕੇ, ਵਰਗ, ਜਮਾਤ, ਸਮੁਦਾਇ ਨੂੰ ਖਤਮ ਕਰਨ ਦੀ ਧਾਰ ਲਈ ਸੀ, ਜੋ ਉਸ ਦੇ ਇਸਲਾਮਿਕ ਪਸਾਰ ਵਿਚ ਰੋੜਾ ਬਣਦੀ ਸੀ। ਅਕਬਰ ਸੈਕੂਲਰ ਪਹੁੰਚ ਦਾ ਧਾਰਨੀ ਸੀ। ਉਸ ਦੇ ਵੇਲੇ ਚਾਹੇ ਧਾਰਮਿਕ ਆਗੂ ਮੁਲਾਣੇ ਆਦਿ ਉਸ ਦੀ ਵਿਚਾਰਧਾਰਾ ਦਾ ਬੁਰੀ ਤਰ੍ਹਾਂ ਵਿਰੋਧ ਕਰਦੇ ਰਹੇ ਪਰ ਉਨਾਂ ਦੀ ਅਕਬਰੀ-ਸਿਧਾਂਤ ਦੇ ਵਿਰੁੱਧ ਇਕ ਨਹੀਂ ਸੀ ਚੱਲੀ । ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਤਖਤ ਤੇ ਬੈਠਾ ਤਾਂ ਕਾਜ਼ੀਆਂ ਮੁਲਾਣਿਆਂ ਨੂੰ ਚੁੱਕ ਪਹੁ ਕਰਨ ਦਾ ਰਾਹ ਖੁੱਲ੍ਹ ਗਿਆ ਸੀ।

ਮਹਿਮਾ ਪ੍ਰਕਾਸ਼ ਦਾ ਕਰਤਾ ਗੁਰੂ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦੇ ਪਰਸੰਗ ਨੂੰ ਉਸ ਰਹਿੰਦੇ ਜੁਰਮਾਨੇ ਵਾਲੀ ਗੱਲ ਨਾਲ ਜੋੜ ਕੇ ਅੱਗੇ ਵਿਖਿਆਨ ਕਰਦਾ ਹੋਇਆ ਪੁਸ਼ਟੀ ਕਰਦਾ ਲਿਖਦਾ ਹੈ - ਅਕਬਰ ਦੀ ਮੌਤ ਤੋਂ ਬਾਅਦ ਦੇਸ਼ ਦੇ ਹਾਲਾਤ ਖਰਾਬ ਹੋ ਗਏ ਤਾਂ ਬਾਦਸ਼ਾਹ ਜਹਾਂਗੀਰ ਨੂੰ ਕਾਬਲ ਕੰਧਾਰ ਵੱਲ ਜਾਣਾ ਪਿਆ। ਫਿਰ ਉਹ ਵਾਪਸੀ ਵੇਲੇ ਲਾਹੌਰ ਆਇਆ ਤਾਂ ਉਸ ਨੇ ਹੁਕਮ ਫਰਮਾਇਆ - ਅਸੀਂ ਹੁਣ ਅੱਗੇ ਰਾਜਧਾਨੀ ਆਗਰਾ ਜਾਣਾ ਹੈ, ਮੁਲਕ ਵਿਚ ਜੋ ਵਸੂਲ ਹੋਣ



ਜੋਗ ਉਗਰਾਹੀ ਬਾਕੀ ਹੈ ਤੁਰੰਤ ਉਗਰਾਹੀ ਜਾਵੇ -। ਤਾਂ ਉਸ ਦੇ ਅਧਿਕਾਰੀਆਂ ਨੇ ਸਾਰੀ ਰਕਮ ਉਗਰਾਹਣ ਦਾ ਪ੍ਰਬੰਧ ਕਰ ਕੇ ਉਨ੍ਹਾਂ ਨੇ ਗੁਰੂਘਰ ਜ਼ਿੰਮੇ ਰਹਿੰਦੀ ਬਕਾਇਆ ਰਕਮ ਦਾ ਵੇਰਵਾ ਵੀ ਬਾਦਸ਼ਾਹ ਕੋਲ ਲਿਖ ਕੇ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਰਕਮ ਜੋ ਗੁਰੂ ਅਰਜਨ ਦੇਵ ਜੀ ਨੇ ਤਾਰਨੀ ਸੀ ਉਹ ਅਜੇ ਅਦਾ ਕਰਨੀ ਬਾਕੀ ਹੈ। ਬਾਦਸ਼ਾਹ ਨੇ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੂੰ ਉਸੀ ਵਕਤ ਲਾਹੌਰ ਬੁਲਾ ਲਿਆ। ਗੁਰੂ ਜੀ ਹਾਜ਼ਰ ਹੋਏ ਤਾਂ ਉਨ੍ਹਾਂ ਦਾ ਜਾਹੋ ਜਲਾਲ, ਸ਼ਾਹੀ ਲਿਬਾਸ, ਹੇਠ ਇਰਾਕੀ ਘੋੜਾ ਤੇ ਮਹਿੰਗੇ ਗਹਿਣੇ ਵਸਤਰ ਸ਼ਸਤਰ ਵੇਖ ਕੇ ਮੁਗਲ ਦਰਬਾਰ ਦੇ ਹਾਕਮ ਸਾਰੇ ਹੱਕੇ-ਬੱਕੇ ਰਹਿ ਗਏ । ਬਾਦਸ਼ਾਹ ਖੁਦ ਵੀ, ਗੁਰੂ ਜੀ ਦੀ ਇਸ ਕਦਰ ਸ਼ਾਨੋ-ਸ਼ੌਕਤ ਵੇਖ ਕੇ ਵੱਟ ਖਾ ਗਿਆ। ਜਦ ਗੁਰੂ ਜੀ ਤੋਂ ਬਾਕੀ ਰਹਿੰਦੀ ਰਕਮ ਤਲਬ ਕੀਤੀ ਗਈ ਤਾਂ ਗੁਰੂ ਜੀ ਨੇ ਇਹ ਕਹਿ ਕੇ ਰਕਮ ਦੇਣ ਤੋਂ ਜਵਾਬ ਦੇ ਦਿੱਤਾ- ਸਾਡੇ ਕੋਲ ਪੈਸੇ ਨਹੀਂ ਹਨ-। ਉਸ ਵੇਲੇ ਇਕ ਵਡੀ ਸਾਜਿਸ਼ ਤਹਿਤ ਅਮੀਰਾਂ-ਵਜ਼ੀਰਾਂ ਮਸਲਤ ਕੀਤੀ ਤੇ ਬਾਦਸ਼ਾਹ ਅੱਗੇ ਅਰਜ਼ ਕੀਤੀ- ਬਾਦਸ਼ਾਹ ਸਲਾਮਤ ਸਾਰਾ ਮੁਲਕ ਆਪ ਦੀ ਬਾਦਸ਼ਾਹਿਤ ਦੇ ਅਧੀਨ ਹੈ। ਇਹ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਹੀ ਬਲੀ ਬਲਵਾਨ ਹਨ। ਥੋੜੇ ਚਿਰ ਵਿਚ ਹੀ ਵੱਡੀ ਫੌਜੀ ਸ਼ਕਤੀ ਹਾਸਲ ਕਰ ਗਏ ਹਨ। ਬਹੁਤ ਮੁਰੀਦ ਇਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ ਹਨ। ਇਹ ਜਦ ਵੀ ਚਾਹੁਣ ਇਧਰ ਬਖੇੜਾ ਖੜ੍ਹਾ ਕਰ ਸਕਦੇ ਹਨ। ਇਸ ਲਈ ਇਨ੍ਹਾਂ ਤੇ ਚੌਕੀ ਨਾਫਿਜ਼ ਕਰ ਦਿੱਤੀ ਜਾਵੇ। ਇਨ੍ਹਾਂ ਨੂੰ ਸਰਕਾਰ ਦੀ ਨਿਗਰਾਨੀ ਹੇਠ ਰੱਖਿਆ ਜਾਵੇ। ਤੁਸੀਂ ਇਨ੍ਹਾਂ ਨੂੰ ਆਪਣੇ ਨਾਲ ਹੀ ਰੱਖੋ; ਅਜ਼ਾਦਾਨਾ ਨਾ ਰਹਿਣ ਦਿਉ-। ਉਨ੍ਹਾਂ ਵਜ਼ੀਰਾਂ ਦੀ ਦਿੱਤੀ ਰਾਏ ਤੇ ਬਾਦਸ਼ਾਹ ਨੇ ਗੁਰੂ ਜੀ ਤੇ ਚੌਕੀ ਲਾ ਦਿਤੀ। ਬਾਦਸ਼ਾਹ ਨੇ ਦਿੱਲੀ ਵੱਲ ਕੂਚ ਕੀਤਾ ਤਾਂ ਉਸ ਵੇਲੇ ਗੁਰੂ ਜੀ ਨੂੰ ਵੀ ਨਾਲ ਲੈ ਗਏ। ਉਸ ਤੋਂ ਅੱਗੇ ਬਾਦਸ਼ਾਹ, ਗੁਰੂ ਜੀ ਨੂੰ ਨਾਲ ਲੈ ਕੇ ਅੱਗੇ ਆਗਰਾ ਚਲਾ ਗਿਆ। ਉਥੇ ਵੀ ਦੂਰੋ ਦੂਰੋਂ ਸੰਗਤਾਂ ਆਉਂਦੀਆਂ. ਸਾਰੇ ਸਿੱਖ ਸੇਵਕ ਗੁਰੂ ਜੀ ਨੂੰ ਮਿਲਦੇ ਤਾਂ ਉਹ ਉਨ੍ਹਾਂ ਨੂੰ ਸੱਚਾ ਪਾਤਸ਼ਾਹ' ਕਹਿ ਕੇ ਪੁਕਾਰਦੇ। ਬਾਦਸ਼ਾਹ ਗੁਰੂ ਦੀ ਉਪਮਾ ਵੇਖ ਕੇ ਮਨ ਹੀ ਮਨ ਦੁਖੀ ਹੁੰਦਾ। ਮਹਿਮਾ ਪ੍ਰਕਾਸ਼ ਵਾਰਤਕ ਦਾ ਲੇਖਕ ਅੱਗੇ ਲਿਖਦਾ ਹੈ- ਤਬ (ਬਾਦਸ਼ਾਹ ਦੇ ਸਲਾਹਕਾਰਾਂ ਨੇ) ਪਾਤਸ਼ਾਹ (ਬਾਦਸ਼ਾਹ) ਨੂੰ ਮਸ਼ਵਰਾ ਦੀਆ; ਜੇ ਗੁਰੂ ਜੀ ਨੂੰ ਬਿਦਿਆ ਨਹੀਂ ਕਰਨੀ ਹੈ ਤਾਂ ਇਨ੍ਹਾਂ ਨੂੰ ਗੁਆਲੇਰ (ਗਵਾਲੀਅਰ) ਭੇਜ ਦੀਜੀਐ, ਈਹਾਂ ਕੌਣ ਇਨ ਕੀ ਨਿਗਾਹਬਾਨੀ ਕਰ ਸਕੇਗਾ -। ਤਬ ਪਾਤਸ਼ਾਹ (ਬਾਦਸ਼ਾਹ) ਨੇ ਗੁਰੂ ਜੀ ਨੂੰ ਗਵਾਲੀਅਰ (ਕਿਲ੍ਹੇ ਅੰਦਰ) ਭਿਜਵਾ ਦੀਆ ।ਪੰਨਾ 126।

ਬਾਦਸ਼ਾਹ ਮਸਲਤ ਮਨ ਭਾਇਆ। ਸਤਿਗੁਰ ਜੀ ਗੁਆਲੇਰ ਪਠਾਇਆ ।25। ਮ.ਪ੍ਰ ਖੰਡ-2 ,ਸਾਖੀ 3

ਸ਼ੁਰੂ ਵਿਚ ਭਾਈ ਸੰਤੋਖ ਸਿੰਘ ਦੁਆਰਾ ਇਹ ਦਰਸਾਉਣਾ ਕਿ ਗੁਰੂ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ ਕੋਲ ਦਿੱਲੀ ਭਿਜਾਵਉਣ ਤੇ ਫਿਰ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਡੱਕਣ ਪਿੱਛੇ ਮੁਖ ਦੋਸ਼ੀ + ਮੁੱਖ ਸ਼ਾਜ਼ਸੀ ਚੰਦੂ ਸ਼ਾਹ ਦੀਵਾਨ ਸੀ. ਚੰਦੂ ਸਿਰ ਸਾਰਾ ਦੋਸ਼ ਮੜਨ ਦਾ ਭਾਈ ਸੰਤੋਖ ਸਿੰਘ ਦਾ ਕਥਨ ਠੀਕ ਨਹੀਂ ਜਾਪਦਾ। ਕਵੀ ਦੇ ਗੁਰੂ ਪ੍ਰਤਾਪ ਗ੍ਰੰਥ ਦਾ ਰਚਨਾ ਕਾਲ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਹੈ. ਅਸਲੀਅਤ ਇਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦ ਮੁਗਲਾਂ ਦਾ ਫਿਰ ਸਾਰੇ ਕਬਜ਼ਾ ਹੋ ਗਿਆ ਤਾਂ ਸਿੱਖਾਂ ਤੇ ਮਹਾਂ ਕਹਿਰ ਢਾਏ ਗਏ; ਸਿੱਖਾ ਦੇ ਸਿਰਾਂ ਦੇ ਮੁੱਲ ਪੈਣ ਲੱਗੇ; ਛੋਟਾ ਤੇ ਵੱਡਾ ਘੱਲੂਘਾਰਾ ਵਾਪਰਿਆ; ਸਿੱਖਾਂ ਨੂੰ ਆਪਣੀ ਜਾਨ ਬਚਾਉਣ ਦੇ ਹੀਲੇ ਵਸੀਲੇ ਕਰਨੇ ਪਏ. ਉਸ ਕਾਲੇ-ਕਾਲ ਦੌਰਾਨ ਸਿੱਖ ਇਤਿਹਾਸ ਦੀਆਂ ਜੋ ਵੱਡੀਆਂ ਘਟਨਾਵਾਂ ਵਾਪਰੀਆਂ ਉਨ੍ਹਾਂ ਸਬੰਧੀ ਪ੍ਰਮਾਣਿਕ ਸਰੋਤ ਉਪਲੱਭਧ ਨਹੀਂ। ਸਮਾਂ ਹੀ ਐਨਾ ਭਿਆਨਕ ਸੀ ਉਸ ਵੇਲੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਤੇ ਛੇਵੇਂ ਪਾਤਸ਼ਾਹ ਦੇ ਸਮੇਂ ਵਾਪਰੀਆਂ ਵੱਡੀਆਂ ਘਟਨਾਵਾਂ ਸਬੰਧੀ ਇਤਿਹਾਸਕ ਖੋਜ ਹੋ ਨਹੀਂ ਸਕੀ, ਬਹੁਤ ਹੀ ਮੁਸ਼ਕਲ ਸੀ। ਉਦੋਂ ਤਕ ਮਹੱਤਵ ਪੂਰਨ ਪ੍ਰਸੰਗਾਂ ਬਾਰੇ ਠੋਸ ਵੇਰਵੇ ਨਾ ਮਿਲਣ ਕਰਕੇ ਜਾਪਦਾ ਹੈ ਕਵੀ ਸੰਤੋਖ ਸਿੰਘ ਨੇ ਪਰਚੱਲਤ/ਮੌਖਿਕ ਕਥਾਵਾਂ ਦੇ ਅਧਾਰਤ ਹੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਚੰਦੂ ਸ਼ਾਹ ਦੀਵਾਨ ਨੂੰ ਗੁਨਾਹਗਾਰ ਠਹਿਰਾ ਕੇ ਸਿੱਖ ਜਗਤ ਵਿਚ ਉਸੇ ਨੂੰ ਹੀ ਮੁੱਖ ਦੋਸ਼ੀ ਗਰਦਾਨ ਦਿਤਾ. ਬਾਅਦ ਵਿਚ ਸਿੱਖ ਇਤਿਹਾਸ ਬਾਰੇ ਨਵੀਨ ਖੋਜਾਂ ਦਾ ਦੌਰ ਚੱਲਿਆ, ਯੂਨੀਵਰਸਿਟੀਆਂ ਤੇ ਵਿਦਿਅਕ ਅਦਾਰੇ ਹੋਂਦ ਵਿਚ ਆਏ ਤਦ ਨਵੀਨ ਖੋਜਾਂ ਉਪਰੰਤ ਬਹੁਤ ਮਹੱਤਵਪੂਰਨ ਦਸਤਵੇਜ਼ ਹਾਸਲ ਹੋਏ। ਫਲਸਰੂਪ ਚੰਦੂ ਸ਼ਾਹ ਦੀਵਾਨ ਦੇ ਮਨਫੀ ਰੋਲ ਬਾਰੇ ਜੋ ਚਿਰਾਂ ਦੀ ਧਾਰਨਾ ਪ੍ਰਚੱਲਤ ਸੀ ਸਭ ਤੋਂ ਪਹਿਲਾਂ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਠੋਸ ਤੱਥ ਪੇਸ਼ ਕਰਕੇ ਇਹ ਧਾਰਨਾ ਤੋੜਨ ਦਾ ਯਤਨ ਕੀਤਾ. ਉਸ ਨੇ ਬਾਦਸ਼ਾਹ ਜਹਾਂਗੀਰ ਦੇ ਹੁਕਮ ਦੀ ਨਕਲ ਜਨਤਕ ਕੀਤੀ ਜਿਸ ਵਿਚ ਬਾਦਸ਼ਾਹ ਆਪਣੀ ਸਵੈਜੀਵਨੀ ਤੁਜ਼ਕ ਏ ਜਹਾਂਗੀਰੀ ਵਿਚ ਹੁਕਮ ਲਿਖਦਾ - ਮੈਂ ਆਪ ਹੁਕਮ ਦਿੱਤਾ, ਗੁਰੂ ਅਰਜਨ ਦੇਵ ਜੀ ਨੂੰ ਯਾਸਾ ਕਨੂੰਨ ਰਾਹੀਂ ਤਸੀਹੇ ਦੇਕੇ ਕਤਲ ਕਰ ਦਿਤਾ ਜਾਏ ਉਨਾਂ ਦਾ ਮਾਲ, ਜਾਇਦਾਦ ਮੁਰਤਜ਼ਾ ਖਾਨ ਜ਼ਬਤ ਕਰ ਲਵੇ -। ਇਸ ਤੋਂ ਇਲਾਵਾ ਸ਼ੇਖ ਅਹਿਮਦ ਫਰੂਕੀ ਸਰਹਿੰਦੀ, ਜੋ ਬਹੁਤ ਹੀ ਕੱਟੜ, ਸੁੰਨੀ ਪ੍ਰਚਾਰਕ, ਨਕਸਬੰਦੀ ਸਿਲਸਲੇ ਦਾ ਮੁਖੀ ਸੀ ਤੇ ਬਾਦਸ਼ਾਹ ਜਹਾਂਗੀਰ ਦੇ ਨੇੜੇ ਸੀ, ਉਸ ਦੀ ਚਿੱਠੀ ਵੀ ਲੋਕਾਂ ਵਿਚ ਨਸ਼ਰ (ਪ੍ਰਸਾਰਤ) ਕੀਤੀ, ਜਿਸ ਵਿਚ ਉਹ ਗੁਰੂ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਣ ਤੇ ਖੁਸ਼ੀ ਚ ਬਾਦਸ਼ਾਹ ਨੂੰ ਚਿੱਠੀ ਲਿਖਦਾ ਆਖਦਾ -ਆਪ ਨੇ ਕਾਫਰਾਂ ਦੇ ਆਗੂ ਨੂੰ ਮਾਰਨ ਦਾ ਬਹੁਤ ਚੰਗਾ ਕੰਮ ਕੀਤਾ। ਹਰ ਮੁਸਲਮਾਨ ਦਾ ਫਰਜ਼ ਹੈ ਕਾਫਿਰਾਂ ਨੂੰ ਮਾਰੇ-। ਡਾ. ਗੰਡਾ ਸਿੰਘ ਨੇ ਇਹ ਠੋਸ ਪ੍ਰਮਾਣ ਪੇਸ਼ ਕਰ ਕੇ ਪਹਿਲਾਂ ਵਾਲੇ ਸਾਰੇ ਭਰਮ ਉਹਲੇ ਦੂਰ ਕਰਨ ਦੇ ਯਤਨ ਕੀਤੇ। ਉਸ ਨੇ ਸਾਬਤ ਕੀਤਾ ਕਿ ਗੁਰੂ ਸਾਹਿਬ ਜੀ ਦੇ ਗਵਾਲੀਅਰ ਜਾ ਦੀ ਘਟਨਾ ਤੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਪਿੱਛੇ ਮੁਗਲ ਸਰਕਾਰ ਦਾ ਵੱਡਾ ਰੋਲ ਸੀ ਨਾ ਕਿ ਚੰਦੂ ਸ਼ਾਹ ਦੀਵਾਨ ਦਾ. ਚੰਦੂ ਦੀਵਾਨ ਤਾਂ ਮਾਤਰ ਉਸ ਵੇਲੇ ਦਾ ਮਾਮੂਲੀ ਅਧਿਕਾਰੀ ਸੀ।

**ਮੁਗਲ ਕਾਲ ਵੇਲੇ ਗਵਾਲੀਅਰ ਕਿਲ੍ਹੇ ਦੀ ਖਾਸੀਅਤ:**

ਇਹ ਗਵਾਲੀਅਰ ਦਾ ਕਿਲ੍ਹਾ ਆਮ ਕਿਲ੍ਹਿਆਂ ਵਰਗਾ ਕਿਲ੍ਹਾ ਨਹੀਂ ਸੀ, ਇਸ ਦੇ ਪਿਛੋਕੜ ਦੀ ਗਾਥਾ ਬੜੀ ਹੈਰਾਨਕਰਨ ਵਾਲੀ ਦੱਸੀ ਹੈ। ਇਸ ਕਿਲ੍ਹੇ ਨੂੰ ਰਾਜਪੂਤ ਰਾਜਾ ਮਾਨ ਸਿੰਘ ਨੇ ਤਾਮੀਰ ਕੀਤਾ ਸੀ, ਬਾਅਦ ਵਿਚ ਜਦ ਇਹ ਕਿਲ੍ਹਾ ਮੁਗਲਾਂ ਦੇ ਕਬਜ਼ੇ ਚ ਆ ਗਿਆ ਤਾਂ ਬਾਦਸ਼ਾਹ ਅਕਬਰ ਨੇ ਇਸ ਨੂੰ ਕਾਰਾਗਾਹ (ਜੇਲ੍ਹ) ਵਿਚ ਤਬਦੀਲ ਕਰ ਦਿਤਾ. ਤਦ ਤੋਂ ਸਾਰੇ ਸ਼ਾਹੀ ਕੈਦੀ ਇਸ ਕਿਲੇ ਵਿਚ ਨਜ਼ਰਬੰਦ ਕਰ ਦਿੱਤੇ ਜਾਂਦੇ ਰਹੇ। ਸਮਾਂ ਪਾ ਕੇ ਇਹ ਕਿਲ੍ਹਾ ਇਕ ਬਦਨਾਮ ਕਿਲੇ ਵਜੋਂ ਜਾਣਿਆ ਜਾਣ ਲੱਗਾ ।ਪਹਿਲੇ ਬਾਦਸ਼ਾਹਾਂ ਵਾਂਗ ਹੀ ਜਹਾਂਗੀਰ ਬਾਦਸ਼ਾਹ ਵੀ ਆਪਣੇ ਵਿਰੋਧੀ ਰਾਜਿਆਂ, ਮਹਾਰਾਜਿਆਂ, ਅਮੀਰਾਂ, ਜਗੀਰਦਾਰਾਂ ਤੇ ਹੋਰ ਸ਼ੱਕੀ ਬੰਦਿਆਂ ਨੂੰ ਇਸ ਕਿਲ੍ਹੇ ਵਿਚ ਸੁੱਟਦਾ ਤੇ ਚੁੱਪ ਚਾਪ ਉਨ੍ਹਾਂ ਨੂੰ ਖਤਮ ਕਰਵਾਉਂਦਾ ਰਿਹਾ। ਉਸ ਵੇਲੇ ਇਹ ਗੱਲ ਆਮ ਪ੍ਰਚੱਲਤ ਹੋ ਗਈ ਸੀ ਕਿ ਇਥੇ ਕੈਦੀਆਂ ਨੂੰ ਖੁਰਾਕ ਵਿਚ ਹੌਲੀ ਹੌਲੀ ਅਸਰ ਕਰਨ ਵਾਲੀ ਜ਼ਹਿਰ ਮਿਲਾਈ ਜਾਂਦੀ ਹੈ ਜੋ ਕੈਦੀਆਂ ਨੂੰ ਸਮਾਂ ਪਾ ਕੇ ਖਤਮ ਕਰ ਦਿੰਦੀ ਹੈ। ਇਤਿਹਾਸਕਾਰਾਂ ਅਨੁਸਾਰ ਪ੍ਰਸ਼ਾਸ਼ਨ ਵੱਲੋਂ ਇਸ ਕਿਲ੍ਹੇ ਵਿਚ ਕੈਦੀਆਂ ਤੇ ਕਰੜੀ ਨਜ਼ਰ ਰੱਖੀ ਜਾਂਦੀ, ਖਾਸ ਮਿਥੇ ਸਮੇਂ ਲਈ ਕੈਦੀਆਂ ਨੂੰ ਸੂਰਜ ਰੌਸ਼ਨੀ ਦੇਖਣ ਦੀ ਇਜਾਜ਼ਤ ਦਿੱਤੀ ਜਾਂਦੀ। ਬਹੁਤਿਆਂ ਕੈਦੀਆਂ ਨੂੰ ਤਾਂ ਘੋੜਿਆਂ ਦੇ ਅਸਤਬਲ ਵਾਲੇ ਕਮਰਿਆਂ ਵਿਚ ਰੱਖਿਆ ਜਾਂਦਾ ਸੀ. ਖਾਧ ਖੁਰਾਕ ਬਹੁਤ ਹੀ ਮਿਣੀ ਤੁਲੀ ਹੁੰਦੀ। ਇਹ ਗੱਲ ਆਮ ਪ੍ਰਚੱਲਤ ਹੋ ਚੁੱਕੀ ਸੀ ਕਿ ਇਸ ਕਿਲ੍ਹੇ ਵਿਚ ਜੋ ਇਕ ਵਾਰ ਆ ਜਾਂਦਾ ਫਿਰ ਉਹ ਵਾਪਸ ਜਿਉਂਦਾ ਨਹੀਂ ਜਾਂਦਾ ਸੀ, ਉਹ ਕਿਲ੍ਹੇ ਵਿੱਚ ਹੀ ਗਲ ਸੜ ਕੇ ਮਰ-ਮੁੱਕ ਜਾਂਦਾ।

ਗੁਰੂ ਸਾਹਿਬ ਦੇ ਇਸ ਕਿਲ੍ਹੇ ਵਿਚ ਆਉਣ ਵੇਲੇ ਜਿਹੜੇ ਬਵੰਜਾ ਰਾਜੇ (ਰਾਜਪੂਤ ਰਾਜੇ ਤੇ ਪਹਾੜੀ ਰਾਜੇ) ਡੱਕੇ ਹੋਏ ਸਨ ਉਨ੍ਹਾਂ ਰਾਜਪੂਤ ਰਾਜਿਆਂ, ਸਰਦਾਰਾਂ ਦੇ ਜੇਲ ਚ ਡੱਕਣ ਦੇ ਕਾਰਨਾਂ ਦੀ ਇਕ ਤਵਾਰੀਖੀ ਗਾਥਾ ਹੈ. ਜਹਾਂਗੀਰ ਬਾਦਸ਼ਾਹ ਦੇ ਰਾਜ ਸੰਭਾਲਦੇ ਹੀ ਉਸ ਦੇ ਵੱਡੇ ਪੁੱਤਰ ਖੁਸਰੋ ਮਿਰਜ਼ਾ ਨੇ ਰਾਜ-ਸੱਤਾ ਹਾਸਲ ਕਰਨ ਲਈ ਬਗਾਵਤ ਕਰ ਦਿੱਤੀ ਤਾਂ ਜਹਾਂਗੀਰ ਨੇ ਉਸ ਪਿੱਛੇ ਸੈਨਾ ਲਾ ਕੇ ਉਸ ਨੂੰ ਹਰਾਉਣ ਬਾਅਦ ਗ੍ਰਿਫਤਾਰ ਕਰਕੇ ਏਸੇ ਜੇਲ੍ਹ ਵਿਚ ਸੁੱਟ ਦਿੱਤਾ ਸੀ। ਖੁਸਰੋ ਦੀ ਮਾਂ ਮਾਨਬਾਈ, ਜੋ ਜਹਾਂਗੀਰ ਬਾਦਸ਼ਾਹ ਦੀ ਪਹਿਲੀ ਪਤਨੀ ਸੀ ਉਹ ਰਾਜਪੂਤ ਘਰਾਣੇ ਦੀ ਸੀ। ਉਹ ਆਪਣੇ ਪੁੱਤਰ ਖੁਸਰੋ ਨਾਲ ਇਸ ਤਰ੍ਹਾਂ ਬੁਰਾ ਵਰਤਾਉ ਹੋਇਆ ਜਾਣ ਕੇ ਬਰਦਾਸ਼ਤ ਨਾ ਕਰ ਸਕੀ ਤੇ ਉਸ ਨੇ ਅਫੀਮ ਦਾ ਪਿਆਲਾ ਪੀ ਕੇ ਖੁਦਕੁਸ਼ੀ ਕਰ ਲਈ ਉਸ ਮਾਨਬਾਈ ਮਹਾਰਾਣੀ ਦੇ ਸਕੇ ਸਹੋਦਰੇ ਰਾਜਪੂਤ ਸਰਦਾਰ ਸਨ ਜੋ ਅਣਖੀ ਰਾਜਪੂਤ ਰਾਜੇ ਸਨ. ਉਨ੍ਹਾਂ ਨੇ ਇਹ ਸਮਝ ਲਿਆ ਕਿ ਮਹਾਰਾਣੀ ਮਾਨਬਾਈ ਨੇ ਖੁਦਕੁਸ਼ੀ ਨਹੀਂ ਕੀਤੀ ਸਗੋਂ ਬਾਦਸ਼ਾਹ ਨੇ ਉਸ ਨੂੰ ਕਤਲ ਕਰਵਾਇਆ ਹੈ. ਇਹ ਜਾਣ ਕੇ ਉਨ੍ਹਾਂ ਸਭ ਨੇ ਗੁੱਸੇ ਚ ਆ ਕੇ ਜਹਾਂਗੀਰ ਦੇ ਵਿਰੁੱਧ ਬਗਾਵਤ ਕਰ ਦਿਤੀ। ਜਹਾਂਗੀਰ ਨੇ ਤਦ ਜਰਨੈਲ ਮੁਰਤਜ਼ਾ ਫਰੀਦ ਖਾਨ ਦੀ ਅਗਵਾਈ ਵਿਚ ਭਾਰੀ ਲਸ਼ਕਰ ਭੇਜ ਕੇ ਇਹ ਸਾਰੇ ਬਗਾਵਤੀ ਪਹਾੜੀ ਰਾਜੇ ਤੇ ਰਾਜਪੂਤਾਨੇ ਵਾਲੇ ਮਾਰਵਾੜ ਦੇ ਸਾਰੇ ਬਾਗੀ ਰਾਜੇ ਫੜ ਲਏ ਤੇ ਸਾਰਿਆਂ ਨੂੰ ਇਸ ਕਿਲ੍ਹੇ ਵਿਚ ਲਿਆ ਸੁੱਟਿਆ। ਤਵਾਰੀਖ ਅਨੁਸਾਰ ਬਵੰਜਾਂ ਰਾਜੇ ਜੋ ਜੇਲ੍ਹ ਵਿਚੋਂ ਛੁਡਾਏ ਗਏ, ਉਹ ਇਹ ਹੀ ਹਿੰਦੂ ਰਾਜੇ ਸਨ ।

**ਗਵਾਲੀਅਰ ਕਿਲ੍ਹੇ ਚੋਂ ਰਿਹਾਈ ਬਾਰੇ**

ਫਿਰ ਜਦ ਗੁਰੂ ਜੀ ਨੂੰ ਮਿਥੇ ਸਮੇਂ ਅੰਦਰ ਗਵਾਲੀਅਰ ਦੇ ਕਿਲ੍ਹੇ ਚੋਂ ਰਿਹਾਅ ਨਾ ਕੀਤਾ ਗਿਆ ਤੇ ਗੁਰੂ ਸਾਹਿਬ ਦਾ ਵਿਛੋੜਾ ਦਿਨ ਬ ਦਿਨ ਮਹੀਨਿਆਂ ਬਹੁਤ ਹੀ ਬੱਧੀ ਲੰਮਾ ਹੁੰਦਾ ਗਿਆ ਤੇ ਗੁਰੂ ਸਾਹਿਬ ਦੀ ਰਿਹਾਈ ਬਾਰੇ ਬੇ-ਯਕੀਨੀ ਬਣਨ ਲੱਗੀ ਤਾਂ ਸਿੱਖਾਂ ਵਿਚ ਘਬਰਾਹਟ ਤੇ ਚਿੰਤਾ ਪਸਰ ਗਈ। ਇਹ ਸੰਸਾ ਹੋਣ ਲੱਗਾ ਕਿ ਗੁਰੂ ਸਹਿਬ ਜੀ ਦੀ ਮੌਜੂਦਗੀ ਤੋਂ ਕਿਤੇ ਸਿੱਖ-ਸੰਗਤ ਗੁਰੂਘਰ ਤੋਂ ਵਿਸਰ ਕੇ ਦੂਜੇ ਵਿਰੋਧੀ ਮੀਣਿਆਂ ਦੀ ਅਗਵਾਈ ਵੱਲ ਨਾ ਚਲੀ ਜਾਵੇ, ਦੂਜੇ ਪਾਸੇ ਕੱਟੜ ਵਿਰੋਧੀ ਮੁਰਤਜ਼ਾ ਖਾਨ ਨੂੰ ਲਾਹੌਰ ਦਾ ਗਵਰਨਰ ਲਾ ਦਿੱਤਾ ਹੈ; ਉਸ ਦੇ ਜਾਰੀ ਹੋ ਰਹੇ ਸਖਤ ਆਦੇਸ਼ ਅਤੇ ਧਮਕੀਆਂ ਕਿਧਰੇ ਸਿੱਖਾਂ ਦੇ ਉਤਸ਼ਾਹ ਨੂੰ ਫਿੱਕਾ ਨਾ ਪਾ ਦੇਣ। ਤਦ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਸੰਗਤਾਂ ਦੇ ਹੌਸਲੇ ਬੁਲੰਦ ਰੱਖਣ ਤੇ ਗੁਰੂ ਘਰ ਨਾਲ ਜੋੜੀ ਰੱਖਣ ਦੇ ਇਰਾਦੇ ਨਾਲ ਚੌਕੀਆਂ ਦੀ ਮਰਯਾਦਾ ਚਲਾ ਦਿੱਤੀ ਉਹ ਚੌਕੀਆਂ ਬਣਾ ਕੇ ਪੰਜਾਬ ਦੇ ਪਿੰਡ ਪਿੰਡ ਮਸ਼ਾਲਾਂ ਭੇਜਦੇ। ਸਾਰਾ ਪਰਚਾਰ ਰਾਤ ਦੇ ਸਮੇਂ ਹੁੰਦਾ। ਫਿਰ ਇਨਾਂ ਚੌਕੀਆਂ ਦਾ ਪ੍ਰੋਗਰਾਮ ਖਾਸ ਜਥੇ ਦੇ ਰੂਪ ਵਿਚ ਸ਼ਹਿਰੋ-ਸ਼ਹਿਰ ਹੁੰਦਾ ਹੋਇਆ ਗਵਾਲੀਅਰ ਦੇ ਕਿਲ੍ਹੇ ਤਕ ਜਾਣ ਲੱਗਾ। ਸਿੱਖ ਕੀਰਤਨ ਕਰਦੇ ਹੋਏ ਗਵਾਲੀਅਰ ਦੇ ਕਿਲ੍ਹੇ ਤਕ ਪਹੁੰਚਦੇ। ਮੁਸਲਮਾਨ ਲੇਖਕ ਮੁਹਸਿਨ ਫਾਨੀ ਲਿਖਦਾ ਹੈ ਕਿ ਸਿੱਖ ਗਵਾਲੀਅਰ ਦੇ ਕਿਲ੍ਹੇ ਅੰਦਰ ਡੱਕੇ ਹੋਏ ਗੁਰੂ ਸਾਹਿਬ ਦੇ ਨਮਿਤ ਕਿਲ੍ਹੇ ਦੀਆਂ ਉਚੀਆਂ ਕੰਧਾਂ ਨੂੰ ਛੂਹ ਕੇ ਗੁਰੂ ਸਾਹਿਬ ਨੂੰ ਨਮਸਕਾਰ ਕਰਦੇ ਤੇ ਕਿਲ੍ਹੇ ਦੀ ਪ੍ਰਕਰਮਾ ਕਰਕੇ ਵਾਪਸ ਚਲੇ ਜਾਂਦੇ।

ਏਸੇ ਗੱਲ ਦੀ ਸ਼ਾਹਦੀ ਭਰਦੇ ਹੋਏ ਸਹਿਜੇ ਰਚਿਉ ਖਾਲਸਾ' ਦੇ ਰਚਨ ਕਰਤਾ ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ ਜਦ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਸਨ ਤਾਂ ਉਨ੍ਹਾਂ ਦੇ ਪਿਆਰੇ ਸੌ ਸੌ ਦੇ ਕਾਫਲਿਆਂ ਵਿਚ ਮਹੀਨਿਆਂ ਬੱਧੀ ਕਿਲ੍ਹੇ ਦੀਆਂ ਦੀਵਾਰਾਂ ਨੂੰ ਆ ਆ ਚੁੰਮਦੇ ਰਹੇ। ਰੂਹ ਦੇ ਵੀਰਾਨ ਪਰਦਿਆਂ ਨੂੰ ਚੀਰ ਕੇ ਗੁਰੂ ਜੀ ਨੂੰ ਖਾਲਸ ਰੂਪ ਵਿਚ ਮਿਲਣ ਦਾ ਇਹ ਇਕ ਨਿਰਾਲਾ ਦ੍ਰਿਸ਼ ਸੀ।

ਜਦ ਇਹ ਜਾਪਣ ਲੱਗਾ ਕਿ ਨਿਕਟ ਭਵਿੱਖ ਵਿਚ ਵੀ ਗੁਰੂ ਸਾਹਿਬ ਦੀ ਰਿਹਾਈ ਲਈ ਕੋਈ ਢਾਰਸ, ਕੋਈ ਕਾਰਗਰ ਵਿਧੀ ਨਹੀਂ ਬਣ ਰਹੀ ਤਾਂ ਸਿੱਖ ਜਗਤ ਵਿਚ ਇਕ ਤਰ੍ਹਾਂ ਦਾ ਫਿਕਰੀ ਅਲਮੀਆ ਬਣ ਗਿਆ। ਜਦ ਗੁਰੂ ਸਾਹਿਬ ਦੀ ਰਿਹਾਈ ਬਾਰੇ ਸਾਰੀਆਂ ਸੋਚਾਂ ਵਿਚਾਰਾਂ ਰੱਬੀ ਰਜ਼ਾ ਤਕ ਹੀ ਮਹਿਦੂਦ ਹੋ ਗਈਆਂ ਤਾਂ ਉਸ ਵੇਲੇ ਸਮੇਂ ਦੇ ਗੇੜ ਨੇ ਖੁਦ ਹੀ ਸਿੱਖੀ ਸਫਾਂ ਵਿਚ ਮੁੜ ਖੇੜਾ ਲਿਆਉਣ ਵਾਸਤੇ ਇਕ ਅਲੌਕਿਕ ਬਖ਼ਸ਼ਿਸ ਵਰਤਾਈ। ਰੱਬ ਦੀ ਐਸੀ ਕਰਨੀ ਹੋਈ ਕਿ ਬਾਦਸ਼ਾਹ ਜਹਾਂਗੀਰ ਇਕ ਭਿਆਨਕ ਮਾਨਸਿਕ ਰੋਗ ਦਾ ਸ਼ਿਕਾਰ ਹੋ ਗਿਆ। ਉਹ ਸੱਚਮੁਚ ਮੰਜੇ ਤੇ ਬਿਮਾਰ ਪੈ ਗਿਆ। ਉਸ ਨੂੰ ਸੇਹਤਯਾਬ ਕਰਨ ਦੇ ਸਾਰੇ ਹਰਬੇ-ਹੀਲੇ ਵਰਤੇ ਗਏ ਪਰ ਕੋਈ ਮੋੜਾ ਨਾ ਪਿਆ। 1611 ਈਸਵੀ ਵਾਲੇ ਸਾਲ ਬਾਦਸ਼ਾਹ ਜਹਾਂਗੀਰ ਦੀ ਚਹੇਤੀ ਬੇਗਮ ਨੂਰਜਹਾਂ ਰਾਜ-ਭਾਗ ਤੇ ਪੂਰੀ ਤਰਾਂ ਕਾਬਜ਼ ਹੋ ਗਈ ਸੀ, ਤੇ ਬਾਦਸ਼ਾਹ ਉਸ ਦਾ ਪ੍ਰਭਾਵ ਕਬੂਲਦਾ ਹੋਇਆ ਸਾਰਾ ਰਾਜਸੀ ਪ੍ਰਬੰਧ ਉਸ ਦੇ ਹਵਾਲੇ ਕਰ ਚੁੱਕਾ ਸੀ। ਪੂਰਨ ਸ਼ਕਤੀ ਦੇ ਹੁੰਦੇ ਹੋਇਆਂ ਵੀ ਨੂਰਜਹਾਂ ਲਈ ਬਾਦਸ਼ਾਹ ਦੀ ਜੀਵਤ ਹੋਂਦ, ਉਸ ਦੀ ਤੰਦਰੁਸਤੀ ਅਤੀ ਜਰੂਰੀ ਸੀ। ਸਥਿਤੀ ਨੂੰ ਭਾਂਪਦਿਆ ਉਹ ਜਹਾਂਗੀਰ ਦੀ ਸਾਰੀ ਦੇਖ ਭਾਲ ਖੁਦ ਕਰਨ ਲੱਗੀ। ਹਕੀਮਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਰੋਗਰਹਿਤ ਕਰਨ ਦੇ ਅਨੇਕ ਯਤਨ ਕੀਤੇ. ਜਦ ਸਾਰੀ ਗੱਲ ਵੱਸੋਂ ਬਾਹਰ ਹੋ ਗਈ ਤਾਂ ਬੇਗਮ ਨੂਰ ਜਹਾਂ ਨੇ ਓੜਕ ਪੀਰਾਂ ਫਕੀਰਾਂ ਦਾ ਸਹਾਰਾ ਲੈਣਾ ਉਚਿੱਤ ਜਾਣਿਆ। ਉਹ ਪੀਰਾਂ ਸੰਤਾਂ ਅੰਦਰ ਸਮੋਈਆਂ ਦੈਵੀ ਸ਼ਕਤੀਆਂ ਵਿਚ ਵਿਸ਼ਵਾਸ ਰੱਖਣ ਵਾਲੀ ਸੀ ।

ਨੂਰ ਜਹਾਂ ਦੇ ਬਚਪਨ ਤੇ ਚੜ੍ਹਦੀ ਜਵਾਨੀ ਦੇ ਦਿਨ ਲਾਹੌਰ ਸ਼ਹਿਰ ਵਿਚ ਬੀਤੇ ਸਨ ਤੇ ਫਕੀਰਾਂ ਵਿਚ ਸ਼ਰਧਾ ਦੀ ਧਾਰਨਾ ਉਦੋਂ ਤੋਂ ਹੀ ਉਸ ਦੇ ਰਿਦੇ ਵਿਚ ਸਮੀ ਸੀ। ਉਹ ਉਨ੍ਹੀਂ ਦਿਨੀ ਉਥੇ ਲਾਹੌਰ ਵਿਖੇ ਸਾਈਂ ਮੀਆਂ ਮੀਰ ਦੀ ਵੱਡੀ ਸ਼ਰਧਾਲੂ ਹੋਣ ਕਰਕੇ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਰੀ ਭਰਿਆ ਕਰਦੀ. ਸਾਈਂ ਮੀਆਂ ਮੀਰ ਜੀ ਉਸ ਵੇਲੇ ਦੇ ਬਹੁਤ ਹੀ ਸਤਿਕਾਰਤ ਪੂਜਨਯੋਗ

ਬਾਕੀ ਸਫ਼ਾ 42 'ਤੇ



# Tiger Trans Inc

830 W Glenwood Ave, Turlock, CA 95380

ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ

## ਬੰਦੀ ਛੋੜ ਦਿਵਸ

ਦੀਆਂ

## ਲੱਖ ਲੱਖ ਵਧਾਈਆਂ



ਹਰਸਿਮਰਨ ਸਿੰਘ

**Tel. 209 634 8900 Fax: 510 722 2699**

ਸਮੁੱਚੀ ਮਾਨਵਤਾ ਨੂੰ

## ਬੰਦੀ ਛੋੜ ਦਿਵਸ ਦੀਆਂ

## ਲੱਖ ਲੱਖ ਵਧਾਈਆਂ





ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਇਸ ਮਹਾਨ ਦਿਨ 'ਤੇ ਲੰਬੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਕੀਤੇ ਸਿੰਘਾਂ ਦੀ ਰਿਹਾਈ ਲਈ ਸੰਸਾਰ ਦੇ ਸਾਰੇ ਗੁਰਦੁਆਰਿਆਂ ਵਿਚ ਸਮੂਹਿਕ ਅਰਦਾਸ ਕਰੀਏ

ਵਲੋਂ

## ਕਸ਼ਮੀਰ ਸਿੰਘ ਸ਼ਾਹੀ

Almeda County Commissioner

**Direct: (510) 299-7982 Fax: (510) 441-1115**



## ਸਮੁੱਚੀ ਮਾਨਵਤਾ ਨੂੰ

# ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਦੀ ਰੌਸ਼ਨੀ ਵਿਚ ਰਾਜ ਕਰੇਗਾ ਖਾਲਸਾ, ਅਜ਼ਾਦੀ ਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਜੇ ਸਿੱਖ ਕੌਮ ਲਈ ਤਨ, ਮਨ ਤੇ ਧਨ ਨਾਲ ਆਪਣੀਆਂ ਜਿੰਦੜੀਆਂ ਖਤਰੇ ਵਿਚ ਪਾ ਕੇ ਕੌਮ ਦੀ ਸੇਵਾ ਕਰਨ ਵਾਲੇ ਸੂਰਮੇ ਜੇਲ੍ਹਾਂ ਵਿਚ ਸਜ਼ਾ ਪੂਰੀਆਂ ਕਰਨ ਤੋਂ ਬਾਦ ਵੀ ਸਮੇਂ ਦੀਆ ਹਕੂਮਤਾਂ ਨੇ ਡੱਕੇ ਹੋਏ ਹੋਣ ਤਾਂ ਕੌਮ ਦਾ ਪਹਿਲਾ ਫਰਜ਼ ਉਨ੍ਹਾਂ ਦੀ ਰਿਹਾਈ ਲਈ ਸਿਰਤੋੜ ਯਤਨ ਕਰਨਾ ਬਣਦਾ ਹੈ। ਉਨ੍ਹਾਂ ਦੀ ਬੰਦਖਲਾਸੀ ਕਰਵਾਏ ਬਿਨਾਂ ਕੌਮ ਚੈਨ ਨਾਲ ਨਹੀਂ ਬੈਠ ਸਕਦੀ। ਇਸ ਮਹਾਨ ਦਿਨ 'ਤੇ ਸਾਰੇ ਸੰਸਾਰ ਦੇ ਗੁਰਦੁਆਰਿਆਂ ਵਿਚ ਉਨ੍ਹਾਂ ਦੀ ਰਿਹਾਈ ਲਈ ਸਮੂਹਿਕ ਅਰਦਾਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਵਲੋਂ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

**ਭਾਈ ਜਸਵੰਤ ਸਿੰਘ ਹੋਠੀ (ਪ੍ਰਧਾਨ) ਫੋਨ : 408.898.7056**

**ਡਾ. ਪ੍ਰਿਤਪਾਲ ਸਿੰਘ (ਕੋਆਰਡੀਨੇਟਰ) ਫੋਨ : 408.422.5600**


ਬੰਦੀ ਛੋੜ ਦਿਵਸ ਅਤੇ ਦੀਵਾਲੀ
ਦੀਆਂ
ਲੱਖ ਲੱਖ ਵਧਾਈਆਂ
JESSIE TAX SERVICES
Specializing In:
* Computerized Tax Return Preparation
* Individual, Family & Small Businesses
* Partnership & Corporation
* Book Keeping, Payroll & Sales Tax
* IRS, FTB, Sales Tax, EDD Audit Representation
* New Business Start-Up
Our Goals :
* Minimum Tax
* Reasonable Charges
* Open All Year Round
* Client Satisfaction
* Solve Tax Problems
By Appointment Only
1491 South Wolfe Road, Sunnyvale, CA 94087
Ph: 408.736.2451, Fax: 408.736.8626
E-mail: jessie@jessietax.com • www.jessietax.com
Jaswant Singh 'JESSIE'
Enrolled Agent (EA)
NTPI Fellow



# ਸਮੂਹ ਸਿੱਖ ਪੰਥ ਤੇ ਪੰਜਾਬੀ ਭਾਈਚਾਰੇ ਨੂੰ

# ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਇਸ ਮਹਾਨ ਦਿਨ 'ਤੇ ਬਹੁਤ ਸਮੇਂ ਤੋਂ ਜੇਲ੍ਹਾਂ 'ਚ ਬੰਦ ਕੀਤੇ ਸਿੰਘਾਂ ਦੀ ਰਿਹਾਈ ਲਈ ਸੰਸਾਰ ਦੇ ਸਾਰੇ ਗੁਰਦੁਆਰਿਆਂ ਵਿਚ ਸਮੂਹਿਕ ਅਰਦਾਸ ਕਰੀਏ

**ਪੰਜਾਬੀ ਭਾਈਚਾਰੇ ਦੇ ਨਿਸ਼ਕਾਮ ਸੇਵਕ ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ, ਗੁਰਜੰਟ ਸਿੰਘ ਗਿੱਲ, ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ) ਅਤੇ ਸਮੂਹ ਪਰਿਵਾਰ**



**ਵਲੋਂ : ਗਿੱਲ ਬ੍ਰਦਰਜ਼ 530-681-3112**

# ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001, E Walnut Drive South, Walnut CA 91789 • Ph: 909.869.6165

## ਬੰਦੀ ਛੋੜ ਦਿਵਸ (ਦੀਵਾਲੀ)



### 30 ਅਕਤੂਬਰ, ਦਿਨ ਐਤਵਾਰ ਨੂੰ
### ਗੁਰਦੁਆਰਾ ਸਾਹਿਬ ਵਾਲਨਟ ਵਿਖੇ

• ਰੂਹਾਨੀ ਗੁਰਬਾਣੀ ਕੀਰਤਨ • ਮਾਹਰਾਂ ਵਲੋਂ ਪਟਾਕਿਆਂ ਦੀ ਗੂੰਜ
• ਪੰਜਾਬੀ ਖਾਣੇ ਦਾ ਆਨੰਦ ਮਾਣੋ। ਸੰਗਤ ਵਲੋਂ ਵੱਖ ਵੱਖ ਸਟਾਲਾਂ 'ਤੇ ਸਨੈਕਸ, ਮਠਿਆਈਆਂ, ਚਾਟ ਤੇ ਕੋਲਡ ਡਰਿੰਕ ਦਾ ਪ੍ਰਬੰਧ ਕੀਤਾ ਜਾਵੇਗਾ।

### ਪ੍ਰੋਗਰਾਮ

**ਰਾਗੀ ਜਥਿਆਂ ਵਲੋਂ ਕੀਰਤਨ ਸ਼ਾਮ 6: 00 ਵਜੇ ਤੋਂ ਰਾਤ 8:45 ਵਜੇ ਤੱਕ**

**ਆਨੰਦ ਸਾਹਿਬ ਅਤੇ ਅਰਦਾਸ ਰਾਤ 9:00 ਵਜੇ**

**ਆਤਿਸ਼ਬਾਜ਼ੀ ਰਾਤ 9:30 ਵਜੇ**

**ਗੁਰੂ ਕਾ ਲੰਗਰ ਰਾਤ 8 :30 ਵਜੇ ਤੋਂ ਸ਼ੁਰੂ ਹੋਵੇਗਾ**

ਗੁਰੂ ਕੇ ਲੰਗਰ ਦੀ ਸੇਵਾ ਸੁਰਿੰਦਰ ਸਿੰਘ ਭੋਗਲ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

*ਪ੍ਰੋਗਰਾਮ ਦਾ ਆਨੰਦ ਮਾਣਨ ਲਈ ਪਰਿਵਾਰ ਅਤੇ ਦੋਸਤਾਂ ਨਾਲ ਪੁੱਜੋ...*

**ਸੇਵਾਦਾਰ ਗੁਰਦੁਆਰਾ ਵਾਲਨਟ**

• ਸ. ਸਾਹਿਬ ਸਿੰਘ ਭੁੱਲਰ - (625) 893-2314
• ਸ. ਸਵਰਨ ਸਿੰਘ ਦਬਗੋਤਰਾ - (909) 861-2020
• ਸ. ਸੋਹਨ ਸਿੰਘ ਗਿੱਲ - (562) 569-2702
• ਸ. ਗੁਰਚਰਨ ਸਿੰਘ ਅਨੰਦ (626) 298-9960
• ਸ. ਹਨਵੰਤਬੀਰ ਸਿੰਘ ਸਾਹਨੀ (626) 369-3305

ਕੀਰਤਨ ਪ੍ਰੋਗਰਾਮ ਅਤੇ ਖਾਣਿਆਂ ਦੀਆਂ ਸਟਾਲਾਂ ਵਿਚ ਹਿੱਸਾ ਲੈਣ ਲਈ
ਭਾਈ ਰਘਬੀਰ ਸਿੰਘ ਨਾਲ (626) 833-8240 ਅਤੇ ਹਨਵੰਤ ਬੀਰ ਸਿੰਘ ਸਾਹਨੀ ਨਾਲ (626) 369-3305 'ਤੇ ਸੰਪਰਕ ਕੀਤਾ ਜਾ ਸਕਦਾ ਹੈ।



**Friday Oct. 21st - Sat. Oct. 22nd**
6:45 PM - 8:45 PM
SUNDAY Oct. 23rd
11:00 AM - 1:00 PM
**Monday Oct. 24th - Sat. Oct. 29th**
6:45 PM - 8:45 PM
**SUNDAY Oct. 30th**
11:00 AM - 1:00 PM
**Diwali Special: 6:45 PM - 8:45 PM**

*Special Morning Simran Sat. Oct. 29th: 5 AM - 6:30 AM*

## CELEBRATING PARKASH UTSAV OF DHAN DHAN SRI GURU RAM DAS JEE OCTOBER 23RD - OCTOBER 30TH

**Gurdwara Sahib Khalsa Care Foundation**
**9989 Laurel Canyon Blvd, Pacoima, CA 91331**

Bhai Kanhaiya Jee Langar Seva Dal
For More Information Please Contact:
Baldev Singh (818) 468-9595 Balwinder Singh (818) 404-0811
Makhan Singh (661) 225-7157 Paramjit Singh (626) 354-6653



Bhai Sahib Bhai Harjinder Singh Jee
(Sri Nagar Wale)



Bhai Sahib Singh Jee (Canada Wale)



ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ



ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਇਸ ਮਹਾਨ ਦਿਨ 'ਤੇ ਬਹੁਤ ਸਮੇਂ ਤੋਂ ਜੇਲ੍ਹਾਂ 'ਚ ਬੰਦ ਕੀਤੇ ਸਿੰਘਾਂ ਦੀ ਰਿਹਾਈ ਲਈ ਸੰਸਾਰ ਦੇ ਸਾਰੇ ਗੁਰਦੁਆਰਿਆਂ ਵਿਚ ਸਮੂਹਿਕ ਅਰਦਾਸ ਕਰੀਏ

**ਬੇਨਤੀ ਕਰਤਾ: ਡਾਇਮੰਡ ਟਰਾਂਸਪੋਰਟੇਸ਼ਨ**

ਗੁਲਵਿੰਦਰ ਸਿੰਘ ਗਾਖ਼ਲ (209-487-3699), ਹਰਨੇਕ ਸਿੰਘ ਅਟਵਾਲ (209-351-5965)



ਪੰਥ ਦਰਦੀ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਨੌਜਵਾਨ ਸਿੱਖ ਆਗੂ

# ਬਲਰਾਜ ਸਿੰਘ ਢਿੱਲੋਂ

ਵਲੋਂ

# ਬੰਦੀ ਛੋੜ ਦਿਵਸ

ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਇਸ ਮਹਾਨ ਦਿਨ 'ਤੇ ਬਹੁਤ ਸਮੇਂ ਤੋਂ ਜੇਲ੍ਹਾਂ 'ਚ ਬੰਦ ਕੀਤੇ ਸਿੰਘਾਂ ਦੀ ਰਿਹਾਈ ਲਈ ਸੰਸਾਰ ਦੇ ਸਾਰੇ ਗੁਰਦੁਆਰਿਆਂ ਵਿਚ ਸਮੂਹਿਕ ਅਰਦਾਸ ਕਰੀਏ



ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ
ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਇਸ ਮਹਾਨ ਦਿਨ 'ਤੇ ਬਹੁਤ ਸਮੇਂ
ਤੋਂ ਜੇਲ੍ਹਾਂ 'ਚ ਬੰਦ ਕੀਤੇ ਸਿੰਘਾਂ ਦੀ ਰਿਹਾਈ ਲਈ ਸੰਸਾਰ ਦੇ ਸਾਰੇ
ਗੁਰਦੁਆਰਿਆਂ ਵਿਚ ਸਮੂਹਿਕ ਅਰਦਾਸ ਕਰੀਏ

## ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ

# ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਵਲੋਂ

# ਭਾਈ ਜਸਵੰਤ ਸਿੰਘ ਹੋਠੀ

ਅਤੇ ਸਮੂਹ ਪਰਿਵਾਰ



ਭਾਈ ਜਸਵੰਤ ਸਿੰਘ ਹੋਠੀ



ਗੁਰਜੀਤ ਸਿੰਘ ਹੋਠੀ

ਪ੍ਰਧਾਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ), ਫ਼ੋਨ : 408-898-7056

---

ਪੰਥ ਦੇ ਨਿਸ਼ਕਾਮ ਸੇਵਕ, ਪੰਥ ਦਰਦੀ, ਉਘੇ ਸਿੱਖ ਨੇਤਾ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, (ਵੈਸਟ ਕੋਸਟ) ਅਮਰੀਕਾ

## ਖਹਿਰਾ ਬੱਸ ਸਰਵਿਸ ਇੰਡੀਆ ਅਤੇ ਖਹਿਰਾ ਇਨਵੈਸਟਮੈਂਟ ਯੂਐਸਏ, ਖਹਿਰਾ ਫਾਰਮਜ਼ ਯੂਐਸਏ ਦੇ ਮਾਲਕ ਸ. ਕੁਲਵੰਤ ਸਿੰਘ ਖਹਿਰਾ ਅਤੇ ਸ. ਸੁਖਵੰਤ ਸਿੰਘ ਖਹਿਰਾ ਸੈਨਹੋਜ਼ੇ

## ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ

# ਬੰਦੀ ਛੋੜ ਦਿਵਸ

ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ
ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਇਸ ਮਹਾਨ ਦਿਨ 'ਤੇ ਬਹੁਤ ਸਮੇਂ
ਤੋਂ ਜੇਲ੍ਹਾਂ 'ਚ ਬੰਦ ਕੀਤੇ ਸਿੰਘਾਂ ਦੀ ਰਿਹਾਈ ਲਈ ਸੰਸਾਰ ਦੇ ਸਾਰੇ
ਗੁਰਦੁਆਰਿਆਂ ਵਿਚ ਸਮੂਹਿਕ ਅਰਦਾਸ ਕਰੀਏ



ਸ. ਕੁਲਵੰਤ ਸਿੰਘ ਖਹਿਰਾ ਅਤੇ ਸ. ਸੁਖਵੰਤ ਸਿੰਘ ਖਹਿਰਾ ਸੈਨਹੋਜ਼ੇ



# ਬੰਦੀ ਛੋੜ ਦਿਵਸ (ਦੀਵਾਲੀ) ਦੀਆਂ

# ਲੱਖ ਲੱਖ ਵਧਾਈਆਂ

ਵਲੋਂ

ਬਿਕਰਮਜੀਤ ਸਿੰਘ ਸਿੱਧੂ, ਦਵਿੰਦਰ ਸਿੰਘ ਰੰਗੀ, ਜਗਦੇਵ ਸਿੰਘ ਖਹਿਰਾ,
ਮਨਜੀਤ ਸਿੰਘ ਧਨੋਆ,ਸਤਿੰਦਰ ਸਿੰਘ ਸੁਸਾਣਾ, ਜੱਸੀ ਧਾਲੀਵਾਲ,
ਬਲਵੀਰ ਸਿੰਘ ਬੈਦਵਾਨ ਅਤੇ ਲੱਕੀ ਔਜਲਾ

## ਪੰਜਾਬ ਸਪੋਰਟਸ ਕਲੱਬ ਮਿਡਵੈਸਟ ਸ਼ਿਕਾਗੋ

ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ

# ਬੰਦੀ ਛੋੜ ਦਿਵਸ (ਦੀਵਾਲੀ)

ਦੀਆਂ

# ਲੱਖ ਲੱਖ ਵਧਾਈਆਂ





# ਹੋਮਿਓਪੈਥੀ

ਕੁਦਰਤੀ, ਸੁਰੱਖਿਅਤ ਅਤੇ ਅਸਰਦਾਇਕ

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



**Harminder S Gill**
D.H.M.S.
Ex.Homeopathic Medical Officer Punjab Govt.

I offer homeopathic consultancy services pursuant to California SB-577 and sections 2053.5 and 2053.6 of California's Business and Professionals Code relating to health and medical practices.

ਸਾਡੀ ਦੂਜੀ ਲੋਕੇਸ਼ਨ 39210 State Street Suite 206, Fremont, CA 94538 ਵਿਖੇ ਜਲਦੀ ਹੀ ਖੁੱਲ੍ਹ ਰਹੀ ਹੈ

## Homeopathic Vibes ਹੋਮਿਓਪੈਥਿਕ ਵਾਈਬਜ਼

940, E. El Camino Real, Sunnyvale, CA 94087 Tel : (408) 737-7100
www.homeopathicvibes.com • info@homeopathicvibes.com



ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ **ਬੰਦੀ ਛੋੜ ਦਿਵਸ ਦੀਆਂ**

# ਲੱਖ ਲੱਖ ਵਧਾਈਆਂ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਬੰਦੀ ਛੋੜ ਦਿਵਸ ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਦੀ ਰੌਸ਼ਨੀ ਵਿਚ ਰਾਜ ਕਰੇਗਾ ਖਾਲਸਾ,ਅਜ਼ਾਦੀ ਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਜੇ ਸਿੱਖ ਕੌਮ ਲਈ ਤਨ, ਮਨ ਤੇ ਧਨ ਨਾਲ ਆਪਣੀਆਂ ਜਿੰਦੜੀਆਂ ਖਤਰੇ ਵਿਚ ਪਾ ਕੇ ਕੌਮ ਦੀ ਸੇਵਾ ਕਰਨ ਵਾਲੇ ਸੂਰਮੇ ਜੇਲ੍ਹਾਂ ਵਿਚ ਸਜ਼ਾ ਪੂਰੀਆਂ ਕਰਨ ਤੋਂ ਬਾਦ ਵੀ ਸਮੇਂ ਦੀਆ ਹਕੂਮਤਾਂ ਨੇ ਡੱਕੇ ਹੋਏ ਹੋਣ ਤਾਂ ਕੌਮ ਦਾ ਪਹਿਲਾ ਫਰਜ਼ ਉਨ੍ਹਾਂ ਦੀ ਰਿਹਾਈ ਲਈ ਸਿਰਤੋੜ ਯਤਨ ਕਰਨ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਬੰਦਖਲਾਸੀ ਕਰਵਾਏ ਬਿਨਾਂ ਕੌਮ ਨੂੰ ਚੈਨ ਨਾਲ ਨਹੀਂ ਬੈਠਣਾ ਚਾਹੀਦਾ। ਇਹ ਮਹਾਨ ਦਿਨ ਸਾਰੇ ਸੰਸਾਰ ਦੇ ਗੁਰਦੁਆਰਿਆਂ ਵਿਚ ਉਨ੍ਹਾਂ ਦੀ ਰਿਹਾਈ ਲਈ ਸਮੂਹਿਕ ਅਰਦਾਸ ਹੋਣੀ ਚਾਹੀਦੀ ਹੈ।



ਵਲੋਂ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਸ਼ਿਕਾਗੋ ਯੂਨਿਟ), ਪ੍ਰਧਾਨ ਲਖਵੀਰ ਸਿੰਘ ਕੰਗ, ਪੈਨਲ ਮੈਂਬਰ ਮੱਖਣ ਸਿੰਘ ਕਲੇਰ, ਮੀਤ ਪ੍ਰਧਾਨ ਅਨੂਪ ਸਿੰਘ, ਜਨਰਲ ਸਕੱਤਰ ਹਰਮਿੰਦਰ ਸਿੰਘ ਖਹਿਰਾ, ਜਨਰਲ ਸਕੱਤਰ ਦਲਬੀਰ ਸਿੰਘ ਚੀਮਾ, ਮੀਤ ਪ੍ਰਧਾਨ ਯੂਥ ਅਕਾਲੀ ਦਲ ਅਮਰੀਕਾ ਸੰਤ ਬਲਵੀਰ ਸਿੰਘ, ਮੈਂਬਰ : ਸੁਖਵਿੰਦਰ ਸਿੰਘ ਗਿੱਲ, ਕੇਵਲ ਸਿੰਘ, ਸੁਰਜੀਤ ਸਿੰਘ ਬੈਦਵਾਨ, ਨਿਰਭੈਅ ਸਿੰਘ ਧਨੋਆ ਅਤੇ ਸੰਤੋਖ ਸਿੰਘ ਭਟਨੂਰਾ, ਕਰਮਜੀਤ ਸਿੰਘ ਭਟਨੂਰਾ



# H S Homes Inc

Construction Company

All Under One Roof
* General Contractors
* Home Builders
* Remodel & Repair
* Electric
* Construction Management
* Consulting

**ਬੰਦੀ ਛੋੜ ਦਿਵਸ ਦੀਆਂ**

**ਲੱਖ ਲੱਖ ਵਧਾਈਆਂ**



ਅਸੀਂ ਕੈਲੀਫੋਰਨੀਆ ਦੇ ਮਨਜ਼ੂਰਸ਼ੁਦਾ Contractors ਹਾਂ ਅਸੀਂ Construction ਨਾਲ ਸਬੰਧਤ ਹਰ ਤਰ੍ਹਾਂ ਦੀਆਂ ਪ੍ਰੋਫੈਸ਼ਨਲ ਸੇਵਾਵਾਂ ਦਿੰਦੇ ਹਾਂ।

**510-952-6702**

Consths@gmail.com

Satpal Singh
General Contractor
License #1001699

New Construction & Remodeling

## ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ!

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

**ਸਿਮਰਨ ਕੌਰ ਅਟਵਾਲ**

ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!



ਦੇਸ਼ਾਂ ਵਿਦੇਸ਼ਾਂ 'ਚ ਵਸਦੇ ਸਮੂਹ ਸਿੱਖ ਭਾਈਚਾਰੇ ਅਤੇ ਸਮੁੱਚੀ ਮਾਨਵਤਾ ਨੂੰ

# ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਦੀ ਰੌਸ਼ਨੀ ਵਿਚ ਰਾਜ ਕਰੇਗਾ ਖਾਲਸਾ, ਅਜ਼ਾਦੀ ਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਜੇ ਸਿੱਖ ਕੌਮ ਲਈ ਤਨ, ਮਨ ਤੇ ਧਨ ਨਾਲ ਆਪਣੀਆਂ ਜਿੰਦੜੀਆਂ ਖਤਰੇ ਵਿਚ ਪਾ ਕੇ ਕੌਮ ਦੀ ਸੇਵਾ ਕਰਨ ਵਾਲੇ ਸੂਰਮੇ ਜੇਲ੍ਹਾਂ ਵਿਚ ਸਜ਼ਾ ਪੂਰੀਆਂ ਕਰਨ ਤੋਂ ਬਾਦ ਵੀ ਸਮੇਂ ਦੀਆ ਹਕੂਮਤਾਂ ਨੇ ਡੱਕੇ ਹੋਏ ਹੋਣ ਤਾਂ ਕੌਮ ਦਾ ਪਹਿਲਾ ਫਰਜ਼ ਉਨ੍ਹਾਂ ਦੀ ਰਿਹਾਈ ਲਈ ਸਿਰਤੋੜ ਯਤਨ ਕਰਨ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਬੰਦਖਲਾਸੀ ਕਰਵਾਏ ਬਿਨਾਂ ਕੌਮ ਨੂੰ ਚੈਨ ਨਾਲ ਨਹੀਂ ਬੈਠਣਾ ਚਾਹੀਦਾ। ਇਹ ਮਹਾਨ ਦਿਨ ਸਾਰੇ ਸੰਸਾਰ ਦੇ ਗੁਰਦੁਆਰਿਆਂ ਵਿਚ ਉਨ੍ਹਾਂ ਦੀ ਰਿਹਾਈ ਲਈ ਸਮੂਹਿਕ ਅਰਦਾਸ ਹੋਣੀ ਚਾਹੀਦੀ ਹੈ।

ਵਲੋਂ

**Singh Express Inc**

Phone: (510) 338-9035

7700 Edgewater Dr

Oakland, Suit 202

CA 94621



**ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901**

# ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਿੱਖ ਭਾਈਚਾਰੇ ਨੂੰ

ਗੁਰਿੰਦਰਜੀਤ ਸਿੰਘ ਮਾਨਾ
ਮਨਜੀਤ ਸਿੰਘ, ਗੁਰਮੇਲ ਸਿੰਘ ਢੇਸੀ
ਡਾ. ਰਣਜੀਤ ਸਿੰਘ ਅਤੇ ਕੁਲਵੰਤ ਸਿੰਘ
ਵਲੋਂ



## ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਦੀ ਰੌਸ਼ਨੀ ਵਿਚ ਰਾਜ ਕਰੇਗਾ ਖਾਲਸਾ, ਅਜ਼ਾਦੀ ਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਜੋ ਸਿੱਖ ਕੌਮ ਲਈ ਤਨ, ਮਨ ਤੇ ਧਨ ਨਾਲ ਆਪਣੀਆਂ ਜਿੰਦੜੀਆਂ ਖਤਰੇ ਵਿਚ ਪਾ ਕੇ ਕੌਮ ਦੀ ਸੇਵਾ ਕਰਨ ਵਾਲੇ ਸੂਰਮੇ ਜੇਲ੍ਹਾਂ ਵਿਚ ਸਜ਼ਾ ਪੂਰੀਆਂ ਕਰਨ ਤੋਂ ਬਾਦ ਵੀ ਸਮੇਂ ਦੀਆ ਹਕੂਮਤਾਂ ਨੇ ਡੱਕੇ ਹੋਏ ਹੋਣ ਤਾਂ ਕੌਮ ਦਾ ਪਹਿਲਾ ਫਰਜ਼ ਉਨ੍ਹਾਂ ਦੀ ਰਿਹਾਈ ਲਈ ਸਿਰਤੋੜ ਯਤਨ ਕਰਨਾ ਬਣਦਾ ਹੈ। ਉਨ੍ਹਾਂ ਦੀ ਬੰਦਖਲਾਸੀ ਕਰਵਾਏ ਬਿਨਾਂ ਕੌਮ ਚੈਨ ਨਾਲ ਨਹੀਂ ਬੈਠ ਸਕਦੀ। ਇਸ ਮਹਾਨ ਦਿਨ 'ਤੇ ਸਾਰੇ ਸੰਸਾਰ ਦੇ ਗੁਰਦੁਆਰਿਆਂ ਵਿਚ ਉਨ੍ਹਾਂ ਦੀ ਰਿਹਾਈ ਲਈ ਸਮੂਹਿਕ ਅਰਦਾਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

**ਬੇਨਤੀ ਕਰਤਾ : ਸਿੱਖ ਯੂਥ ਆਫ਼ ਅਮਰੀਕਾ**





ਗੁਰਪ੍ਰੀਤ ਸਿੰਘ ਘੁੱਗੀ
ਕਨਵੀਨਰ 'ਆਪ' ਪੰਜਾਬ

"ਏ ਖਾਕ-ਨਸ਼ੀਨੋ ਉੱਠ ਬੈਠੋ, ਅਬ ਵਕਤ ਹੈ ਆ ਪਹੁੰਚਾ,
ਜਬ ਤਾਜ ਉਛਾਲੇ ਜਾਏਂਗੇ, ਜਬ ਤਖਤ ਉਖਾੜੇ ਜਾਏਂਗੇ।"

# ਆਮ ਆਦਮੀ ਪਾਰਟੀ ਸ਼ਿਕਾਗੋ ਯੂਨਿਟ ਵਲੋਂ



ਅਰਵਿੰਦ ਕੇਜਰੀਵਾਲ
ਮੁੱਖ ਮੰਤਰੀ ਦਿੱਲੀ

## ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ
## ਰੌਸ਼ਨੀਆਂ ਦੇ ਤਿਓਹਾਰ ਦੀਵਾਲੀ ਦੀਆਂ

# ਲੱਖ ਲੱਖ ਵਧਾਈਆਂ

ਵਲੋਂ : ਅਜੀਤ ਸਿੰਘ, ਮੱਤ ਸਿੰਘ ਢਿਲੋਂ, ਲਖਵੀਰ ਸਿੰਘ ਸੰਧੂ, ਗੁਰਮੁਖ ਸਿੰਘ ਭੁੱਲਰ,
ਡਾ. ਗੁਰਿੰਦਰ ਸਿੰਘ ਸੰਧੂ, ਸਤਿੰਦਰ ਸਿੰਘ ਸੁਸਾਣਾ, ਡਾ. ਸੰਹਿਤਾ ਅਗਨੀਹੋਤਰੀ, ਮਨਮਿੰਦਰ ਭੱਠਲ,
ਗੁਰਚਰਨ ਸਿੰਘ ਝੱਜ, ਸੁਖਵਿੰਦਰ ਸਿੰਘ, ਸਵਰਨਜੀਤ ਸਿੰਘ, ਅਤੁਲ ਆਨੰਦ

**Phone : 847-529-9778, 630-957-8243**

# ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

**6 ਨਵੰਬਰ 2016 ਦਿਨ ਐਤਵਾਰ** ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਹੁਮ-ਹੁਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

## — : ਪ੍ਰੋਗਰਾਮ ਦਾ ਵੇਰਵਾ : —

### ਅਖੰਡ ਪਾਠ ਸਾਹਿਬ ਦੀ ਲੜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 17 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ 4 ਨਵੰਬਰ ਸ਼ੁੱਕਰਵਾਰ ਤੋਂ ਆਰੰਭ ਹੋ ਕੇ 6 ਨਵੰਬਰ ਦਿਨ ਐਤਵਾਰ ਨੂੰ ਸਵੇਰੇ 8.00 ਵਜੇ ਭੋਗ ਪੈਣਗੇ।

### ਵਿਸ਼ੇਸ਼ ਕਵੀ ਦਰਬਾਰ

21 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਿਸ਼ੇਸ਼ ਕਵੀ ਦਰਬਾਰ ਸ਼ਾਮ 6:30 ਵਜੇ ਤੋ ਰਾਤ 10:30 ਵਜੇ ਤੱਕ ਹੋਵੇਗਾ।

### ਬੱਚਿਆਂ ਦਾ ਕੀਰਤਨ ਦਰਬਾਰ

ਅਕਤੂਬਰ 29 ਦਿਨ ਸ਼ਨੀਵਾਰ ਨੂੰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10:00 ਵਜੇ ਤੱਕ ਹੋਵੇਗਾ।

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 30 ਦਿਨ ਐਤਵਾਰ ਨੂੰ ਸ਼ਾਮ 6.30 ਵਜੇ ਤੋਂ 10 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

### ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ

ਅਕਤੂਬਰ 31 ਦਿਨ ਸੋਮਵਾਰ ਨੂੰ ਰਾਤ 6.30 ਵਜੇ ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦੀਵਾਨ ਸਜਣਗੇ।

### ਆਤਿਸ਼ਬਾਜੀ

4 ਨਵੰਬਰ ਦਿਨ ਸ਼ੁੱਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜੀ ਹੋਵੇਗੀ।

### ਅਮ੍ਰਿਤ ਸੰਚਾਰ

5 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅਮ੍ਰਿਤ ਸੰਚਾਰ ਹੋਵੇਗਾ। ਅਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਜੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਕਰ ਸਕਦੀਆ ਹਨ।

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ 5 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9:00 ਵਜੇ ਹੋਵੇਗੀ।

### ਓਪਨ ਹਾਊਸ/ਸੈਮੀਨਾਰ

ਨਵੰਬਰ 5 ਦਿਨ ਸ਼ਨੀਵਾਰ ਨੂੰ ਓਪਨ ਹਾਊਸ/ਸੈਮੀਨਾਰ ਦਸਮੇਸ਼ ਹਾਲ ਵਿਚ 2 ਵਜੇ ਤੋਂ 6 ਵਜੇ ਤੱਕ ਹੋਵੇਗਾ।

### ਰੈਣ ਸਬਾਈ ਕੀਰਤਨ

5 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵੱਜੇ ਤੱਕ ਹੋਵੇਗਾ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

### ਰੋਜਾਨਾ ਕੀਰਤਨ ਦਰਬਾਰ

19 ਅਕਤੂਬਰ ਤੋਂ 6 ਨਵੰਬਰ ਤੱਕ ਹਰ ਰੋਜ਼ ਕੀਰਤਨ ਸਮਾਗਮ ਸ਼ਾਮ 5.00 ਤੋਂ ਲੈ ਕੇ ਰਾਤ 10 ਵਜੇ ਤੱਕ ਹੋਣਗੇ।

### ਭੋਗ ਅਤੇ ਕੀਰਤਨ ਸਮਾਗਮ

6 ਨਵੰਬਰ ਐਤਵਾਰ ਸਵੇਰੇ 8:00 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਕੀਰਤਨ ਸਮਾਗਮ ਹੋਣਗੇ।

### ਨਗਰ ਕੀਰਤਨ

6 ਨਵੰਬਰ ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 10:00 ਵਜੇ ਆਰੰਭ ਹੋ ਕੇ ਸ਼ਾਮ 4:00 ਵਜੇ ਗੁਰਦਵਾਰਾ ਸਾਹਿਬ ਪਹੁੰਚੇਗਾ, ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ।

### ਬੇਨਤੀ

ਸਮੁੱਚੇ ਨਗਰ ਕੀਰਤਨ ਵਿੱਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਸੰਗਤਾਂ ਇਸ ਮਹਾਨ ਕੁੰਭ ਵਿੱਚ ਹਿੱਸਾ ਪਾ ਸਕਦੀਆਂ ਹਨ।

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ** : (1) ਭਾਈ ਤਾਰਾ ਸਿੰਘ ਜੀ ਹਜੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ (2) ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ ਵਾਲੇ, (3) ਭਾਈ ਉਂਕਾਰ ਸਿੰਘ ਜੀ ਊਨਾ ਵਾਲੇ (4) ਭਾਈ ਗੁਰਨਿਮਿਤ ਸਿੰਘ ਜੀ ਰਾਜ ਰੰਗੀਲਾ (5) ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ (6) ਭਾਈ ਗੁਰਪ੍ਰੀਤ ਸਿੰਘ ਜੀ ਬਲੱੜਵਾਲ ਜਲੰਧਰ (7) ਭਾਈ ਦਲੀਪ ਸਿੰਘ ਜੀ ਹੀਰਾ (ਸਾਬਕਾ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), (8) ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ (9) ਗਿਆਨੀ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ।
ਇਸ ਤੋਂ ਇਲਾਵਾ ਸਿੱਖ ਪੰਥ ਦੇ ਉੱਚ ਕੋਟੀ ਦੇ ਰਾਗੀ ਜੱਥੇ, ਕਥਾਵਾਚਕ ਅਤੇ ਪ੍ਰਚਾਰਕ ਵੀ ਹਾਜਰੀ ਭਰਨਗੇ।


ਹੋਰ ਜਾਣਕਾਰੀ ਲਈ ਸੰਪਰਕ ਕਰੋ

| (ਹੈਡ ਗ੍ਰੰਥੀ) ਭਾਈ ਸਾਹਿਬ ਸਿੰਘ | ਸ: ਜਸਵੰਤ ਸਿੰਘ ਬੈਂਸ | ਸ: ਸਰਬਜੀਤ ਸਿੰਘ ਥਿਆੜਾ | ਸ: ਪਰਮਿੰਦਰ ਸਿੰਘ ਗਰੇਵਾਲ |
|---|---|---|---|
| 530-673-9918 | 530-701-3971 | 530-682-5861 | 530-682-5860 |


ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ।
ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।

# Gurdwara Sahib Stockton

## 1930 South Grand Street Stockton CA 95026




# ਸਰਬੱਤ ਖਾਲਸਾ 2016

ਖਾਲਸਾ ਪੰਥ ਨੂੰ ਆ ਰਹੀਆਂ ਚੁਣੌਤੀਆਂ ਅਤੇ ਕੌਮ ਦਾ ਭਵਿੱਖ ਤਹਿ ਕਰਨ ਲਈ ਵਿਧੀ ਵਿਧਾਨ ਨਾਲ ਹੋ ਰਿਹਾ ਸਰਬੱਤ ਖਾਲਸਾ-2016 ਪ੍ਰਤੀ ਗਦਰੀ ਬਾਬਿਆਂ ਦੇ ਮਹਾਨ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਵਿਖੇ ਇਸ ਮਹਾਨ ਕਾਰਜ ਪ੍ਰਤੀ ਵਿਚਾਰਾਂ ਕਰਨ ਲਈ

## ਗੁਰੂਘਰਾਂ ਦੀਆਂ ਸਮੂਹ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੂੰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ

## 29 ਅਕਤੂਬਰ 2:00 PM

**ਬੇਨਤੀ ਕਰਤਾ : ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ**

**ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**209-487-3699, 209-954-2881**



ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਸਮੇਂ ਸਮੇਂ 'ਤੇ ਧਰਮ ਹਿਤ ਜਾਨਾਂ, ਪਰਿਵਾਰ ਵਾਰਨ ਵਾਲੇ ਸਮੇਂ ਦੀ ਸਰਕਾਰਾਂ ਦੁਆਰਾ ਦਿੱਤੀਆਂ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਲੰਮੇ ਅਰਸੇ ਤੋਂ ਜੇਲ੍ਹਾਂ ਵਿਚ ਡੱਕੇ ਹੋਏ ਬਜ਼ੁਰਗਾਂ, ਮਾਤਾਵਾਂ, ਭੈਣਾਂ ਅਤੇ ਨੌਜਵਾਨਾਂ ਦੀ ਰਿਹਾਈ ਲਈ ਆਪਾਂ ਸਾਰੀ ਲੋਕਾਈ ਸੰਸਾਰ ਦੇ ਸਾਰੇ ਧਰਮ ਅਸਥਾਨਾਂ ਵਿਚ ਸਮੂਹਿਕ ਅਰਦਾਸ ਕਰੀਏ।

ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ

ਬੰਦੀ ਛੋੜ ਦਿਵਸ ਦੀਆਂ

ਲੱਖ ਲੱਖ ਵਧਾਈਆਂ

Please visit for: NEW CONSTRUCTION, HOME REMODLING, CUSTOM KITCHEN, SELL PRE MADE KITCHEN CABINET, FLOOR COVERING ALL TYPE.

PADAM BUILDERS INC.

3143 Arden Rd., HAYWARD, CA 94545



Bhupinder Singh Padam

Cell: 510.565.6667


## ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਦੋ ਸਮਾਗਮ, 12 ਤੇ 20 ਨਵੰਬਰ ਨੂੰ

### ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਸ. ਦਰਬਾਰਾ ਸਿੰਘ ਢਿੱਲੋਂ ਨੂੰ ਸ਼ਰਧਾਂਜਲੀਆਂ

**ਫਰਿਜ਼ਨੋ/ਬਿਊਰੋ ਨਿਊਜ਼ :** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਅਤੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਗ਼ਦਰ ਪਾਰਟੀ ਦੇ ਮਹਾਨ ਸਪੂਤ ਸ. ਕਰਤਤਾਰ ਸਿੰਘ ਸਰਾਭਾ ਦੇ 101ਵੇਂ ਸ਼ਹੀਦੀ ਦਿਵਸ 'ਤੇ ਦੋ ਸਮਾਗਮ ਕਰਵਾਏਗਾ। ਪਹਿਲਾ, 12 ਨਵੰਬਰ ਦਿਨ ਸ਼ਨੀਵਾਰ ਨੂੰ 5 ਵੁੱਡ ਸਟਰੀਟ ਸਾਨਫਰਾਂਸਿਸਕੋ ਵਿਖੇ ਗ਼ਦਰ ਮੈਮੋਰੀਅਲ ਹਾਲ ਵਿਚ ਕੀਤਾ ਜਾਵੇਗਾ। ਇਸ ਸਬੰਧੀ ਸਾਰੇ ਪ੍ਰਬੰਧ ਮਕੰਮਲ ਹੋ ਗਏ ਹਨ। ਇਹ ਸਮਾਗਮ ਗ਼ਦਰ ਫਾਊਂਡੇਸ਼ਨ ਆਫ ਕੈਲੀਫੋਰਨੀਆ, ਸੈਕਰਾਮੈਂਟੋ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ, ਬੇ ਏਰੀਆ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਦੂਜਾ ਜਨਤਕ ਸਮਾਗਮ ਫਰਿਜ਼ਨੋ ਵਿਚ 20 ਨਵੰਬਰ ਦਿਨ ਐਤਵਾਰ ਨੂੰ ਇੰਡੀਆ ਉਹਨ ਹਾਲ ਵਿਚ ਬਾਅਦ ਦੁਪਿਹਰ ਇਕ ਵਜੇ ਤੋਂ 5 ਵਜੇ ਤੱਕ ਹੋਵੇਗਾ। ਇਹ ਹਾਲ 3035 ਵੈਸਟ ਐਸਲਨ ਐਵਨਿਊ ਫਰਿਜ਼ਨੋ ਸਥਿਤ ਹੈ। ਇਨ੍ਹਾਂ ਦੋਨਾਂ ਸਮਾਗਮਾਂ ਵਿਚ ਬੱਚਿਆਂ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਥੇ ਚਾਹ ਪਾਣੀ ਦਾ ਵੀ ਪ੍ਰਬੰਧ ਹੋਵੇਗਾ। ਸਮੂਹ ਭਾਈਚਾਰੇ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਇਸ ਮੌਕੇ ਫੋਰਮ ਵਲੋਂ ਇਕ ਮਤੇ ਰਾਹੀਂ ਐਡਵੋਕੇਟ ਸ. ਦਰਬਾਰਾ ਸਿੰਘ ਢਿੱਲੋਂ ਦੇ ਅਚਾਨਕ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸ. ਦਰਬਾਰਾ ਸਿੰਘ ਢਿੱਲੋਂ ਪਿਛਲੇ ਕਈ ਸਾਲਾਂ ਤੋਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਦੀਆਂ ਸੇਵਾਵਾਂ ਨਿਭਾਅ ਰਹੇ ਸਨ। ਉਹ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬਣਨ ਤੋਂ ਲੈ ਕੇ ਹਮੇਸ਼ਾ ਇਸ ਨਾਲ ਜੁੜੇ ਰਹੇ ਅਤੇ ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਦੀ ਮੌਤ ਤੋਂ ਬਾਅਦ ਉਹ ਸਰਬ ਸੰਮਤੀ ਨਾਲ ਕਮੇਟੀ ਦੇ ਪ੍ਰਧਾਨ ਬਣੇ ਸਨ। ਉਨ੍ਹਾਂ ਦੀ ਸੁਚੱਜੀ ਅਗਵਾਈ ਵਿਚ ਯਾਦਗਾਰ ਕਮੇਟੀ ਨੇ ਮਹਾਨ ਦੇਸ਼ ਭਗਤਾਂ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਈ ਪੁਲਾਂਘਾਂ ਪੁਟੀਆਂ। ਫੋਰਮ ਨੇ ਉਨ੍ਹਾਂ ਦੀਆਂ ਲੋਕ ਸੇਵਾਵਾਂ ਪ੍ਰਤੀ ਸਿਰ ਝੁਕਾਉਂਦਿਆਂ ਉਨ੍ਹਾਂ ਦੀ ਮੌਤ 'ਤੇ ਸ਼ੋਕ ਦਾ ਇਜ਼ਹਾਰ ਕੀਤਾ। ਫੋਰਮ ਵਲੋਂ ਇਹ ਸ਼ੋਕ ਮਤਾ ਪਾਸ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੂੰ ਭੇਜਿਆ ਗਿਆ।

## ਗੁਰਦੁਆਰਾ ਨਾਨਕ ਸਦਨ ਵਿਖੇ 30 ਅਕਤੂਬਰ, ਦਿਨ ਐਤਵਾਰ ਨੂੰ ਮਨਾਇਆ ਜਾਵੇਗਾ ਬੰਦੀ ਛੋੜ ਦਿਵਸ

**ਲਾਸ ਏਂਜਲਸ/ਬਿਊਰੋ ਨਿਊਜ਼ :**
ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਮਰਪਿਤ ਬੰਦੀ ਛੋੜ ਦਿਵਸ ਗੁਰਦੁਆਰਾ ਨਾਨਕ ਸਦਨ ਨੌਰਡਆਫ਼ ਸਟਰੀਟ, ਕੈਲੀਫੋਰਨੀਆ ਵਿਖੇ 30 ਅਕਤੂਬਰ ਦਿਨ ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਗੁਰਦੁਆਰਾ ਨਾਨਕ ਸਦਨ ਦੇ ਪ੍ਰਧਾਨ ਸ. ਮੌਖਸਿੰਦਰ ਸਿੰਘ ਅਤੇ ਸਕੱਤਰ ਸ. ਰਜਿੰਦਰ ਸ਼ਾਹ ਸਿੰਘ ਨੇ ਕੀਤਾ। ਉਨਾਂ ਦੱਸਿਆ ਕਿ ਇਹ ਦਿਨ ਸਿੱਖ ਧਰਮ ਵਿਚ ਅਹਿਮ ਸਥਾਨ ਰੱਖਦਾ ਹੈ ਕਿਉਂਕਿ ਇਸ ਦਿਨ ਗੁਰੂ ਹਰਗੋਬਿੰਦ ਸਾਹਿਬ ਜੀ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲੇ 'ਚੋਂ ਰਿਹਾ ਹੋ ਕੇ ਆਏ ਸਨ। ਇਸੇ ਖ਼ੁਸ਼ੀ ਵਿਚ ਸੰਗਤਾਂ ਵਲੋਂ ਦੀਪਮਾਲਾ ਕਰਕੇ ਉਨਾਂ ਦਾ ਸਵਾਗਤ ਕੀਤਾ ਗਿਆ ਸੀ। ਇਸੇ ਪਰੰਪਰਾ ਨੂੰ ਜਾਰੀ ਰੱਖਦਿਆਂ 30 ਅਕਤੂਬਰ ਨੂੰ ਸਾਰਾ ਦਿਨ ਖ਼ਾਸ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸਵੇਰੇ 10 : 00 ਵਜੇ ਤੋਂ ਕੀਰਤਨ ਦੀ ਸ਼ੁਰੂਆਤ ਨਾਨਕ ਸਦਨ ਗੁਰਮਤਿ ਅਕੈਡਮੀ ਦੇ ਵਿਦਿਆਰਥੀਆਂ ਵਲੋਂ ਕੀਤੀ ਜਾਵੇਗੀ। ਇਸ ਮਗਰੋਂ 10 :00 ਤੋਂ 11 : 30 ਵਜੇ ਤਕ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ਇਸ ਤੋਂ ਬਾਅਦ ਕਥਾ ਅਤੇ ਕੀਰਤਨ ਦੇ ਦੀਵਾਨ ਲਗਭਗ 1 : 30 ਵਜੇ ਤੱਕ ਜਾਰੀ ਰਹਿਣਗੇ, ਜਿਸ ਵਿਚ ਡਾ. ਕੁਲਦੀਪ ਸਿੰਘ ਜੀ ਕਥਾ ਅਤੇ ਭਾਈ ਗਗਨਦੀਪ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਬਾਅਦ ਸ਼ਾਮ ਨੂੰ ਵਿਸ਼ੇਸ਼ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਣਗੇ ਜੋ ਰਾਤ 9 : 00 ਵਜੇ ਤੱਕ ਜਾਰੀ ਰਹਿਣਗੇ। ਇਨਾਂ ਸਮਾਗਮਾਂ ਵਿਚ ਨਿਸ਼ਾਨ ਸਾਹਿਬ ਦੀ ਸੇਵਾ ਹੈਪੀ ਵੀਰ ਜੀ ਵਲੋਂ ਕੀਤੀ ਜਾ ਰਹੀ ਹੈ। ਦੁਪਹਿਰ ਦੇ ਲੰਗਰਾਂ ਦੀ ਸੇਵਾ ਸ. ਕਮਲਜੀਤ ਸਿੰਘ ਜੀ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਸ. ਗਗਨਦੀਪ ਸਿੰਘ ਤੇ ਸਮੂਹ ਪਰਿਵਾਰ ਵਲੋਂ ਕੀਤੀ ਜਾ ਰਹੀ ਹੈ। ਇਨਾਂ ਸਾਰੇ ਪ੍ਰੋਗਰਾਮਾਂ ਵਿਚ 'ਸਿੱਖ ਆਰਗੇਨਾਈਜੇਸ਼ਨ' ਦੇ ਸਮੂਹ ਮੈਂਬਰਾਂ ਵਲੋਂ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ।

## ਪਾਕਿਸਤਾਨ 'ਚ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨ ਵਾਲੇ ਸ਼ਾਹਿਦ ਸਾਬੀਰ ਦਾ ਸਨਮਾਨ

**ਸਿਆਟਲ/ਬਿਊਰੋ ਨਿਊਜ਼ :**
ਪਾਕਿਸਤਾਨ ਵਿਚ ਸਿੱਖ ਕੌਮ ਦੀ ਵਿਰਾਸਤ ਸੰਭਾਲ ਰਹੇ ਅਤੇ ਗੁਰਦੁਆਰੇ, ਸਕੂਲ, ਕਿਲੇ ਤੇ ਸ਼ਾਨਦਾਰ ਇਮਾਰਤਾਂ ਦੀਆਂ ਪੁਰਾਤਣ ਤੇ ਮੌਜੂਦਾ ਹਾਲਾਤ ਦੀਆਂ ਤਸਵੀਰਾਂ, ਵੀਡੀਓ ਤੇ ਲਿਖਤਾਂ ਲੈ ਕੇ ਇੱਥੇ ਪੁੱਜੇ ਸ਼ਾਹਿਦ ਸਾਬੀਰ ਦਾ ਵੱਖ ਵੱਖ ਥਾਵਾਂ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਗੁਰਦੁਆਰੇ ਤੋਂ ਲੈ ਕੇ ਜੋਤੀ-ਜੋਤ ਸਮਾਉਣ ਵਾਲੇ ਅਸਥਾਨ ਕਰਤਾਰਪੁਰ ਸਾਹਿਬ ਦੀਆਂ ਤਸਵੀਰਾਂ, ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਸਮੇਂ ਉਸਾਰੇ ਗਏ ਧਾਰਮਿਕ ਅਸਥਾਨ, ਵਿਦਿਆ ਕੇਂਦਰ ਤੇ ਸੁੰਦਰ ਇਮਾਰਤਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਅਤੇ ਮੌਜੂਦਾ ਸਥਿਤੀ ਬਾਰੇ ਜਾਣੂ ਕਰਵਾਇਆ ਗਿਆ। ਸ਼ਾਹਿਦ ਸਾਬੀਰ ਨੇ ਦੱਸਿਆ ਕਿ ਮੌਜੂਦਾ ਸਮੇਂ ਗੁਰਦੁਆਰਿਆਂ ਦੀ ਤਰਸਯੋਗ ਹਾਲਤ ਤੇ ਸੰਗਤਾਂ ਦੀ ਕਮੀ ਹੋਣ ਕਾਰਨ ਮਸਜਿਦ ਤੇ ਸਕੂਲ ਬਣਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਟਿੱਲਾ ਬਾਬਾ ਜੋਗੀਆਂ, ਟਿੱਲਾ ਬਾਬਾ ਬਾਲ ਗੁਦਾਈ, ਟਿੱਲਾ ਜੋਗੀਆਂ, ਗੁਰਦੁਆਰਾ ਨਿੰਰਕਾਰੀ ਬਾਜ਼ਾਰ ਰਾਵਲਪਿੰਡੀ, ਗੁਰਦੁਆਰਾ ਦਮਦਮਾ ਸਾਹਿਬ ਰਾਵਲਪਿੰਡੀ, ਖ਼ਾਲਸਾ ਹਾਈ ਸਕੂਲ ਸੁਖੋ ਸਿਟੀ, ਸਮਾਧੀ ਮੋਹਣ ਦਾਸ ਪਿੰਡ ਕਰਨਾਲੀ, ਅਬਦੁੱਲ ਛੋਟਾ ਗੁਰਦੁਆਰਾ ਸਾਹਿਬ ਉਮਸਾਨ ਖੱਟਰ, ਸਿੱਖ ਹਾਊਸ ਤੇ ਸੌਪੋ ਉਸਮਾਨ ਖੱਟਰ ਟੈਕਸਲਾ, ਪੋਰਟ ਆਫ਼ ਜਨਰਲ ਹਰੀ ਸਿੰਘ ਨਲੂਆ, ਹਰੀਪੁਰ,




ਪਾਕਿਸਤਾਨ 'ਚ ਸੇਵਾ ਕਮਾਉਣ ਵਾਲੇ ਸ਼ਾਹਿਦ ਸਾਬੀਰ ਨੂੰ ਸਿਰਪਾਓ ਦੇ ਕੇ ਨਿਵਾਜਦੇ ਹੋਏ ਕਮੇਟੀ ਮੈਂਬਰ।

ਬਾਕੀ ਸਫ਼ਾ 40 'ਤੇ

# ਕਿਤੇ ਅਮਰੀਕਾ ਵਾਲਾ ਟਰੰਪ, ਦਿੱਲੀ ਵਾਲਾ ਮੰਕੀ ਮੈਨ ਤਾਂ ਨਹੀਂ !



**ਦੁਨੀਆ ਟਰੰਪ ਤੋਂ ਇਸ ਤਰ੍ਹਾਂ ਦਹਿਸ਼ਤਜ਼ਦਾ ਹੈ ਜਿਵੇਂ ਲੈਬ ਦੇ ਕਿਸੇ ਸੁਪਰ ਰੋਬੋਟ ਵਿਚ ਇਨਸਾਨੀ ਜਾਨ ਆ ਗਈ ਹੋਵੇ। ਉਹ ਅਚਾਨਕ ਸੇਬ ਖਾਣ ਲੱਗਾ ਹੋਵੇ ਤੇ ਤੰਦੂਰੀ ਚਿਕਨ ਮੰਗਣ ਲੱਗਾ ਹੋਵੇ। ਟਰੰਪ ਅੱਜ ਦੀ ਸਿਆਸਤ ਦੀ ਹਕੀਕਤ ਹੈ। ਸਿਆਸਤ ਕੋਲ ਟਰੰਪ ਤੋਂ ਇਲਾਵਾ ਤੁਹਾਨੂੰ ਦੇਣ ਲਈ ਕੁਝ ਵੀ ਨਹੀਂ ਹੈ। ਜੋ ਟਰੰਪ ਨਹੀਂ ਹੈ, ਉਹ ਟਰੰਪ ਨਾਲੋਂ ਵੀ ਜ਼ਿਆਦਾ ਸ਼ਾਤਰ ਹੈ। ਉਨ੍ਹਾਂ ਦੇ ਗੁਨਾਹਾਂ 'ਤੇ ਪਰਦਾ ਟਰੰਪ ਕਾਰਨ ਪੈ ਜਾਂਦਾ ਹੈ, ਕਿਉਂਕਿ ਦੁਨੀਆ ਉਸ ਲੈਬ ਵਿਗਿਆਨੀ ਵਾਂਗ ਅਰਬਾਂ ਖ਼ੂਨ ਦੇ ਸੈਂਪਲਾਂ ਨੂੰ ਟਰੰਪ ਦੇ ਖ਼ੂਨ ਦੇ ਨਮੂਨੇ ਨਾਲ ਮਿਲਾਉਣ ਵਿਚ ਰੁਝੀ ਹੈ। ਜੋ ਟਰੰਪ ਨਹੀਂ ਹੈ ਉਹ ਟਰੰਪ ਦਾ ਲਾਭ ਲੈ ਕੇ ਟਰੰਪ ਦੀ ਥਾਂ 'ਤੇ ਪਹੁੰਚ ਰਿਹਾ ਹੈ। ਦਰਅਸਲ ਉਹ ਵੀ ਟਰੰਪ ਹੀ ਹੈ। ਹਰ ਦਲ ਵਿਚ ਟਰੰਪ ਹੈ। ਹਰ ਦਿਲ ਵਿਚ ਟਰੰਪ ਹੈ।**

**ਰਵੀਸ਼ ਕੁਮਾਰ**

ਇਸ ਵਕਤ ਪੂਰੀ ਦੁਨੀਆ ਵਿਚ ਤਲਾਸ਼ੀ ਚੱਲ ਰਹੀ ਹੈ। ਆਧੁਨਿਕ ਅਖ਼ਬਾਰੀ ਪਤਾ ਲਾ ਰਹੇ ਹਨ ਕਿ ਕਿਤੇ ਉਨ੍ਹਾਂ ਦੇ ਮੁਲਕ ਵਿਚ



ਟਰੰਪ ਦਾ ਵਾਇਰਸ ਤਾਂ ਨਹੀਂ ਆਇਆ। ਟਰੰਪ ਉਸ ਏਲੀਅਨ ਵਾਂਗ ਦੇਖਿਆ ਜਾ ਰਿਹਾ ਹੈ ਜੋ ਕਿਸੇ ਸਾਈ-ਫਾਈ ਫ਼ਿਲਮਾਂ ਦੀਆਂ ਡਾਰਕ ਰਾਤਾਂ ਵਿਚ ਗਰੇ ਕਿਰਨਾਂ ਮਗਰੋਂ ਧਰਤੀ ਦੇ ਕਰੀਬ ਆ ਜਾਂਦਾ ਹੈ। ਟਰੰਪ ਦੇਖਦੇ ਹੀ ਸਟਾਰ ਵਾਰ ਦੇ ਵਾਰ ਰੂਮ ਵਿਚ ਹਲਚਲ ਮੱਚ ਜਾਂਦੀ ਹੈ। ਇਕ ਵਿਗਿਆਨੀ ਹੁੰਦਾ ਹੈ ਜੋ ਨਾਸਾ ਦੀ ਨੌਕਰੀ ਛੱਡ ਟੀ.ਵੀ. ਸਟੂਡੀਓ ਦੇ ਵਾਰ ਰੂਮ ਵਿਚ ਕੰਮ ਕਰਨ ਆਇਆ ਹੁੰਦਾ ਹੈ। ਉਸ ਨੇ ਪਰਖ ਨਲੀਆਂ ਵਿਚ ਬਹੁਤਿਆਂ ਦੇ ਖ਼ੂਨ ਦਾ ਸੰਗ੍ਰਹਿ ਕੀਤਾ ਹੋਇਆ ਹੈ। ਦੁਨੀਆ ਦੇ ਹਰ ਨੇਤਾ ਦੇ ਖ਼ੂਨ ਦਾ ਸੈਂਪਲ ਹੈ ਉਸ ਕੋਲ। ਉਹ ਤੁਰੰਤ ਅਧਿਐਨ ਕਰਨ ਲੱਗਦਾ ਹੈ ਕਿ ਕਿਤੇ ਇਸ ਰਕਤਬੀਜ਼ ਨਾਲ ਹੀ ਟਰੰਪ ਤਾਂ ਪੈਦਾ ਨਹੀਂ ਹੁੰਦੇ ਹਨ। ਇਹ ਜੋ ਟਰੰਪ ਹੈ ਉਸ ਦੇ ਖ਼ੂਨ ਦਾ ਸੈਂਪਲ ਦੁਨੀਆ ਭਰ ਦੇ ਕਿਸ ਕਿਸ ਨੇਤਾ ਨਾਲ ਮਿਲਦਾ ਹੈ। ਨੇਤਾਵਾਂ ਨੂੰ ਆਪਣੇ ਖ਼ੂਨ ਦਾ ਨਮੂਨਾ ਦੇਣ ਤੋਂ ਡਰ ਲਗ ਰਿਹਾ ਹੈ। ਨਿਤ ਦਿਨ ਅਖ਼ਬਾਰਾਂ ਵਿਚ ਛਪ ਰਿਹਾ ਹੈ ਕਿ ਉਨ੍ਹਾਂ ਦੇ ਇਥੇ ਟਰੰਪ ਹੋ ਚੁੱਕੇ ਹਨ। ਇਟਲੀ ਵਿਚ ਵੀਹ ਸਾਲ ਪਹਿਲਾਂ ਟਰੰਪ ਹੋ ਚੁੱਕਾ ਸੀ,ਿ ਜਸ ਦਾ ਨਾਂ ਬਰਲੁਸਕੋਨੀ ਸੀ। ਉਸ ਮਗਰੋਂ ਜੋ ਵੀ ਪਾਰਟੀ ਹੈ, ਉਹ ਬਰਲੁਸਕੋਨੀ ਦਾ ਹੀ ਅੰਕ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਕ ਵਾਰ ਜਿੱਥੇ ਟਰੰਪ ਹੋ ਗਿਆ, ਉਥੇ ਅੱਗੇ ਟਰੰਪ ਦੀ ਹੀ ਸਪਲਾਈ ਹੁੰਦੀ ਰਹੇਗੀ। ਬਰਤਾਨੀਆ ਵਾਲਿਆਂ ਨੇ ਵੀ ਲੀਵ ਕੈਂਪੇਨ ਚਲਾਉਣ ਵਾਲੇ ਨਾਈਜ਼ਲ ਫਰਾਜ਼ ਨੂੰ ਟਰੰਪ ਦੇ ਰੂਪ ਵਿਚ ਦੇਖਣਾ ਸ਼ੁਰੂ ਕਰ ਦਿੱਤਾ ਹੈ। ਨਾਈਜ਼ਲ ਫਰਾਜ਼ ਤਾਂ ਟਰੰਪ ਤੋਂ ਪਹਿਲਾਂ ਹੋਇਆ ਪਰ ਟਰੰਪ ਦਾ ਅਸਰ ਏਨਾ ਹੈ ਕਿ ਪਿਛਲੀ ਤਰੀਕ ਵਿਚ ਜੋ ਨੇਤਾ ਹੋਏ ਹਨ, ਉਹ ਵੀ ਟਰੰਪ ਜੀਨ ਨਾਲ ਪਛਾਣੇ ਜਾ ਰਹੇ ਹਨ। ਕੋਈ ਲਿਖ ਰਿਹਾ ਹੈ ਕਿ ਫਰਾਂਸ ਵਿਚ 2002 ਵਿਚ ਹੀ ਟਰੰਪ ਦੇਖਿਆ ਗਿਆ ਸੀ। ਧਾਰਮਿਕ, ਨਸਲਵਾਦੀ ਇਕ ਨੇਤਾ ਜ਼ਾ ਮੈਰੀ ਲੇ ਪੇ ਵੀ ਰਾਸ਼ਟਰਪਤੀ ਸ਼ਿਰਾਕ ਅੱਗੇ ਪਹਿਲੇ ਦੌਰ ਦੇ ਫਾਈਨਲ ਵਿਚ ਪਹੁੰਚ ਗਿਆ ਸੀ। ਪੂਰੀ ਦੁਨੀਆ ਇਸ ਵਕਤ ਅਲਰਟ 'ਤੇ ਲੱਗ ਰਹੀ ਹੈ। ਕੋਈ ਕਿਸੇ ਵਿਚ ਟਰੰਪ ਦੇਖ ਰਿਹਾ ਹੈ। ਟਰੰਪ ਇਕ ਭੂਤ ਹੈ ਜੋ ਲਗਦਾ ਹੈ ਕਿ ਪਿਛੇ ਪਿਛੇ ਆ ਰਿਹਾ ਹੈ ਪਰ ਮੁੜ ਕੇ ਦੇਖਣ 'ਤੇ ਗਾਇਬ ਹੋ ਜਾਂਦਾ ਹੈ, ਸਿਰਫ਼ ਗਾਣਾ ਸੁਣਾਈ ਦਿੰਦਾ ਹੈ-ਕਹੀਂ ਦੀਪ ਜਲੇ ਕਹੀਂ ਦਿਲ...ਕਹੀਂ ਹਿਲੇਰੀ ਜਲੇ ਕਹੀਂ ਟਰੰਪ।

ਭਾਰਤ ਵਿਚ ਵੀ ਹਰ ਨੇਤਾ ਨੂੰ ਘੂਰ ਰਹੇ ਹਨ, ਕਿਤੇ ਇਹ ਟਰੰਪ ਤਾਂ ਨਹੀਂ ਹਨ, ਕਿਤੇ ਇਹੀ ਤਾਂ ਟਰੰਪ ਨਹੀਂ ਹੈ ਪਰ ਕਿਵੇਂ ਬੋਲਣ। ਰੋਜ਼ ਹੀ ਟਰੰਪ ਟਾਈਪ ਬਿਆਨਾਂ 'ਤੇ ਚੈਨਲਾਂ ਦੀਆਂ ਰਾਤਾਂ ਰੰਗੀਨ ਹੋ ਜਾਂਦੀਆਂ ਹਨ। ਕੀ ਉਹ ਨੇਤਾ ਟਰੰਪ ਹੋ ਸਕਦਾ ਹੈ ਜਿਸ ਨੇ ਕਿਹਾ ਸੀ ਕਿ ਜੇ.ਐਨ.ਯੂ. ਵਿਚ ਹਰ ਰੋਜ਼ ਹਜ਼ਾਰਾਂ ਸ਼ਰਾਬ ਦੀਆਂ ਬੋਤਲਾਂ ਅਤੇ ਕੰਡੋਮ ਬਿਖਰੇ ਮਿਲਦੇ ਹਨ। ਬਲਕਿ ਉਸ ਨੇ ਗਿਣ ਵੀ ਲਿਆ ਸੀ ਕਿ ਇਸਤੇਮਾਲ ਕੀਤੇ ਗਏ ਕੰਡੋਮ ਦੀ ਸੰਖਿਆ 3000 ਹੈ। ਕਦੋਂ ਗਿਣ ਲਿਆ, ਕਿਵੇਂ ਗਿਣ ਲਿਆ ਪਤਾ ਨਹੀਂ ਪਰ ਪੂਰੀ ਦੁਨੀਆ ਵਿਚ ਇਸਤੇਮਾਲ ਕਰ ਸੁੱਟੇ ਗਏ ਕੰਡੋਮ ਦਾ ਹਿ ਪਹਿਲਾ ਕੌਮੀ ਸਰਵੇਖਣ ਹੋਵੇਗਾ, ਜਿਸ ਨੂੰ ਇਕ ਯੂਨੀਵਰਸਿਟੀ ਪੱਧਰ 'ਤੇ ਅੰਜਾਮ ਦਿੱਤਾ ਗਿਆ ਸੀ। ਸਾਡੇ ਇਥੇ ਦਾ ਇਹ ਨੇਤਾ ਟਰੰਪ ਦਾ ਜ਼ਿਲ੍ਹਾ ਐਡੀਸ਼ਨ ਹੋ ਸਕਦਾ ਹੈ। ਇਕ ਵੈੱਬਸਾਈਟ ਨੇ ਜਦੋਂ ਇਕ ਨੇਤਾ ਦੇ ਭਾਸ਼ਣਾਂ ਨਾਲ ਇਤਿਹਾਸ ਬਾਰੇ 11 ਗ਼ਲਤੀਆਂ ਲੱਭੀਆਂ ਤਾਂ ਲੋਕਾਂ ਨੂੰ ਸ਼ੱਕ ਹੋਣ ਲੱਗਾ ਕਿ ਕਿਤੇ ਇਹ ਤਾਂ ਟਰੰਪ ਨਹੀਂ। ਇਕ ਨੇਤਾ ਤਾਂ ਅਜਿਹਾ ਹੈ, ਜਿਸ ਨੂੰ ਦੇਖਦਿਆਂ ਹੀ ਲੋਕ ਸ਼ੱਕ ਕਰਨ ਲੱਗਦੇ ਹਨ ਕਿ ਇਹ ਭਾਰਤ ਦਾ ਟਰੰਪ ਹੈ। ਇਹ ਹੋ ਚੁੱਕਾ ਹੈ ਤੇ ਇਹ ਹੋਣ ਵਾਲਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਲੋਕ ਫੁੱਲ ਦੀਆਂ ਪੱਤੀਆਂ ਤੋੜਦੇ ਹੋਏ ਕਰਨ ਲੱਗੇ ਹਨ।

ਟਰੰਪ ਪੁਰਾਣੀਆਂ ਘਟਨਾਵਾਂ ਅਤੇ ਨੇਤਾਵਾਂ ਦਾ ਨਵਾਂ ਨਾਮ ਹੈ। ਮਤਲਬ ਸੇਮ ਟੂ ਸੇਮ ਕੰਪਨੀ ਨੇ ਸੇਮ ਟੂ ਸੇਮ ਬਰਾਂਡ ਦਾ ਨਵਾਂ ਮਾਡਲ ਲਾਂਚ ਕੀਤਾ ਹੈ। ਭਾਰਤ ਵਿਚ ਕਿਸ ਨੇ ਕਿਹਾ ਸੀ ਕਿ ਹਿੰਦੂਆਂ ਨੂੰ ਖ਼ੂਬ ਬੱਚੇ ਪੈਦਾ ਕਰਨੇ ਚਾਹੀਦੇ ਹਨ। ਕਿਸ ਨੇ ਕਿਹਾ ਸੀ ਕਿ ਗ਼ਰੀਬੀ ਮਾਨਸਿਕ ਅਵਸਥਾ ਹੈ। ਕਿਸ ਨੇ ਕਿਹਾ ਸੀ ਕਿ ਡੈਮ ਨੂੰ ਪੇਸ਼ਾਬ ਨਾਲ ਭਰ ਦਈਏ ਕੀ? ਕਿਸ ਨੇ ਕਿਹਾ ਸੀ ਕਿ ਪਿੰਡ ਦੀਆਂ ਔਰਤਾਂ ਅੱਗੇ ਨਹੀਂ ਵੱਧ ਸਕਦੀਆਂ ਕਿਉਂਕਿ ਉਹ ਆਕਰਸ਼ਕ ਨਹੀਂ ਹੁੰਦੀਆਂ। ਕਿਸ ਨੇ ਕਿਹਾ ਸੀ ਕਿ ਇਸ ਤਰ੍ਹਾਂ ਦੇ ਬਲਾਤਕਾਰ ਨਹੀਂ ਹੋਣੇ ਚਾਹੀਦੇ, ਓ ਨੋ, ਤਾਂ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ। ਕਿਸ ਨੇ ਕਿਹਾ ਸੀ ਕਿ ਬਿਜਲੀ ਨਹੀਂ ਹੁੰਦਾ ਤਾਂ ਕੋਈ ਕੰਮ ਨਹੀਂ ਹੁੰਦਾ, ਇਸ ਲਈ ਬੱਚੇ ਪੈਦਾ ਕਰਦੇ ਹਨ। ਕਿਸ ਨੇ ਕਿਹਾ ਸੀ ਕਿ ਲਿਪਸਟਿਕ ਅਤੇ ਪਾਉਡਰ ਲਾਉਣ ਵਾਲੀਆਂ ਔਰਤਾਂ ਜੰਮੂ-ਕਸ਼ਮੀਰ ਦੇ ਅੱਤਵਾਦੀਆਂ ਵਰਗੀਆਂ ਹਨ। ਕਿਸ ਨੇ ਕਿਹਾ ਸੀ ਕਿ ਕਿੰਨੇ ਕਰੋੜ ਦੀ ਪ੍ਰੇਮਿਕਾ ਹੁੰਦੀ ਹੈ, ਕਿਸ ਨੇ ਕਿਹਾ ਸੀ ਕਿ ਬਲਾਤਕਾਰ ਭਾਰਤ ਵਿਚ ਨਹੀਂ ਹੁੰਦੇ, ਇੰਡੀਆ ਵਿਚ ਹੁੰਦੇ ਹਨ। ਕਿਸ ਨੇ ਕਿਹਾ ਸੀ ਕਿ ਮੁੰਡੇ ਹਨ, ਗ਼ਲਤੀਆਂ ਹੋ ਜਾਂਦੀਆਂ ਹਨ। ਕੀ ਭਾਰਤ ਵਿਚ ਟਰੰਪ ਹਾਦਸਾ ਹੁੰਦਾ ਹੁੰਦਾ ਰਹਿ ਗਿਆ ਜਾਂ ਭਾਰਤ ਵਿਚ ਏਨੇ ਟਰੰਪ ਪੈਦਾ ਹੋ ਚੁੱਕੇ ਹਨ ਕਿ ਕਿਸੇ ਨੂੰ ਹੈਰਾਨੀ ਵੀ ਨਹੀਂ ਹੁੰਦੀ। ਭਾਰਤ ਨੂੰ ਡਰਨ ਦੀ ਲੋੜ ਨਹੀਂ ਹੈ। ਭਾਰਤੀ ਸਿਆਸਤ ਨੇ ਇਕ ਤੋਂ ਇਕ ਟਰੰਪ ਦੇਖੇ ਹਨ। ਇਹ ਸਾਰੇ ਟਰੰਪ ਆਪਣੇ ਆਪਣੇ ਦਲਾਂ ਦੇ ਟਰੰਪ ਕਾਰਡ ਹਨ। ਹੁਣ ਇਨ੍ਹਾਂ ਨੂੰ ਪਿਛਲੀ ਤਰੀਕ ਵਿਚ ਟਰੰਪ ਕਹਿਣ ਨਾਲ ਟਰੰਪ ਨੂੰ ਬੁਰਾ ਲੱਗ ਸਕਦਾ ਹੈ। ਪਰ ਆਉਣ ਵਾਲੇ ਸਮੇਂ ਵਿਚ ਕੋਈ ਟਰੰਪ ਨਹੀਂ ਕਹਾਏਗਾ, ਮੈਂ ਇਸ ਦੀ ਗਾਰੰਟੀ ਨਹੀਂ ਦੇ ਸਕਦਾ। ਟਰੰਪ ਇਕ ਸਿਆਸੀ ਹਾਦਸੇ ਵਾਂਗ ਦੇਖਿਆ ਜਾ ਰਿਹਾ ਹੈ। ਭਾਰਤ ਵਿਚ ਇਹ ਹਾਦਸਾ ਰੋਜ਼ ਹੁੰਦਾ ਹੈ, ਇਸ ਲਈ ਟਰੰਪ ਤੋਂ ਡਰਨ ਦੀ ਲੋੜ ਨਹੀਂ ਹੈ। ਭਾਰਤੀ ਵੋਟਰ ਵੀ ਟਰੰਪ ਹੀ ਪਸੰਦ ਕਰਨ ਲੱਗੇ ਹਨ। ਉਸ ਨੇ ਰਾਸ਼ਟਰੀ ਤੋਂ ਲੈ ਕੇ ਬਲਾਕ ਪੱਧਰ 'ਤੇ ਇਕ ਤੋਂ ਇਕ ਟਰੰਪ ਚੁਣੇ ਹਨ। ਟਰੰਪ ਨਾ ਹੋਣ ਤਾਂ ਸਿਆਸਤ ਦਾ ਟਰੰਕ ਕਿਵੇਂ ਭਰੇਗਾ। ਟਰੰਪ ਨੇ ਜਦੋਂ ਤੋਂ ਇਹ ਕਿਹਾ ਹੈ ਕਿ ਆਈ ਲਵ ਹਿੰਦੂਵਾਦ, ਉਦੋਂ ਤੋਂ ਮੈਂ ਚੁੱਪ ਹਾਂ। ਮੈਂ ਖ਼ੁਦ ਨੂੰ ਸ਼ੱਕ ਨਾਲ ਕਿਵੇਂ ਦੇਖ ਸਕਦਾ ਹਾਂ।

ਦੁਨੀਆ ਟਰੰਪ ਤੋਂ ਇਸ ਤਰ੍ਹਾਂ ਦਹਿਸ਼ਤਜ਼ਦਾ ਹੈ ਜਿਵੇਂ ਲੈਬ ਦੇ ਕਿਸੇ ਸੁਪਰ ਰੋਬੋਟ ਵਿਚ ਇਨਸਾਨੀ ਜਾਨ ਆ ਗਈ ਹੋਵੇ। ਉਹ ਅਚਾਨਕ ਸੇਬ ਖਾਣ ਲੱਗਾ ਹੋਵੇ ਤੇ ਤੰਦੂਰੀ ਚਿਕਨ ਮੰਗਣ ਲੱਗਾ ਹੋਵੇ। ਟਰੰਪ ਅੱਜ ਦੀ ਸਿਆਸਤ ਦੀ ਹਕੀਕਤ ਹੈ। ਸਿਆਸਤ ਕੋਲ ਟਰੰਪ ਤੋਂ ਇਲਾਵਾ ਤੁਹਾਨੂੰ ਦੇਣ ਲਈ ਕੁਝ ਵੀ ਨਹੀਂ ਹੈ। ਜੋ ਟਰੰਪ ਨਹੀਂ ਹੈ, ਉਹ ਟਰੰਪ ਨਾਲੋਂ ਵੀ ਜ਼ਿਆਦਾ ਸ਼ਾਤਰ ਹੈ। ਉਨ੍ਹਾਂ ਦੇ ਗੁਨਾਹਾਂ 'ਤੇ ਪਰਦਾ ਟਰੰਪ ਕਾਰਨ ਪੈ ਜਾਂਦਾ ਹੈ, ਕਿਉਂਕਿ ਦੁਨੀਆ ਉਸ ਲੈਬ ਵਿਗਿਆਨੀ ਵਾਂਗ ਅਰਬਾਂ ਖ਼ੂਨ ਦੇ ਸੈਂਪਲਾਂ ਨੂੰ ਟਰੰਪ ਦੇ ਖ਼ੂਨ ਦੇ ਨਮੂਨੇ ਨਾਲ ਮਿਲਾਉਣ ਵਿਚ ਰੁਝੀ ਹੈ। ਜੋ ਟਰੰਪ ਨਹੀਂ ਹੈ ਉਹ ਟਰੰਪ ਦਾ ਲਾਭ ਲੈ ਕੇ ਟਰੰਪ ਦੀ ਥਾਂ 'ਤੇ ਪਹੁੰਚ ਰਿਹਾ ਹੈ। ਦਰਅਸਲ ਉਹ ਵੀ ਟਰੰਪ ਹੀ ਹੈ। ਹਰ ਦਲ ਵਿਚ ਟਰੰਪ ਹੈ। ਹਰ ਦਿਲ ਵਿਚ ਟਰੰਪ ਹੈ।

ਅਮਰੀਕਾ ਵਿਚ ਟਰੰਪ ਨਹੀਂ ਹਾਰੇਗਾ। ਚੋਣ ਹਾਰ ਵੀ ਜਾਵੇ ਪਰ ਟਰੰਪ ਅਣਜੰਮੇ ਦੁਸ਼ਮਣ ਹੁੰਦੇ ਹਨ। ਅਮੀਬਾ ਹੁੰਦੇ ਹਨ। ਹਾਈਡਰਾ ਹੁੰਦੇ ਹਨ। ਇਹ ਫਿਰ ਤੋਂ ਪੈਦਾ ਹੋ ਜਾਂਦੇ ਹਨ। ਕਈ ਵਾਰ ਟਰੰਪ ਸਫਲ ਹੋ ਜਾਂਦੇ ਹਨ। ਕਈ ਵਾਰ ਅਸਫਲ ਹੋ ਜਾਂਦੇ ਹਨ। ਕੀ ਤੁਸੀਂ ਕਿਤੇ ਟਰੰਪ ਦੇਖਿਆ ਹੈ, ਗਾਜ਼ੀਆਬਾਦ ਤੋਂ ਲੈ ਕੇ ਅਲਵਰ ਤਕ, ਕਿਤੇ ਵੀ ਟਰੰਪ ਦਿਖੇ ਤਾਂ ਕਿਸੇ ਹੈਲਪਲਾਈਨ 'ਤੇ ਫੋਨ ਜ਼ਰੂਰ ਕਰਨਾ, ਜੇਕਰ ਟਰੰਪ ਨਹੀਂ ਦਿਖਾਈ ਦਿੰਦਾ ਹੈ ਤਾਂ ਟੀ.ਵੀ. ਚੈਨਲ ਜ਼ਰੂਰ ਦੇਖਣਾ। ਉਥੇ ਕਿਸੇ ਐਂਕਰ ਵਿਚ ਵੀ ਟਰੰਪ ਲੁਕਿਆ ਹੋ ਸਕਦਾ ਹੈ। ਟਰੰਪ ਨੇਤਾ ਬਣ ਕੇ ਆਏ, ਜ਼ਰੂਰੀ ਨਹੀਂ। ਉਹ ਸਾਡੇ ਸਮੇਂ ਦਾ ਰੋਬੋਟਿਕ ਰੱਬ ਹੈ। ਕੋਈ ਵੀ ਅਵਤਾਰ ਲੈ ਸਕਦਾ ਹੈ। ਉਹ ਵਪਾਰੀ ਬਣ ਕੇ ਆ ਸਕਦਾ ਹੈ। ਉਹ ਪੱਤਰਕਾਰ ਬਣ ਕੇ ਆ ਸਕਦਾ ਹੈ। ਆ ਰਿਹਾ ਹੈ, ਉਹ ਦੇਖੋ ਆ ਗਿਆ...ਹਾਂ ਹਾਂ ਦਿਖ ਰਿਹਾ ਹੈ, ਮੈਂ ਵੀ ਦੇਖਿਆ ਹੈ...ਟਰੰਪ ਹੀ ਹੈ ਨਾ। ਦੋ ਦਿਨ ਪਹਿਲਾਂ ਅਸੀਂ ਸਾਰਿਆਂ ਨੇ ਸਹਾਰਨਪੁਰ ਵਿਚ ਦੇਖਿਆ ਸੀ। ਟਰੰਪ ਮੰਕੀ ਮੈਨ ਹੈ। ਯਾਦ ਹੈ ਨਾ ਦਿੱਲੀ ਵਿਚ ਮੰਕੀ ਮੈਨ ਦਾ ਜਲਵਾ। ਉਦੋਂ ਪੂਰੀ ਦਿੱਲੀ ਨੂੰ ਮੰਕੀ ਮੈਨ ਦਿਖ ਜਾਂਦਾ ਸੀ। ਅੱਜ ਪੂਰੀ ਦੁਨੀਆ ਨੂੰ ਕਿਤੇ ਵੀ ਟਰੰਪ ਦਿਖਾਈ ਦੇ ਰਿਹਾ ਹੈ।

## ਜੇਐਨਯੂ ਵਿਦਿਅਰਥੀ ਲਾਪਤਾ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ ਕਾਇਮ

### ਵਿਦਿਆਰਥੀਆਂ ਵੱਲੋਂ ਡੱਕੇ ਉਪ ਕੁਲਪਤੀ ਤੇ ਹੋਰ ਅਧਿਕਾਰੀ 21 ਘੰਟੇ ਮਗਰੋਂ ਬਾਹਰ ਆਏ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ) ਦੇ ਵਿਦਿਆਰਥੀ ਨਜੀਬ ਅਹਿਮਦ ਦੇ ਸ਼ਨਿਚਰਵਾਰ ਤੋਂ ਲਾਪਤਾ ਹੋਣ ਦੇ ਮਾਮਲੇ ਦੀ ਜਾਂਚ ਲਈ ਦਿੱਲੀ ਪੁਲੀਸ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਦਖ਼ਲ ਮਗਰੋਂ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ ਹੈ।

ਇਸ ਤੋਂ ਇਲਾਵਾ ਲਾਪਤਾ ਵਿਦਿਆਰਥੀ ਬਾਰੇ ਜਾਣਕਾਰੀ ਦੇਣ ਵਾਲੇ ਨੂੰ 50 ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਐਲਾਨ ਵੀ ਪੁਲੀਸ ਨੇ ਕੀਤਾ ਹੈ। ਦੱਖਣੀ ਦਿੱਲੀ ਦੇ ਵਧੀਕ ਡੀਸੀਪੀ ਨੂਪੁਰ ਪ੍ਰਸਾਦ ਨੇ ਕਿਹਾ ਕਿ ਜਾਂਚ ਟੀਮ ਬਣਾਉਣ ਦੇ ਨਾਲ-ਨਾਲ ਦੇਸ਼ ਦੇ ਸਾਰੇ ਐਸਐਸਪੀਜ਼ ਤੇ ਹੋਰ ਅਧਿਕਾਰੀਆਂ ਨੂੰ ਇਸ ਸਬੰਧੀ ਸੂਚਨਾ ਭੇਜੀ ਗਈ ਹੈ ਅਤੇ ਅਖ਼ਬਾਰਾਂ ਵਿੱਚ ਵੀ ਇਸ਼ਤਿਹਾਰ ਦੇ ਦਿੱਤਾ ਗਿਆ ਹੈ। ਗ਼ੌਰਤਲਬ ਹੈ ਕਿ ਜੇਐਨਯੂ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਉਪ ਕੁਲਪਤੀ ਜਗਦੇਸ਼ ਕੁਮਾਰ ਸਮੇਤ 12 ਸੀਨੀਅਰ ਅਧਿਕਾਰੀਆਂ ਦਾ ਪ੍ਰਸ਼ਾਸਕੀ ਬਲਾਕ ਦੀ ਇਮਾਰਤ ਵਿੱਚ ਘਿਰਾਓ ਕਰ ਲਿਆ ਸੀ। ਉਨ੍ਹਾਂ ਦਾ ਦੋਸ਼ ਸੀ ਕਿ ਜੇਐਨਯੂ ਪ੍ਰਸ਼ਾਸਨ ਵੱਲੋਂ ਵਿਦਿਆਰਥੀ ਦੀ ਗੁੰਮਸ਼ੁਦਗੀ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਹੈ। ਮਾਮਲਾ ਭਖ਼ਦਾ ਦੇਖ ਕੇ ਗ੍ਰਹਿ ਮੰਤਰੀ ਨੇ ਦਿੱਲੀ ਪੁਲੀਸ ਦੇ ਕਮਿਸ਼ਨਰ ਨੂੰ ਫੋਨ ਕਰਕੇ ਮਾਮਲੇ ਦੀ ਜਾਣਕਾਰੀ ਹਾਸਲ ਕੀਤੀ, ਜਿਸ ਮਗਰੋਂ ਦਿੱਲੀ ਪੁਲੀਸ ਹਰਕਤ ਵਿੱਚ ਆਈ।

ਵਿਦਿਆਰਥੀਆਂ ਵੱਲੋਂ ਪ੍ਰਸ਼ਾਸਕੀ ਬਲਾਕ ਵਿਚ ਡੱਕੇ ਉਪ ਕੁਲਪਤੀ ਤੇ ਹੋਰ ਅਧਿਕਾਰੀ 21 ਘੰਟੇ ਮਗਰੋਂ ਬਾਹਰ ਆ ਸਕੇ। ਉਪ ਕੁਲਪਤੀ ਨੇ ਵਿਦਿਆਰਥੀਆਂ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ ਤੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਬਾਇਓਟੈਕਨੋਲੋਜੀ ਦੇ ਵਿਦਿਆਰਥੀ ਨਜੀਬ ਨੂੰ ਲੱਭਣ ਦੀ ਕਾਫੀ ਕੋਸ਼ਿਸ਼ ਕੀਤੀ ਗਈ ਤੇ ਇਸ ਸਬੰਧੀ ਪੁਲੀਸ ਨੂੰ ਚਿੱਠੀ ਵੀ ਲਿਖੀ ਸੀ। ਦੱਸਿਆ ਜਾ ਰਿਹਾ ਹੈ ਕਿ ਜੇਐਨਯੂ ਦੀ ਅਧਿਆਪਕ ਐਸੋਸੀਏਸ਼ਨ ਵੱਲੋਂ ਅਧਿਕਾਰੀਆਂ ਤੇ ਵਿਦਿਆਰਥੀਆਂ 'ਚ ਵਿਚੋਲਗੀ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗ਼ੌਰਤਲਬ ਹੈ ਕਿ ਯੂਨੀਵਰਸਿਟੀ

ਬਾਕੀ ਸਫ਼ਾ 40 'ਤੇ

## ਲੋੜ ਪਈ ਤਾਂ ਪਾਕਿਸਤਾਨ ਅੰਦਰ ਦਾਖ਼ਲ ਹੋ ਕੇ ਮਾਰਾਂਗੇ ਅੱਤਵਾਦੀ : ਅਮਰੀਕਾ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅਮਰੀਕਾ ਨੇ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਲੋੜ ਪੈਣ ਉਤੇ ਉਹ ਪਾਕਿਸਤਾਨ ਅੰਦਰ ਦਾਖ਼ਲ ਹੋ ਕੇ ਇਕੱਲਾ ਅਤਿਵਾਦ ਨੈੱਟਵਰਕਾਂ ਨੂੰ ਤਬਾਹ ਕਰਨ ਤੋਂ ਝਿਜਕੇਗਾ ਨਹੀਂ ਕਿਉਂਕਿ ਪਾਕਿਸਤਾਨ ਦੀ ਤਾਕਤਵਰ ਖ਼ੁਫ਼ੀਆ ਏਜੰਸੀ ਆਈਐਸਆਈ ਆਪਣੀ ਧਰਤੀ ਉਤੇ ਸਰਗਰਮ ਸਾਰੀਆਂ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਨਹੀਂ ਕਰ ਰਹੀ ਹੈ।

ਅਤਿਵਾਦ ਲਈ ਵਿੱਤੀ ਮਦਦ ਰੋਕਣ ਵਾਲੇ ਵਿਭਾਗ ਦੇ ਕਾਰਜਕਾਰੀ ਅੰਡਰ ਸੈਕਟਰੀ ਐਡਮ ਜ਼ੂਬਿਨ ਨੇ ਕਿਹਾ, 'ਸਮੱਸਿਆ ਇਹ ਹੈ ਕਿ ਪਾਕਿਸਤਾਨੀ ਸਰਕਾਰ ਅੰਦਰ ਹੀ ਖਾਸ ਤੌਰ ਉਤੇ ਖੁਫੀਆ ਏਜੰਸੀ ਆਈਐਸਆਈ ਵਿੱਚ ਕੁੱਝ ਤਾਕਤਾਂ ਹਨ, ਜੋ ਪਾਕਿਸਤਾਨ ਵਿੱਚ ਸਰਗਰਮ ਸਾਰੇ ਅਤਿਵਾਦੀ ਗੁੱਟਾਂ ਖ਼ਿਲਾਫ਼ ਇਕਸਾਰ ਕਦਮ ਚੁੱਕਣ ਤੋਂ ਇਨਕਾਰ ਕਰਦੀਆਂ ਹਨ। ਇਹ ਕੁੱਝ ਜਥੇਬੰਦੀਆਂ ਨੂੰ ਤਾਂ ਬਰਦਾਸ਼ਤ ਵੀ ਕਰਦਾ ਹੈ। ਇਹ ਹੋਰ ਵੀ ਮਾੜਾ ਹੈ।' ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ, 'ਅਸੀਂ ਪਾਕਿਸਤਾਨ ਵਿੱਚ ਆਪਣੇ ਭਾਈਵਾਲਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੇ ਦੇਸ਼ ਵਿੱਚ ਸਰਗਰਮ ਅਤਿਵਾਦੀ ਨੈੱਟਵਰਕਾਂ ਖ਼ਿਲਾਫ਼ ਕਾਰਵਾਈ ਕਰਨ। ਅਸੀਂ ਉਨ੍ਹਾਂ ਦੀ ਮਦਦ ਲਈ ਤਿਆਰ ਖੜ੍ਹੇ ਹਾਂ। ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਅਸੀਂ ਅਤਿਵਾਦ ਲਈ ਜੰਗ ਵਿੱਚ ਪਾਕਿਸਤਾਨ ਨਾਲ ਖੜ੍ਹਨ ਲਈ ਵਚਨਬੱਧ ਹਾਂ ਪਰ ਜੇਕਰ ਲੋੜ ਪੈਂਦੀ ਹੈ ਤਾਂ ਇਨ੍ਹਾਂ ਨੈੱਟਵਰਕਾਂ ਨੂੰ ਤਬਾਹ ਕਰਨ ਲਈ ਇਕੱਲੇ ਕਾਰਵਾਈ ਕਰਨ ਤੋਂ ਵੀ ਨਹੀਂ ਝਿਜਕਾਂਗੇ।' ਸ੍ਰੀ ਐਡਮ ਨੇ 'ਪਾਲ ਐਚ ਨਿਤਜ਼ੇ ਸਕੂਲ ਆਫ ਐਡਵਾਂਸਡ ਇੰਟਰਨੈਸ਼ਨਲ ਸਟੱਡੀਜ਼' ਵਿੱਚ ਕਿਹਾ, 'ਪਾਕਿਸਤਾਨ ਨੂੰ ਉੱਤਰ-ਪੱਛਮੀ ਪਾਕਿ ਵਿੱਚ ਅਤਿਵਾਦ ਖ਼ਿਲਾਫ਼ ਚੱਲ ਰਹੀਆਂ ਮੁਹਿੰਮਾਂ ਵਿੱਚ ਸਫ਼ਲਤਾ ਵੀ ਮਿਲੀ ਹੈ। ਉਸ ਨੇ ਆਈਐਸਆਈਐਲ ਨੂੰ ਅਤਿਵਾਦੀ ਜਥੇਬੰਦੀ ਐਲਾਨ ਦਿੱਤਾ ਹੈ। ਪਰ ਅਤਿਵਾਦੀ ਗੁੱਟਾਂ ਨੂੰ ਆਈਐਸਆਈ ਵੱਲੋਂ ਸਮਰਥਨ ਦਿੱਤੇ ਜਾਣ ਦੀ ਸਮੱਸਿਆ ਬਰਕਰਾਰ ਹੈ। ਇਸ ਦਾ ਅਸੀਂ ਸਮਰਥਨ ਨਹੀਂ ਕਰ ਸਕਦੇ।' ਅਮਰੀਕਾ ਇਹ ਵੀ ਕਹਿ ਰਿਹਾ ਹੈ ਕਿ ਪਾਕਿਸਤਾਨ ਨੇ ਹੱਕਾਨੀ ਨੈੱਟਵਰਕ ਨੂੰ ਯੁੱਧ ਪ੍ਰਭਾਵਿਤ ਅਫ਼ਗ਼ਾਨਿਸਤਾਨ ਵਿੱਚ ਮਾਰੂ ਹਮਲਿਆਂ ਦੀ ਸਾਜ਼ਿਸ਼ ਰਚਣ ਤੋਂ ਰੋਕਣ ਲਈ ਉਸ 'ਤੇ ਦਬਾਅ ਨਹੀਂ ਪਾਇਆ।

# ਬਹੁਤ ਬਦਲ ਗਈ ਹੈ ਹੁਣ ਕਸ਼ਮੀਰੀ ਹਕੀਕਤ

**ਅਜਿਹੀ ਸੋਚ ਦੇ ਬਾਵਜੂਦ ਇਹ ਸ਼ੱਕ ਉੱਭਰਨਾ ਸੁਭਾਵਕ ਹੀ ਹੈ ਕਿ ਇੱਕ ਸਿਆਸੀ ਨੇਤਾ ਕੀ ਆਪਣੇ ਵੱਲੋਂ ਚੁਣੇ ਰਾਹ 'ਤੇ ਅਡੋਲ ਰਹਿ ਸਕਦਾ ਹੈ; ਜਾਂ ਸੂਬਾਈ ਪੱਧਰ ਦੀ ਚੋਣਾਂ ਨਾਲ ਜੁੜੀਆਂ ਮਜਬੂਰੀਆਂ ਕਾਰਨ ਕੀ ਉਸ ਦਾ ਧਿਆਨ ਉੱਖੜ ਤਾਂ ਨਹੀਂ ਜਾਵੇਗਾ ? ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਡਾ. ਫ਼ਾਰੂਕ ਅਬਦੁੱਲਾ ਦੀ ਇਸ ਪ੍ਰਸੰਗ ਵਿੱਚ ਬੜੀ ਸਪਸ਼ਟ ਟਿੱਪਣੀ ਹੈ: "ਵਾਦੀ ਵਿਚਲੇ ਅਮਨ ਨੂੰ ਯੂ.ਪੀ. ਤੇ ਪੰਜਾਬ ਚੋਣਾਂ ਦੀ ਖ਼ਾਤਰ ਗਹਿਣੇ ਨਹੀਂ ਧਰਿਆ ਜਾਣਾ ਚਾਹੀਦਾ।"**




**ਹਰੀਸ਼ ਖਰੇ**

ਇਸ ਸਮੇਂ ਕਸ਼ਮੀਰ ਵਿੱਚ 'ਮਿਲੀਟੈਂਸੀ' ਵਾਲੀ ਸਥਿਤੀ ਨੂੰ ਲੈ ਕੇ ਇੱਕ ਜੱਦੋ-ਜਹਿਦ ਚੱਲ ਰਹੀ ਹੈ। ਇੱਕ ਪਾਸੇ '100 ਦਿਨਾਂ ਦੇ ਕਰਫ਼ਿਊ' ਵਾਲੀ ਕਹਾਣੀ ਭਾਰੂ ਹੈ ਅਤੇ



ਨਾਲ 'ਭਾਰਤ ਖ਼ਿਲਾਫ਼' ਭਰਵੇਂ ਗੁੱਸੇ ਨੂੰ ਲੈ ਕੇ ਵੱਖ-ਵੱਖ ਗੱਲਾਂ ਤੇ ਦਲੀਲਾਂ ਵੀ ਸੁਣਨ ਨੂੰ ਮਿਲਦੀਆਂ ਹਨ। ਭਰਵੇਂ ਗੁੱਸੇ ਵਾਲੇ ਕਥਾਕ੍ਰਮ ਦੇ ਨਾਲ ਨਾਲ 'ਹਾਲਾਤ ਆਮ ਵਰਗੇ ਹੋ ਰਹੇ ਹਨ' ਵਾਲੀ ਕਹਾਣੀ ਵੀ ਸੁਣਨ ਨੂੰ ਮਿਲਦੀ ਹੈ। ਇੱਕ ਸਿਆਸੀ ਨੇਤਾ ਦੱਸਦਾ ਹੈ, "ਅੱਜ 600 ਤੋਂ ਵੱਧ ਲੋਕ ਆਪਣੀਆਂ ਮੁਸ਼ਕਲਾਂ ਤੇ ਸ਼ਿਕਾਇਤਾਂ ਦੱਸਣ ਲਈ ਸਕੱਤਰੇਤ ਦੇ ਵੱਖ-ਵੱਖ ਦਫ਼ਤਰਾਂ ਵਿੱਚ ਜਾਣਾ ਚਾਹੁੰਦੇ ਸਨ; ਉਨ੍ਹਾਂ ਨੂੰ ਅਜਿਹਾ ਕਰਨ ਲਈ ਕਤਾਰ ਵਿੱਚ ਖੜ੍ਹਿਆਂ ਤਿੰਨ ਘੰਟੇ ਲੱਗ ਗਏ। ਇਸ ਦੇ ਬਾਵਜੂਦ ਉਹ ਅਜਿਹੀ ਉਡੀਕ ਕਰਨ ਨੂੰ ਤਿਆਰ ਹਨ ਕਿਉਂਕਿ ਉਹ ਸੱਯਦ ਗਿਲਾਨੀ ਵੱਲੋਂ ਨਿਰਧਾਰਤ ਕੈਲੰਡਰ ਦਾ ਹੋਰ ਇੰਤਜ਼ਾਰ ਨਹੀਂ ਕਰ ਸਕਦੇ।"

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗਲੀਆਂ ਤੇ ਸੜਕਾਂ ਉੱਤੇ ਉਸ ਕਿਸਮ ਦਾ ਰੋਹ ਨਜ਼ਰ ਨਹੀਂ ਆਉਂਦਾ, ਜਿਸ ਤਰ੍ਹਾਂ ਦਾ ਸ਼ਾਇਦ ਇੱਕ ਮਹੀਨਾ ਪਹਿਲਾਂ ਦਿਸਦਾ ਸੀ। ਮਿਸਾਲ ਦੇ ਤੌਰ 'ਤੇ, ਦੁਕਾਨਦਾਰ 'ਗੀਲਾਨੀ ਕੈਲੰਡਰ' ਦਾ ਉਲੰਘਣ ਕਰ ਰਹੇ ਹਨ। ਸ੍ਰੀਨਗਰ ਦੇ ਕੁਝ ਅੰਦਰੂਨੀ ਹਿੱਸਿਆ ਵਿੱਚ ਟਰੈਫ਼ਿਕ ਜਾਮ ਵੀ ਵਾਪਰਨ ਲੱਗੇ ਹਨ।

ਪਰ ਹਰ ਕੋਈ ਇਸ ਨੁਕਤੇ ਨਾਲ ਸਹਿਮਤ ਹੈ ਕਿ ਬੁਰਹਾਨ ਵਾਨੀ ਦੀ ਮੌਤ ਤੋਂ ਬਾਅਦ ਰਿਆਸਤ ਵਿੱਚ ਜੋ ਕੁਝ ਨਜ਼ਰ ਆਇਆ, ਉਹ ਇੱਕ 'ਨਵਾਂ ਪੜਾਅ' ਹੈ। ਕਸ਼ਮੀਰੀਆਂ ਦੀ ਯਾਦਾਸ਼ਤ ਬੜੀ ਲੰਮੀ ਹੈ ਅਤੇ ਹੁਣ ਵਾਲੇ ਦੌਰ ਦੀ ਤੁਲਨਾ '2008' ਅਤੇ '2010' ਵਾਲੇ ਦੌਰਾਂ ਨਾਲ ਕੀਤੀ ਜਾਣੀ ਆਮ ਹੀ ਹੈ। ਇਸ ਨੁਕਤੇ 'ਤੇ ਵੀ ਇਤਫ਼ਾਕ ਰਾਇ ਹੈ ਕਿ ਇਸ ਵਾਰ ਦਾ ਨਵਾਂ ਘਟਨਾਕ੍ਰਮ ਪੇਂਡੂ ਖੇਤਰਾਂ ਵਿੱਚ ਰੋਹ ਭੜਕਣਾ ਹੈ। ਇੰਤਹਾਪਸੰਦੀ ਜਾਂ ਖਾੜਕੂਵਾਦ ਹੁਣ ਮਹਿਜ਼ ਸ਼ਹਿਰੀ ਵਰਤਾਰਾ ਨਹੀਂ, ਜੇ ਸ਼ਹਿਰੀ ਕੇਂਦਰਾਂ ਵਿੱਚ ਥਕਾਵਟ ਉੱਭਰਨੀ ਸ਼ੁਰੂ ਹੋ ਜਾਵੇ ਤਾਂ ਵੀ ਪੇਂਡੂ ਇਲਾਕਿਆਂ ਵਿੱਚ ਇੰਤਹਾਪਸੰਦੀ ਦਾ ਉਬਾਲਾ ਜਾਰੀ ਹੀ ਰਹੇਗਾ।

ਇਸ ਨਾਲ ਜੁੜਿਆ ਕਾਰਨ ਬਹੁਤਾ ਪੇਚੀਦਾ ਨਹੀਂ ਕਿਉਂਕਿ ਹਰ ਕੋਈ ਮੰਨਦਾ ਹੈ ਕਿ ਚਰਮਪੰਥੀ ਸੋਚ ਹਰ ਪਾਸੇ ਪਸਰਦੀ ਜਾ ਰਹੀ ਹੈ। ਕਸ਼ਮੀਰ ਵਾਦੀ ਵਿੱਚ ਅੱਠ ਸੌ ਤੋਂ ਵੱਧ ਮਸਜਿਦਾਂ ਹਨ; ਬਹੁਤੀਆਂ ਛੋਟੀਆਂ ਤੇ ਦਿਹਾਤੀ ਖੇਤਰਾਂ ਵਿੱਚ ਹਨ। ਇਨ੍ਹਾਂ ਦੇ ਹਰ ਇਮਾਮ ਵਾਸਤੇ ਨਵੀਂ ਦਿੱਲੀ ਦੇ ਖ਼ਿਲਾਫ਼ ਗੁੱਸੇ ਤੇ ਤਲਖ਼ੀ ਦੇ ਮੂਡ ਨੂੰ ਉਕਸਾਉਣਾ ਤੇ ਹਵਾ ਦੇਣੀ ਅੱਜਕੱਲ੍ਹ ਮੁਨਾਫ਼ਾਬਖ਼ਸ਼ ਧੰਦਾ ਹੈ। ਇਨ੍ਹਾਂ ਮਸਜਿਦਾਂ ਦੀ ਵਰਤੋਂ ਇੰਤਹਾਪਸੰਦਾਂ ਦੇ ਕੇਡਰ ਲਈ ਸਰੋਤ ਕੇਂਦਰਾਂ ਵਜੋਂ ਕਰਨ ਦਾ ਰੁਝਾਨ ਵੀ ਵਧਦਾ ਜਾ ਰਿਹਾ ਹੈ।

ਹਰ ਕੋਈ ਮੰਨਦਾ ਹੈ ਕਿ ਇਹ ਇੰਤਹਾਪਸੰਦੀ ਦਾ ਨਵਾਂ ਪੜਾਅ ਹੈ। 'ਮੁੰਡੇ' ਹੁਣ ਆਪਣੀ ਮਰਜ਼ੀ ਕਰਦੇ ਹਨ; ਨਾ ਕਿਸੇ ਦੀ ਸਲਾਹ ਮੰਨਦੇ ਹਨ ਤੇ ਨਾ ਹੀ ਕਿਸੇ ਦੇ ਕਾਬੂ ਹੇਠ ਹਨ, ਉਹ 'ਵਿਰੋਧ' ਦੀ ਲਹਿਰ ਦੇ 'ਮੁਰਸ਼ਦ', ਤੇ ਸਥਾਈ ਵਿਦਰੋਹੀ, ਸੱਯਦ ਅਲੀ ਸ਼ਾਹ ਗਿਲਾਨੀ ਦੀ ਤਾਂ ਬਿਲਕੁਲ ਨਹੀਂ ਸੁਣਦੇ। ਮੌਜੂਦਾ 'ਖੇਡ' ਵਿੱਚ ਸਭ ਤੋਂ ਵੱਡੀ ਹਾਰ ਉਸ ਦੀ ਹੋਈ ਮੰਨੀ ਜਾ ਰਹੀ ਹੈ। ਗਲੀਆਂ-ਕੂਚਿਆਂ ਵਿੱਚ, ਜ਼ਾਹਰਾ ਤੌਰ 'ਤੇ ਹੁਣ ਉਸ ਦੀ ਕਮਾਂਡ ਨਹੀਂ ਚੱਲਦੀ ਹੈ, ਕੰਟਰੋਲ ਦੀ ਤਾਂ ਗੱਲ ਹੀ ਛੱਡੋ।

ਇਸ ਹੌਲਨਾਕ ਹਕੀਕਤ ਨੂੰ ਤਾਂ ਕਿਸੇ ਵੀ ਸੂਰਤ ਵਿੱਚ ਵਿਸਾਰਿਆ ਨਹੀਂ ਜਾ ਸਕਦਾ ਕਿ ਕਸ਼ਮੀਰੀ ਨੌਜਵਾਨ ਪੀੜ੍ਹੀ ਹੁਣ ਬੰਦੂਕ, ਹਿੰਸਾ, ਧੱਕੇਸ਼ਾਹੀ ਤੇ ਡਰਾਵੇ ਦੀ ਭਾਸ਼ਾ ਹੀ ਜਾਣਦੀ ਹੈ। ਇਹੋ ਜਿਹੇ ਨੌਜਵਾਨ ਕਸ਼ਮੀਰੀ ਹੀ, ਇੰਟਰਨੈੱਟ ਤੇ ਸੋਸ਼ਲ ਮੀਡੀਆ ਦੇ ਹੋਰਨਾਂ ਔਜ਼ਾਰਾਂ ਦੀ ਬਦੌਲਤ, ਵਿਦੇਸ਼ਾਂ ਵਿੱਚ ਵੀ ਲੜਾਈਆਂ ਤੇ ਤਨਾਜ਼ਿਆਂ ਵਿੱਚ ਉਲਝੇ ਹੋਏ ਹਨ। ਉਹ ਆਪਣੀ 'ਜੱਦੋ-ਜਹਿਦ' ਨੂੰ ਗ਼ੈਰਮੁਨਸਿਫ਼ਾਨਾ ਤੇ ਅਨਿਆਂਪੂਰਨ ਆਲਮੀ ਪ੍ਰਬੰਧ ਦਾ ਹਿੱਸਾ ਮੰਨਣ ਲੱਗੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਸ਼ਮੀਰੀ ਸਿਆਸਤਦਾਨਾਂ ਨੂੰ ਪ੍ਰਭਾਵਤ ਕੀਤਾ ਹੈ। ਰਾਜਨਾਥ ਸਿੰਘ ਦੀ ਹੋਰਨਾਂ ਦੀ ਗੱਲ ਸੁਣਨ ਦੀ ਬਿਰਤੀ ਕਸ਼ਮੀਰੀ ਆਗੂਆਂ ਨੂੰ ਚੰਗੀ ਲੱਗੀ ਹੈ ਜਦੋਂਕਿ ਪ੍ਰਧਾਨ ਮੰਤਰੀ ਨੂੰ ਅਜਿਹੇ ਫ਼ੈਸਲਾਕੁਨ ਆਗੂ ਵਜੋਂ ਦੇਖਿਆ ਜਾਂਦਾ ਹੈ ਜਿਸ ਕੋਲ ਫ਼ੈਸਲੇ ਲੈਣ ਦਾ ਜਮਹੂਰੀ ਫ਼ਤਵਾ ਹੈ ਅਤੇ ਜੋ ਕਸ਼ਮੀਰੀਆਂ ਤੇ ਬਾਕੀ ਭਾਰਤੀਆਂ ਕੋਲ ਕਸ਼ਮੀਰ ਮਸਲੇ ਦਾ ਹੱਲ 'ਵੇਚ' ਸਕਦਾ ਹੈ। ਇੱਕ ਸੀਨੀਅਰ ਕਸ਼ਮੀਰੀ ਨੇਤਾ ਨੇ ਤਾਂ ਇਹ ਵੀ ਦਾਅਵਾ ਕੀਤਾ ਕਿ "ਮੋਦੀ ਤੇ ਰਾਜਨਾਥ ਸਿੰਘ ਦੀ ਤੁਲਨਾ ਵਿੱਚ ਯੂਪੀਏ ਦੇ ਲੋਕ-ਪੀ ਚਿਦੰਬਰਮ ਤੇ ਐੱਮ.ਕੇ. ਨਾਰਾਇਣਨ-ਝਗੜਾਲੂ ਤੇ ਫ਼ਿਰਕਾਪ੍ਰਸਤ ਸਨ।"

ਸ੍ਰੀਨਗਰ ਵਿੱਚ ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨਾਲ ਮਿਲਣ ਤੇ ਗੱਲਬਾਤ ਕਰਨ ਦਾ ਮੌਕਾ ਮਿਲਿਆ, ਉਹ ਮਹਿਸੂਸ ਕਰਦੇ ਹਨ ਕਿ ਮੋਦੀ ਨੂੰ ਏਨਾ ਕੁ ਜ਼ਰੂਰ ਸਪਸ਼ਟ ਹੈ ਕਿ ਕਸ਼ਮੀਰ ਮਾਮਲੇ ਵਿੱਚ ਕਿਵੇਂ ਅੱਗੇ ਵਧਣਾ ਹੈ, ਅਤੇ ਪਿਛਲੇ ਦੋ ਸਾਲਾਂ ਦੌਰਾਨ ਉਨ੍ਹਾਂ ਨੇ ਕਸ਼ਮੀਰ ਸਮੱਸਿਆ ਬਾਰੇ ਬਿਹਤਰ ਸੂਝ ਤੇ ਪਕੜ ਹਾਸਲ ਕਰ ਲਈ ਹੈ।

ਇਸ ਸਭ ਕੁਝ ਦੇ ਬਾਵਜੂਦ ਉਨ੍ਹਾਂ ਨੂੰ ਅਫ਼ਸੋਸ ਹੈ ਕਿ ਪ੍ਰਧਾਨ ਮੰਤਰੀ ਨੇ ਕਸ਼ਮੀਰ ਵੱਲੋਂ ਪ੍ਰਦਾਨ ਕੀਤੇ ਗਏ ਮੌਕੇ ਦਾ ਲਾਭ ਲੈਣ ਦੀ ਰੁਚੀ ਅਜੇ ਤਕ ਨਹੀਂ ਦਿਖਾਈ; ਅਜਿਹਾ ਕਰਕੇ ਉਹ ਨੀਤੀਵੇਤਾ ਦਾ ਰੁਤਬਾ ਹਾਸਲ ਕਰ ਸਕਦੇ ਸਨ। ਇੱਕ ਸੀਨੀਅਰ ਕਸ਼ਮੀਰੀ ਆਗੂ ਦੀ ਦਲੀਲ ਸੀ, "ਕਸ਼ਮੀਰੀ ਮੁਸਲਮਾਨਾਂ ਦਾ ਮਸਲਾ ਹੱਲ ਕਰ ਦਿਉ, ਦੁਨੀਆ ਤੁਹਾਨੂੰ ਆਲਮੀ ਨੀਤੀਵੇਤਾ ਮੰਨਣ ਲੱਗ ਪਵੇਗੀ।"

ਅਜਿਹੀ ਸੋਚ ਦੇ ਬਾਵਜੂਦ ਇਹ ਸ਼ੱਕ ਉੱਭਰਨਾ ਸੁਭਾਵਕ ਹੀ ਹੈ ਕਿ ਇੱਕ ਸਿਆਸੀ ਨੇਤਾ ਕੀ ਆਪਣੇ ਵੱਲੋਂ ਚੁਣੇ ਰਾਹ 'ਤੇ ਅਡੋਲ ਰਹਿ ਸਕਦਾ ਹੈ; ਜਾਂ ਸੂਬਾਈ ਪੱਧਰ ਦੀ ਚੋਣਾਂ ਨਾਲ ਜੁੜੀਆਂ ਮਜਬੂਰੀਆਂ ਕਾਰਨ ਕੀ ਉਸ ਦਾ ਧਿਆਨ ਉੱਖੜ ਤਾਂ ਨਹੀਂ ਜਾਵੇਗਾ ? ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਡਾ. ਫ਼ਾਰੂਕ ਅਬਦੁੱਲਾ ਦੀ ਇਸ ਪ੍ਰਸੰਗ ਵਿੱਚ ਬੜੀ ਸਪਸ਼ਟ ਟਿੱਪਣੀ ਹੈ: "ਵਾਦੀ ਵਿਚਲੇ ਅਮਨ ਨੂੰ ਯੂ.ਪੀ. ਤੇ ਪੰਜਾਬ ਚੋਣਾਂ ਦੀ ਖ਼ਾਤਰ ਗਹਿਣੇ ਨਹੀਂ ਧਰਿਆ ਜਾਣਾ ਚਾਹੀਦਾ।"

ਸ੍ਰੀਨਗਰ ਵਿਚਲੀ ਹੁਕਮਰਾਨ ਪਾਰਟੀ ਵਿੱਚ ਇਸ ਗੱਲੋਂ ਮਾਯੂਸੀ ਹੈ ਕਿ ਕੇਂਦਰ ਦੀ ਹੁਕਮਰਾਨ ਪਾਰਟੀ ਨਾ ਇਹ ਸਮਝਦੀ ਹੈ, ਤੇ ਨਾ ਹੀ ਇਸ ਹਕੀਕਤ ਦੀ ਸਰਾਹਨਾ ਕਰਦੀ ਹੈ ਕਿ ਪੀਡੀਪੀ-ਭਾਜਪਾ ਗੱਠਜੋੜ ਦੀ ਇਤਿਹਾਸਕ ਅਹਿਮੀਅਤ ਹੈ। ਪਹਿਲਾਂ ਜਿੰਨੇ ਵੀ ਸਮਝੌਤੇ ਤੇ ਸੰਧੀਆਂ ਹੋਈਆਂ, ਉਹ ਦਿੱਲੀ ਤੇ ਸ੍ਰੀਨਗਰ ਦਰਮਿਆਨ, ਅਤੇ ਵਿਅਕਤੀਆਂ ਦਰਮਿਆਨ ਸਹਿਮਤੀਆਂ ਜਾਂ ਕੌਲ-ਕਰਾਰ ਸਨ। ਪਰ ਹੁਣ ਪੀਡੀਪੀ-ਭਾਜਪਾ ਗੱਠਜੋੜ ਸ੍ਰੀਨਗਰ-ਜੰਮੂ-ਦਿੱਲੀ ਦਰਮਿਆਨ ਸਮਝੌਤਾ ਹੈ ਅਤੇ ਇਹ ਚੁਣਾਵੀ ਰਣਨੀਤੀ ਦੀ ਵੈਧਤਾ ਤੇ ਪ੍ਰਮਾਣਿਕਤਾ ਉੱਤੇ ਆਧਾਰਤ ਹੈ।

ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਆਪਣੀ ਕਰੜਾਈ ਤੇ ਸਿਰੜ ਸਦਕਾ ਆਪਣੇ ਆਲੋਚਕਾਂ ਤੋਂ ਇਲਾਵਾ ਪ੍ਰਸੰਸਕਾਂ ਨੂੰ ਵੀ ਹੈਰਾਨ ਕੀਤਾ ਹੈ ਭਾਵੇਂ ਕਿ ਇਹ ਸੋਚ ਵੀ ਮੌਜੂਦ ਹੈ ਕਿ ਬੁਰਹਾਨ ਵਾਨੀ ਦੀ ਮੌਤ ਤੋਂ ਬਾਅਦ ਹੋਣ ਵਾਲੀ ਗੜਬੜੀ ਦੀ ਵਿਆਪਕਤਾ ਤੇ ਨਜ਼ਾਕਤ ਦਾ ਅਨੁਮਾਨ ਲਾਉਣ ਪੱਖੋਂ ਉਹ ਕੁਝ ਸੁਸਤ ਰਹੀ ਅਤੇ ਸੁਰੱਖਿਆ ਬਲਾਂ ਨੂੰ ਸ਼ਰਾਰਤੀਆਂ ਖ਼ਿਲਾਫ਼ ਖੁੱਲ੍ਹ ਕੇ ਕਾਰਵਾਈ ਨਹੀਂ ਕਰਨ ਦਿੱਤੀ। ਉਂਜ, ਇੱਕ ਵਾਰ ਦੀ ਢਿੱਲ ਤੋਂ ਬਾਅਦ ਉਹ ਇਰਾਦੇ ਦੀ ਪੱਕੀ ਰਹੀ ਹੈ ਅਤੇ ਪੈਂਡਾ ਬਿਖ਼ਮ ਹੋਣ ਦੇ ਬਾਵਜੂਦ ਉਸ ਉੱਤੇ ਦਲੇਰੀ ਨਾਲ ਚੱਲ ਰਹੀ ਹੈ। ਉਸ ਨੇ ਖ਼ੁਦ ਨੂੰ ਉਸ ਅਖੌਤੀ ਇਖ਼ਲਾਕੀ ਸੁੱਚ ਤੋਂ ਭੈਅਭੀਤ ਨਹੀਂ ਹੋਣ ਦਿੱਤਾ ਜਿਹੜੀ ਪੱਥਰਬਾਜ਼ ਤੇ ਉਨ੍ਹਾਂ ਦੇ ਸਰਪ੍ਰਸਤ ਆਪਣੀਆਂ ਵਿਧੀਆਂ ਤੇ ਜੁਗਤਾਂ ਰਾਹੀਂ ਹਾਸਲ ਕਰਨਾ ਲੋਚਦੇ ਸਨ। ਇਸ ਤੋਂ ਉਲਟ ਉਸ ਨੇ ਕਸ਼ਮੀਰੀ ਸਮਾਜ ਲਈ ਕੀ ਚੰਗਾ ਹੈ ਤੇ ਕੀ ਖ਼ਤਰਨਾਕ, ਨਾਲ ਜੁੜੀ ਬਹਿਸ ਵਿੱਚ ਸ਼ਾਮਲ ਹੋਣ ਅਤੇ ਆਪਣਾ ਪੱਖ ਦ੍ਰਿੜ੍ਹਤਾ ਨਾਲ ਪੇਸ਼ ਕਰਨ ਦਾ ਸਾਹਸ ਦਿਖਾਇਆ ਹੈ।

ਕਸ਼ਮੀਰ ਤੇ ਇਸ ਦਾ (ਤਹਿਜ਼ੀਬੀ ਤੇ ਸਿਆਸੀ) ਮਿਜ਼ਾਜ ਬਾਕੀ ਭਾਰਤ ਵਿੱਚ ਕੀ ਕੁਝ ਵਾਪਰਦਾ ਹੈ, ਉਸ ਤੋਂ ਅਪ੍ਰਭਾਵਤ ਨਹੀਂ ਰਹਿ ਸਕਦਾ। ਇਹ ਦੱਸਿਆ ਗਿਆ ਹੈ ਕਿ ਕਸ਼ਮੀਰੀ ਭਾਵੇਂ 2002 ਦੇ ਗੁਜਰਾਤ ਦੰਗਿਆਂ ਤੋਂ ਬੇਲਾਗ਼ ਰਹੇ ਸਨ, ਦਾਦਰੀ ਵਿੱਚ ਮੁਹੰਮਦ ਅਖ਼ਲਾਕ ਦੀ ਹੱਤਿਆ ਨੇ ਉਨਾਂ ਨੂੰ ਸੱਚਮੁੱਚ ਫ਼ਿਕਰਾਂ ਵਿੱਚ ਪਾਇਆ। ਮਈ 2014 ਤੋਂ ਬਾਅਦ ਅਸਹਿਣਸ਼ੀਲਤਾ ਦੇ ਲਗਾਤਾਰ ਉਭਾਰ ਨੇ ਜਮਹੂਰੀ ਭਾਰਤ ਪ੍ਰਤੀ 'ਭਰੋਸੇ ਦੀ ਘਾਟ' ਵਿੱਚ ਹੋਰ ਵਾਧਾ ਕੀਤਾ ਹੈ।

ਦੇਸ਼ਭਗਤੀ ਤੇ ਕੌਮਪ੍ਰਸਤੀ ਬਾਰੇ ਕੋਝੀਆਂ ਬਹਿਸਾਂ ਤੇ ਟਕਰਾਅ ਤੋਂ ਭਾਵੇਂ ਜੋ ਵੀ ਸਿਆਸੀ ਤੇ ਚੁਣਾਵੀ ਲਾਭ ਹੋਏ ਹੋਣ, ਅੰਧਰਾਸ਼ਟਰਵਾਦ ਦੀ ਇਸ ਨਵੀਂ ਵਿਆਕਰਣ ਨੇ ਕਸ਼ਮੀਰ ਵਿੱਚ ਸੁਲ੍ਹਾ-ਸਫ਼ਾਈ ਦੇ ਅਮਲ ਨੂੰ ਵੱਧ ਪੇਚੀਦਾ ਬਣਾ ਦਿੱਤਾ ਹੈ। ਇਸ ਪ੍ਰਸੰਗ ਵਿੱਚ ਸਪਸ਼ਟ ਤੇ ਸੂਝ ਭਰੀ ਟਿੱਪਣੀ ਸੀ, "ਪਹਿਲਾਂ ਸਿਵਿਲ ਸੁਸਾਇਟੀ ਦੇ ਲੋਕ, ਜਿਵੇਂ ਕਿ ਅਕਾਦਮੀਸ਼ੀਅਨ, ਵਕੀਲ, ਪੱਤਰਕਾਰ, ਦਾਨਸ਼ਿਵਰ-ਕਸ਼ਮੀਰ ਆਇਆ ਕਰਦੇ ਸਨ ਅਤੇ ਵੱਖ-ਵੱਖ ਆਗੂਆਂ ਤੇ ਗਰੁੱਪਾਂ ਨੂੰ ਮਿਲਿਆ ਕਰਦੇ ਸਨ। ਹੁਣ, ਅਸੀਂ ਮਹਿਸੂਸ ਕਰਦੇ ਹਾਂ ਕਿ ਹਰ ਕੋਈ ਸਾਨੂੰ ਸਾਡੇ ਹਾਲ 'ਤੇ ਛੱਡ ਗਿਆ ਹੈ।" ਅਜਿਹੀ ਟਿੱਪਣੀ ਦੇ ਜ਼ਰੀਏ ਜੋ ਕੁਝ ਅਣਕਹਿਆ ਰਹਿ ਗਿਆ, ਉਹ ਇਹ ਹੈ ਕਿ ਭਾਰਤੀ ਸੋਚ ਤੇ ਸੁਹਜ ਹੁਣ ਏਨੀ ਭੁਰਭੁਰੀ ਤੇ ਦੱਬੂ ਬਣ ਗਈ ਹੈ ਕਿ ਸਿਵਿਲ ਸੁਸਾਇਟੀ ਵਿੱਚੋਂ ਕੋਈ ਵੀ ਵੱਖਵਾਦੀਆਂ ਜਾਂ ਹੋਰਨਾਂ ਅਸਹਿਮਤ ਤੱਤਾਂ ਨਾਲ ਵਿਚਰਦਿਆਂ ਦਿਸਣਾ ਨਹੀਂ ਚਾਹੁੰਦਾ।

ਪਾਕਿਸਤਾਨ ਭਾਵੇਂ ਦਿਖੇ ਜਾਂ ਨਾ, ਉਸ ਦੀ ਮੌਜੂਦਗੀ ਮਹਿਸੂਸ ਕਰਨ ਤੋਂ ਬਚਿਆ ਨਹੀਂ ਜਾ ਸਕਦਾ। ਪਾਕਿਸਤਾਨ ਨਾਲ ਗੱਲਬਾਤ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ। ਕਸ਼ਮੀਰ ਵਾਦੀ ਵਿੱਚ ਪਾਕਿਸਤਾਨ ਦੇ ਸਿਆਸੀ, ਮਜ਼ਹਬੀ ਤੇ ਵਿਚਾਰਧਾਰਕ ਅਸਾਸੇ ਮੌਜੂਦ ਹਨ ਅਤੇ ਕਸ਼ਮੀਰ ਦੇ ਸਿਆਸੀ ਮੌਸਮ ਵਿੱਚ ਦਖ਼ਲ ਦੇਣ ਤੇ ਇਸ ਨੂੰ ਨਿਰਧਾਰਤ ਕਰਨ ਦੀ ਇੱਛਾ-ਸ਼ਕਤੀ ਤੇ ਕਦੇ ਨਾ ਮਿਟਣ ਵਾਲੀ ਭੁੱਖ ਵੀ ਉਸ ਵਿੱਚ ਮੌਜੂਦ ਹੈ।

ਇਸ ਤੋਂ ਸਿੱਧੇ ਤੌਰ 'ਤੇ ਭਾਵ ਇਹ ਹੈ ਕਿ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਕੌਮੀ ਸੁਰੱਖਿਆ ਮੰਡਲੀ ਨੂੰ, ਦੇਰ-ਸਵੇਰ, ਸ਼ਾਸਨ ਕਲਾ ਦਾ ਅਜਿਹਾ ਨਵਾਂ ਖ਼ਾਕਾ ਉਲੀਕਣਾ ਹੀ ਪਵੇਗਾ ਜਿਹੜਾ ਸ੍ਰੀਨਗਰ ਤੇ ਨਵੀਂ ਦਿੱਲੀ-ਦੋਵੇਂ ਥਾਈਂ ਸਦਭਾਵ ਪੈਦਾ ਕਰਨ ਵਾਲਾ ਹੋਵੇ। ਚਲੰਤ ਬੇਚੈਨੀ ਇਸ ਪੱਖੋਂ ਅਵਸਰ ਵੀ ਪ੍ਰਦਾਨ ਕਰ ਸਕਦੀ ਹੈ। ਇਸ ਹਕੀਕਤ ਨਾਲ ਕੋਈ ਅਸਹਿਮਤੀ ਨਹੀਂ ਕਿ ਪੀਡੀਪੀ-ਭਾਜਪਾ ਗੱਠਜੋੜ ਨੇ ਨਵਾਂ ਕੀਮੀਆਈ ਰਿਸ਼ਤਾ ਉੱਭਾਰਿਆ ਹੈ। ਇਹ ਸਹਿਹੋਂਦ ਅਜੇ ਪੂਰੀ ਤਰ੍ਹਾਂ ਸਥਾਪਤ ਨਹੀਂ ਹੋਈ, ਪਰ ਇਸ ਨੇ ਵੱਖ-ਵੱਖ ਚੀਜ਼ਾਂ ਨੂੰ ਪਿਛਲੇ 70 ਸਾਲਾਂ ਦੇ ਅਨੁਭਵਾਂ ਨਾਲੋਂ ਵੱਖਰੀ ਤਰ੍ਹਾਂ ਕਰਨ ਦੀ ਸਮਰੱਥਾ ਜ਼ਰੂਰ ਉਭਾਰੀ ਹੈ। ਉਂਜ, ਆਮ ਕਸ਼ਮੀਰੀ ਤੇ ਕਿਸੇ ਵੀ ਹੋਰ ਭਾਰਤੀ ਲਈ ਇਹ ਸਵਾਲ ਅਜੇ ਵੀ ਬਾਕੀ ਹੈ ਕਿ "ਨਵੀਂ ਦਿੱਲੀ ਵਿੱਚ ਕੀ ਕੋਈ ਜਾਣਦਾ ਹੈ ਕਿ ਕਸ਼ਮੀਰ ਦਾ ਕੀ ਕਰੀਏ ?"

## ਪਾਕਿਸਤਾਨ : ਪੁਲੀਸ ਟਰੇਨਿੰਗ ਸਕੂਲ 'ਤੇ ਇਸਲਾਮੀ ਸਟੇਟ ਵਲੋਂ ਹਮਲਾ, 61 ਰੰਗਰੂਟਾਂ ਦੀ ਮੌਤ, ਸੌ ਤੋਂ ਵੱਧ ਜ਼ਖ਼ਮੀ

**ਕੋਇਟਾ/ਬਿਊਰੋ ਨਿਊਜ਼** : ਪਾਕਿਸਤਾਨ ਵਿੱਚ ਭਿਆਨਕ ਦਹਿਸ਼ਤੀ ਹਮਲੇ ਦੌਰਾਨ ਦਹਿਸ਼ਤਗਰਦਾਂ ਨੇ ਮੁਲਕ ਦੇ ਗੜਬੜਜ਼ਦਾ ਬਲੋਚਿਸਤਾਨ ਸੂਬੇ ਵਿੱਚ ਇਕ ਪੁਲੀਸ ਟਰੇਨਿੰਗ ਸਕੂਲ ਵਿਚ 61 ਰੰਗਰੂਟਾਂ ਨੂੰ ਮਾਰ ਮੁਕਾਇਆ ਤੇ 100 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਕਰੀਬ ਇਕ ਘੰਟਾ ਚੱਲੇ ਇਸ ਹਮਲੇ ਦੌਰਾਨ ਅਤਿਵਾਦੀਆਂ ਨੇ ਰੱਜ ਕੇ ਖ਼ੂਨ-ਖ਼ਰਾਬਾ ਕੀਤਾ, ਜਿਸ ਦੀ ਜ਼ਿੰਮੇਵਾਰੀ ਇਸਲਾਮੀ ਸਟੇਟ (ਆਈਐਸ) ਨੇ ਲਈ ਹੈ। ਟਰੇਨਿੰਗ ਸਕੂਲ ਵਿੱਚ ਕਰੀਬ 700 ਰੰਗਰੂਟ ਭਰਤੀ ਸਨ। ਹਮਲੇ ਦੀ ਜਾਣਕਾਰੀ ਮਿਲਦਿਆਂ ਹੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਆਪਣੇ ਰੁਝੇਵੇਂ ਰੱਦ ਕੇ ਇਥੇ ਪੁੱਜੇ ਤੇ ਉਨ੍ਹਾਂ ਇਕ ਉਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਫ਼ੌਜ ਦੇ ਮੁਖੀ ਜਨਰਲ ਰਹੀਲ ਸ਼ਰੀਫ਼ ਵੀ ਹਾਜ਼ਰ ਸਨ। ਹਮਲਾਵਰਾਂ ਦੀ ਗਿਣਤੀ ਘੱਟੋ-ਘੱਟ



ਤਿੰਨ ਸੀ, ਜੋ ਭਾਰੀ ਗੋਲੀ-ਸਿੱਕੇ ਨਾਲ ਲੈਸ ਸਨ। ਉਹ ਇਕ ਕੱਚੀ ਕੰਧ ਤੇ ਨਾਕਾਫ਼ੀ ਸੁਰੱਖਿਆ ਪ੍ਰਬੰਧਾਂ ਦਾ ਫ਼ਾਇਦਾ ਉਠਾ ਕੇ ਟਰੇਨਿੰਗ ਸਕੂਲ ਵਿੱਚ ਦਾਖ਼ਲ ਹੋਏ ਤੇ ਸੁੱਤੇ ਪਏ ਜਵਾਨਾਂ ਨੂੰ ਆਪਣੇ ਜਨੂੰਨ ਦਾ ਸ਼ਿਕਾਰ ਬਣਾਇਆ। ਪਹਿਲਾਂ ਉਨ੍ਹਾਂ ਸੁਰੱਖਿਆ ਨਿਗਰਾਨੀ ਟਾਵਰ ਉਤੇ ਤਾਇਨਾਤ ਪੁਲੀਸ ਜਵਾਨ ਨੂੰ ਗੋਲੀ ਮਾਰੀ ਤੇ ਫਿਰ ਡੋਰਮੈਟਰੀ ਵਿੱਚ ਆਣ ਵੜੇ ਜਿੱਥੇ ਜਵਾਨ ਸੁੱਤੇ ਪਏ ਸਨ। ਇਨ੍ਹਾਂ ਦੀ ਉਮਰ 15 ਤੋਂ 25 ਸਾਲਾਂ ਦਰਮਿਆਨ ਸੀ। ਹਮਲਾ ਹੁੰਦਿਆਂ ਹੀ ਰੰਗਰੂਟਾਂ ਵਿੱਚ ਦਹਿਸ਼ਤ ਫੈਲ ਗਈ ਅਤੇ ਕਈਆਂ ਨੇ ਬਚਣ ਲਈ ਛੱਤਾਂ ਤੋਂ ਛਾਲਾਂ ਮਾਰ ਦਿੱਤੀਆਂ। ਚਸ਼ਮਦੀਦਾਂ ਮੁਤਾਬਕ ਹਮਲਾਵਰ ਕਲਾਸ਼ਨੀਕੋਵ (ਏਕੇ) ਰਾਈਫ਼ਲਾਂ ਨਾਲ ਲੈਸ ਸਨ। ਹਮਲਾ ਬਹੁਤ ਹੀ ਗਿਣ-ਮਿੱਥ ਕੇ ਕੀਤਾ ਗਿਆ ਜਾਪਦਾ ਹੈ।

**ਬਾਕੀ ਸਫ਼ਾ 40 'ਤੇ**

# ਸੱਤਾ ਵਿਚ ਆਉਂਦਿਆਂ ਹੀ ਅਕਾਲੀਆਂ ਖ਼ਿਲਾਫ਼ ਸਾਰੇ ਕੇਸ ਖੋਲ੍ਹਾਂਗੇ : ਭਗਵੰਤ ਮਾਨ

**ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਪੰਜਾਬ ਵਿਚ ਪਾਰਟੀ ਦੀ ਚੋਣ ਮੁਹਿੰਮ ਜ਼ੋਰਾਂ-ਸ਼ੋਰਾਂ ਨਾਲ ਚਲਾ ਰਹੇ ਹਨ। ਮਾਨ, ਜਿਨ੍ਹਾਂ ਨੇ ਲੋਕ ਸਭਾ ਚੋਣ ਰਿਕਾਰਡ ਅੰਤਰ ਨਾਲ ਜਿੱਤੀ ਸੀ, ਸੂਬੇ ਵਿਚ ਕਾਫ਼ੀ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ ਪਰ ਨਾਲੋ-ਨਾਲ ਅਕਸਰ ਵਿਵਾਦਾਂ ਵਿਚ ਵੀ ਘਿਰੇ ਰਹਿੰਦੇ ਹਨ। ਇਸ ਸਬੰਧ ਵਿਚ ਅੰਗਰੇਜ਼ੀ ਅਖ਼ਬਾਰ 'ਡੇਲੀ ਵਰਲਡ' ਵਲੋਂ ਉਨ੍ਹਾਂ ਨਾਲ ਖ਼ਾਸ ਮੁਲਾਕਾਤ ਕੀਤੀ ਗਈ, ਜੋ ਤੁਹਾਡੀ ਨਜ਼ਰ ਪੇਸ਼ ਹੈ।**



ਭਗਵੰਤ ਮਾਨ

**ਸਵਾਲ- ਪੰਜਾਬ ਵਿਚ 2017 ਦੀਆਂ ਚੋਣਾਂ ਵਿਚ ਤੁਸੀਂ 'ਆਪ' ਦੀ ਭੂਮਿਕਾ ਬਾਰੇ ਕਿਸ ਤਰ੍ਹਾਂ ਸੋਚਦੇ ਹੋ? ਤੁਹਾਡੇ ਵਿਚਾਰ ਵਿਚ ਸਿਆਸੀ ਏਜੰਡਾ ਕੀ ਹੋਣਾ ਚਾਹੀਦਾ ਹੈ?**

ਮਾਨ- ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ ਦੇਸ਼ ਭਰ ਵਿਚ ਹੁੰਗਾਰਾ ਨਹੀਂ ਸੀ ਮਿਲਿਆ ਪਰ ਪੰਜਾਬ ਵਿਚ ਇਸ ਨੇ ਚਾਰ ਸੀਟਾਂ ਜਿੱਤ ਲਈਆਂ ਸਨ। ਇਸ ਦਾ ਮਤਲਬ ਹੈ ਕਿ ਪੰਜਾਬ ਦੇ ਲੋਕਾਂ ਨੇ 'ਆਪ' ਨੂੰ ਪੂਰੀ ਤਰ੍ਹਾਂ ਸਵੀਕਾਰ ਲਿਆ ਹੈ ਅਤੇ ਇਕੋ ਜਿਹੇ ਸਿਆਸੀ ਖਾਸੇ ਵਾਲੀਆਂ ਪਾਰਟੀਆਂ ਕਾਂਗਰਸ ਤੇ ਅਕਾਲੀ-ਭਾਜਪਾ ਗਠਜੋੜ ਦੇ ਬਦਲ ਵਜੋਂ ਹੀ 'ਆਪ' ਨੂੰ ਲੈ ਰਹੇ ਹਨ। ਇਨ੍ਹਾਂ ਤਿੰਨਾਂ ਪਾਰਟੀਆਂ ਨੇ ਰਲ਼ ਕੇ ਪੰਜਾਬ ਨੂੰ ਲੁੱਟ ਲਿਆ ਹੈ। ਮੈਂ ਇਹ ਤਾਂ ਨਹੀਂ ਦੱਸ ਸਕਦਾ ਕਿ ਅਸੀਂ ਕਿੰਨੀਆਂ ਸੀਟਾਂ ਲਵਾਂਗੇ ਪਰ ਜਿਸ ਤਰ੍ਹਾਂ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਲੋਕ 'ਆਪ' ਨੂੰ ਤੀਜੇ ਬਦਲ ਵਜੋਂ ਮੌਕਾ ਦੇਣਾ ਚਾਹੁੰਦੇ ਹਨ। ਮੈਨੂੰ ਪੂਰਾ ਯਕੀਨ ਹੈ ਕਿ 'ਆਪ' ਭਾਰੀ ਬਹੁਮਤ ਨਾਲ ਵਿਧਾਨ ਸਭਾ ਚੋਣਾਂ ਜਿੱਤੇਗੀ। 'ਆਪ' ਨੂੰ ਲੈ ਕੇ ਪੰਜਾਬੀਆਂ ਦਾ ਉਤਸ਼ਾਹ ਦੇਖਣ ਵਾਲਾ ਹੈ। ਅੱਜ ਪੰਜਾਬ ਦੀ ਹਾਲਤ ਬਾਰੇ ਹਰ ਕੋਈ ਜਾਣੂ ਹੈ। ਇਥੇ ਅਮਨ-ਕਾਨੂੰਨ ਦੀ ਸਥਿਤੀ ਬਹੁਤ ਬਦਤਰ ਹੋ ਚੁੱਕੀ ਹੈ ਕਿਉਂਕਿ ਬਾਦਲ ਸਰਕਾਰ ਦੀ ਹਕੂਮਤ ਵਿਚ ਪੁਲੀਸ ਮਸ਼ੀਨਰੀ ਦੀ ਬੁਰੀ ਤਰ੍ਹਾਂ ਦੁਰਵਰਤੋਂ ਹੋ ਰਹੀ ਹੈ। ਮੈਂ ਜਦੋਂ ਵੀ ਮਾਲਵਾ, ਮਾਝਾ ਤੇ ਦੋਆਬਾ ਜਾਂਦਾ ਹਾਂ ਤਾਂ ਸਾਰੇ ਪਾਸੇ ਇਕੋ ਜਿਹੀਆਂ ਸਮੱਸਿਆਵਾਂ ਹਨ। ਲੋਕ ਅਕਾਲੀਆਂ ਤੋਂ ਬੁਰੀ ਤਰ੍ਹਾਂ ਅੱਕ ਚੁੱਕੇ ਹਨ ਤੇ ਬਾਦਲ ਸਰਕਾਰ ਲੋਕਾਂ 'ਤੇ ਝੂਠੇ ਪਰਚੇ ਦਰਜ ਕਰਵਾ ਰਹੀ ਹੈ।

**ਸਵਾਲ- ਕੁਝ ਮਹੀਨੇ ਪਹਿਲਾਂ 'ਆਪ' ਦੀ ਸਥਿਤੀ ਬਹੁਤ ਬਿਹਤਰ ਨਜ਼ਰ ਆ ਰਹੀ ਸੀ ਪਰ ਹਾਲ ਹੀ ਦੇ ਸਰਵੇਖਣਾਂ ਨੇ ਇਸ ਨੂੰ ਦੂਜੇ ਨੰਬਰ 'ਤੇ ਪਹੁੰਚਾ ਦਿੱਤਾ ਹੈ। ਲਗਦਾ ਹੈ ਤੁਹਾਡੀ ਪਾਰਟੀ ਦੀ ਪੁਜੀਸ਼ਨ ਥੋੜ੍ਹੀ ਹੇਠਾਂ ਆਈ ਹੈ?**

ਮਾਨ- ਹਾਂ ਜੀ, ਸਰਵੇਖਣ ਆਏ ਹਨ ਪਰ ਇਨ੍ਹਾਂ 'ਤੇ ਕੋਈ ਟਿੱਪਣੀ ਨਹੀਂ ਕਰਨੀ ਚਾਹੁੰਦਾ। ਦਿੱਲੀ ਵਿਚ ਚੋਣ ਸਰੇਵਖਣਾਂ ਦੌਰਾਨ ਕਿਹਾ ਗਿਆ ਸੀ ਕਿ ਸਾਨੂੰ ਪੰਜ ਸੀਟਾਂ ਮਿਲਣਗੀਆਂ। ਫੇਰ ਉਨ੍ਹਾਂ ਨੇ ਕਿਹਾ ਕਿ ਨਹੀਂ 15 ਸੀਟਾਂ ਤੇ ਫੇਰ ਕਿਹਾ 25 ਤੇ ਅਖ਼ੀਰ ਕਿਹਾ ਕਿ 37 ਸੀਟਾਂ ਮਿਲਣਗੀਆਂ ਅਤੇ ਸਾਨੂੰ 70 ਵਿਚੋਂ 67 ਸੀਟਾਂ ਮਿਲੀਆਂ। ਆਖ਼ਰੀ ਸਰਵੇਖਣ ਲੋਕਾਂ ਵਲੋਂ ਕੀਤਾ ਗਿਆ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਕਾਂਗਰਸ ਸਾਡੇ ਨੇੜੇ-ਤੇੜੇ ਵੀ ਨਹੀਂ ਹੈ। ਦਿੱਲੀ ਵਿਚ ਕਾਂਗਰਸ ਸਿਫ਼ਰ 'ਤੇ ਸਿਮਟ ਗਈ ਹੈ ਤੇ ਪੰਜਾਬ ਦੇ ਲੋਕ ਕਾਂਗਰਸ ਤੇ ਅਕਾਲੀਆਂ ਦੋਹਾਂ ਤੋਂ ਅੱਕ ਚੁੱਕੇ ਹਨ। ਅਸੀਂ ਪੰਜਾਬ ਨੂੰ ਮੁੜ ਖ਼ੁਸ਼ਹਾਲੀ ਵੱਲ ਲੈ ਕੇ ਆਉਣ ਲਈ ਸੰਘਰਸ਼ ਕਰ ਰਹੇ ਹਾਂ ਅਤੇ ਅਸੀਂ ਪੰਜਾਬ ਨੂੰ ਕੈਲੀਫੋਰਨੀਆ ਜਾਂ ਕੁਝ ਹੋਰ ਨਹੀਂ ਬਣਾਉਣਾ ਚਾਹੁੰਦੇ ਪਰ ਅਸੀਂ ਪੰਜਾਬ ਨੂੰ ਪੁਰਾਣੇ ਵਾਲਾ ਪੰਜਾਬ ਬਣਾਉਣ ਦੇ ਯਤਨ ਕਰ ਰਹੇ ਹਨ। ਮੇਰੀ ਜ਼ਿੰਦਗੀ ਦਾ ਇਕੋ ਮਕਸਦ ਹੈ ਕਿ ਪੰਜਾਬ ਨੂੰ ਇਸ ਚਮਕ ਵਾਪਸ ਲੈ ਕੇ ਦੇਣਾ।

**ਸਵਾਲ-ਤੁਹਾਡਾ ਮੁੱਖ ਮੰਤਰੀ ਦਾ ਉਮੀਦਵਾਰ ਕੌਣ ਹੋਵੇਗਾ? ਤੁਸੀਂ ਚੋਣਾਂ ਵੇਲੇ ਕਿਸੇ ਦਾ ਚਿਹਰਾ ਪੇਸ਼ ਕਰਨਾ ਚਾਹੁੰਦੇ ਹੋ? ਜਾਂ ਜੇਕਰ ਤੁਹਾਡੀ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਕੇਜਰੀਵਾਲ ਪੰਜਾਬ ਦੇ ਅਗਲੇ ਮੁੱਖ ਮੰਤਰੀ ਹੋ ਸਕਦੇ ਹਨ?**

ਮਾਨ- ਅਸੀਂ ਇਸ ਬਾਰੇ ਹਾਲੇ ਕੋਈ ਫ਼ੈਸਲਾ ਨਹੀਂ ਲਿਆ। ਇਸ ਮਸਲੇ 'ਤੇ ਪਾਰਟੀ ਅੰਦਰ ਕੋਈ ਵਿਚਾਰ ਨਹੀਂ ਹੋਇਆ ਅਤੇ ਇਸ ਬਾਰੇ ਕੋਈ ਵੀ ਫੈਸਲਾ ਹਾਈ ਕਮਾਂਡ ਹੀ ਲਏਗੀ। ਹਾਂ, ਇਕ ਗੱਲ ਪੱਕੀ ਹੈ ਕਿ ਅਰਵਿੰਦ ਕੇਜਰੀਵਾਲ ਚੋਣਾਂ ਦੌਰਾਨ ਪੰਜਾਬ ਵਿਚ ਵੱਡੇ ਪੱਧਰ 'ਤੇ ਮੁਹਿੰਮ ਚਲਾਉਣਗੇ। ਮੁੱਖ ਮੰਤਰੀ ਬਾਰੇ ਆਖ਼ਰੀ ਫ਼ੈਸਲਾ ਬਾਅਦ ਵਿਚ ਲਿਆ ਜਾਵੇਗਾ।

**ਸਵਾਲ- ਪਾਰਟੀ ਅੰਦਰ ਪੁਜੀਸ਼ਨਾਂ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ, ਤੁਹਾਡੇ ਦੋ ਸੰਸਦ ਮੈਂਬਰ ਬਾਗ਼ੀ ਹੋ ਗਏ ਹਨ, 'ਆਪ' ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਹੈ, ਇਸ ਨਾਲ ਪਾਰਟੀ ਨੂੰ ਢਾਹ ਲੱਗੀ ਹੈ। ਤੁਹਾਡਾ ਇਸ ਬਾਰੇ ਕੀ ਕਹਿਣਾ ਹੈ?**

ਮਾਨ- ਦੋਵੇਂ ਸੰਸਦ ਮੈਂਬਰਾਂ (ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖ਼ਾਲਸਾ) ਨੇ ਪਾਰਟੀ ਨਹੀਂ ਛੱਡੀ, ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਮੁਅੱਤਲ ਕੀਤਾ ਗਿਆ ਹੈ। ਉਨ੍ਹਾਂ ਨੇ ਅਨੁਸਾਸ਼ਨ ਭੰਗ ਕੀਤਾ ਕਿਉਂਕਿ ਪਾਰਟੀ ਨੇ ਫ਼ੌਜ ਵਾਂਗ ਚੱਲਣਾ ਹੁੰਦਾ ਹੈ ਤੇ ਸਾਰਿਆਂ ਦਾ ਤਾਲਮੇਲ ਜ਼ਰੂਰੀ ਹੁੰਦਾ ਹੈ। ਛੋਟੇਪੁਰ ਦੇ ਮਾਮਲੇ ਵਿਚ, ਉਸ ਨੇ ਉਹੀ ਕੁਝ ਕੀਤਾ, ਜਿਸ ਲਈ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ। ਪਾਰਟੀ ਵਲੋਂ ਕਾਇਮ ਪੈਨਲ ਅੱਗੇ ਉਨ੍ਹਾਂ ਨੂੰ ਆਪਣਾ ਜਵਾਬ ਦੇਣ ਲਈ ਕਿਹਾ ਗਿਆ ਸੀ ਪਰ ਉਨ੍ਹਾਂ ਨੇ ਇਨ੍ਹਾਂ ਆਦੇਸ਼ਾਂ ਦੀ ਪ੍ਰਵਾਹ ਨਹੀਂ ਕੀਤੀ ਅਤੇ ਆਪਣਾ ਵੱਖਰਾ ਸਿਆਸੀ ਫਰੰਟ ਬਣਾ ਲਿਆ। ਮੈਂ ਸਿਰਫ਼ ਇਹੀ ਕਹਿ ਸਕਦਾ ਹਾਂ ਕਿ 'ਆਪ' ਆਗੂ ਪਾਰਟੀ ਨਾਲੋਂ ਵੱਡੇ ਨਹੀਂ ਹਨ। ਨੇਤਾ ਆਉਂਦੇ-ਜਾਂਦੇ ਰਹਿੰਦੇ ਹਨ ਪਰ 'ਆਪ' ਚਲਦੀ ਰਹੇਗੀ ਕਿਉਂਕਿ ਇਸ ਦਾ ਆਪਣਾ ਨਜ਼ਰੀਆ ਹੈ।

ਛੋਟੇਪੁਰ ਦੇ ਪਾਰਟੀ ਛੱਡਣ ਮਗਰੋਂ ਮੋਗਾ ਵਿਚ ਸਤੰਬਰ ਵਿਚ ਰੈਲੀ ਕੀਤੀ ਗਈ ਸੀ ਅਤੇ ਰੈਲੀ ਵਿਚ ਚਾਰ ਲੱਖ ਤੋਂ ਵੱਧ ਲੋਕ ਆਏ। ਇਹ ਸਪਸ਼ਟ ਸਿੱਧ ਕਰਦਾ ਹੈ ਕਿ 'ਆਪ' ਹਾਲੇ ਵੀ ਪੰਜਾਬ ਦੇ ਵੋਟਰਾਂ ਦੀ ਚਹੇਤੀ ਹੈ। ਪੰਜਾਬ ਦੇ ਲੋਕ ਦੋਵੇਂ ਰਵਾਇਤੀ ਪਾਰਟੀਆਂ ਤੋਂ ਅੱਕੇ ਪਏ ਹਨ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਇਹ ਲੋਕਾਂ ਦੇ ਭਲੇ ਬਾਰੇ ਨਹੀਂ ਸੋਚਦੀਆਂ। ਇਸ ਲਈ ਛੋਟੇਪੁਰ ਕਾਂਡ 'ਆਪ' ਦੇ ਭਵਿੱਖ 'ਤੇ ਕੋਈ ਅਸਰ ਨਹੀਂ ਕਰੇਗਾ।

**ਸਵਾਲ- ਦੂਜੀਆਂ ਪਾਰਟੀਆਂ ਦੋਸ਼ ਲਾਉਂਦੀਆਂ ਹਨ ਕਿ 'ਆਪ' ਟੋਪੀਵਾਲਿਆਂ ਨਾਲ ਭਰੀ ਪਈ ਹੈ ਤੇ ਬਾਹਰਲਿਆਂ ਦੀ ਪਾਰਟੀ ਹੈ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?**

ਮਾਨ- ਕੀ ਭਗਵੰਤ ਮਾਨ ਪੰਜਾਬ ਤੋਂ ਨਹੀਂ, ਜਾਂ ਕੰਵਰ ਸੰਧੂ, ਐਚ. ਐਸ. ਫੂਲਕਾ ਜਾਂ ਗੁਰਪ੍ਰੀਤ ਘੁੱਗੀ ਜਾਂ ਖਹਿਰਾ ਪੰਜਾਬ ਤੋਂ ਨਹੀਂ? ਸਾਡੇ ਸਾਰੇ ਉਮੀਦਵਾਰ, ਜਿਨ੍ਹਾਂ ਨੂੰ ਹੁਣ ਤਕ ਟਿਕਟਾਂ ਮਿਲ ਚੁੱਕੀਆਂ ਹਨ, ਪੰਜਾਬ ਤੋਂ ਹਨ। ਉਹ ਕੌਣ ਹੁੰਦੇ ਹਨ ਸਾਨੂੰ ਟੋਪੀਵਾਲੇ ਤੇ ਬਾਹਰਲੇ ਕਹਿਣ ਵਾਲੇ। ਮੈਨੂੰ ਕਾਊਂਟਰ ਸਵਾਲ ਪੁਛਣਾ ਚਾਹੁੰਦਾ ਹਾਂ। ਕੀ ਸੋਨੀਆ ਗਾਂਧੀ ਅੰਮ੍ਰਿਤਸਰ ਜਾਂ ਆਸ਼ਾ ਕੁਮਾਰੀ ਜ਼ੀਰਕਪੁਰ ਤੋਂ ਹੈ ਜਾਂ ਰਾਹੁਲ ਗਾਂਧੀ ਬਠਿੰਡਾ ਜਾਂ ਹਰੀਸ਼ ਚੌਧਰੀ ਸੰਗਰੂਰ ਤੋਂ ਹਨ? ਇਸ ਲਈ ਇਹ ਕਹਿਣਾ ਗ਼ਲਤ ਹੋਵੇਗਾ ਕਿ 'ਆਪ' ਬਾਹਰਲਿਆਂ ਨਾਲ ਭਰੀ ਪਈ ਹੈ। ਕਾਂਗਰਸ ਕੌਮੀ ਪਾਰਟੀ ਹੈ ਤੇ 'ਆਪ' ਵੀ ਕੌਮੀ ਪਾਰਟੀ ਹੈ, ਇਸ ਲਈ ਪੂਰੇ ਦੇਸ਼ ਦੇ ਲੋਕ ਸਾਡੇ ਨਾਲ ਜੁੜੇ ਹਨ।

**ਸਵਾਲ- ਤੁਹਾਡੀ ਪਾਰਟੀ ਖ਼ਿਲਾਫ਼ ਇਕ ਹੋਰ ਦੋਸ਼ ਲਗਦਾ ਹੈ ਕਿ ਤੁਹਾਨੂੰ ਸਿੱਖੀ ਦੇ ਮੁੱਦਿਆਂ ਬਾਰੇ ਕੁਝ ਨਹੀਂ ਪਤਾ ਤੇ ਤੁਸੀਂ ਸਿੱਖ ਭਾਵਨਾਵਾਂ ਦੀ ਕਦਰ ਨਹੀਂ ਕਰਦੇ? ਹਾਲ ਹੀ ਵਿਚ, ਤੁਹਾਡੇ ਕੌਮੀ ਆਗੂ ਅਸ਼ੀਸ਼ ਖੇਤਾਨ 'ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਸਬੰਧੀ ਕੇਸ ਵੀ ਦਰਜ ਹੋਇਆ?**

ਮਾਨ- ਇਹ ਕੁਝ ਪਾਰਟੀਆਂ ਵਲੋਂ ਧਾਰਮਿਕ-ਸਿਆਸੀ ਖੇਡ ਖੇਡੀ ਜਾ ਰਹੀ ਹੈ। ਅਸੀਂ ਧਰਮ ਨਿਰਪੱਖ ਹਾਂ ਤੇ ਅਸੀਂ ਧਾਰਮਿਕ ਸਿਆਸੀ ਚਾਲਾਂ ਨਹੀਂ ਚਲਦੇ। ਜਿੱਥੋਂ ਤਕ ਸਿੱਖਾਂ ਦੀਆਂ ਭਾਵਨਾਵਾਂ ਬਾਰੇ ਜਾਣਨ ਦਾ ਸਵਾਲ ਹੈ, ਐਚ.ਐਸ. ਫੂਲਕਾ ਤੋਂ ਵੱਧ ਕੌਣ ਜਾਣ ਸਕਦਾ ਹੈ ਜੋ 1984 ਤੋਂ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਦਾ ਕੇਸ ਲੜਦੇ ਆ ਰਹੇ ਹਨ ਜਾਂ ਜਰਨੈਲ ਸਿੰਘ, ਜੋ ਖ਼ੁਦ ਦੰਗਿਆਂ ਦਾ ਪੀੜਤ ਹੈ ਤੇ ਇਨ੍ਹਾਂ ਕਤਲੇਆਮ ਵਿਚ ਉਸ ਦੇ ਪਰਿਵਾਰਕ ਜੀਅ ਨਹੀਂ ਰਹੇ ਤੇ 'ਆਪ' ਸਾਰੇ ਪੰਜਾਬੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰਨਾ ਚਾਹੁੰਦੀ ਹੈ।

**ਸਵਾਲ- ਬਾਦਲ ਸਰਕਾਰ ਨੇ ਹਾਲ ਹੀ ਵਿਚ ਪੰਜਾਬ ਦੇ ਖੇਤੀਬਾੜੀ ਮੰਤਰੀ ਤੋਤਾ ਸਿੰਘ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਪੁਰਾਣਾ ਕੇਸ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ, ਤੋਤਾ ਸਿੰਘ ਮਾੜੀਆਂ ਰਸਾਇਣਕ ਖਾਦਾਂ ਦੀ ਸਪਲਾਈ ਦੇ ਦੋਸ਼ਾਂ ਵਿਚ ਵੀ ਘਿਰੇ ਹਨ, ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?**

ਮਾਨ- ਜ਼ਾਹਰ ਹੈ ਕਿ ਫ਼ਸਲਾਂ ਦੀ ਬਰਬਾਦੀ ਅਤੇ ਖਾਦ ਘੁਟਾਲਾ ਪੰਜਾਬ ਦੇ ਕਿਸਾਨਾਂ ਲਈ ਵੱਡੀ ਮਾਰ ਹੈ। ਸੈਂਕੜੇ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਸੱਤਾਧਾਰੀ ਪਾਰਟੀ ਦੇ ਆਗੂ ਸੂਬੇ ਵਿਚ ਆਪਣੀ ਸੱਤਾ ਖੁੱਸਣ ਤੋਂ ਪਹਿਲਾਂ ਆਪਣੀਆਂ ਕਰਤੂਤਾਂ ਤੋਂ ਬਰੀ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਤਾਂ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਵੀ ਭ੍ਰਿਸ਼ਟਾਚਾਰ ਦਾ ਕੇਸ ਰੱਦ ਕਰ ਦਿੱਤਾ ਹੈ। ਇਹ ਇਕੋ ਥਾਲੀ ਦੇ ਚੱਟੇ-ਵੱਟੇ ਹਨ। ਪਰ 'ਆਪ' ਨੇ ਜਿਹੜਾ ਮੈਨੀਫੈਸਟੋ ਤਿਆਰ ਕੀਤਾ ਹੈ, ਅਸੀਂ ਵਿਸ਼ੇਸ਼ ਤੌਰ 'ਤੇ ਤੋਤਾ ਸਿੰਘ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਤੇ ਸਿਕੰਦਰ ਸਿੰਘ ਮਲੂਕਾ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ। ਅਸੀਂ ਆਪਣੇ ਕਿਸਾਨ ਮੈਨੀਫੈਸਟੋ 'ਤੇ ਵਚਨਬੱਧ ਹਾਂ ਕਿ ਜਦੋਂ ਵੀ ਅਸੀਂ ਸੱਤਾ ਵਿਚ ਆਏ ਤਾਂ ਅਸੀਂ ਵਿਸ਼ੇਸ਼ ਜਾਂਚ ਟੀਮ ਕਾਇਮ ਕਰਾਂਗੇ ਤੇ ਸਾਰੇ ਕੇਸ ਮੁੜ ਖੋਲ੍ਹੇ ਜਾਣਗੇ।

**ਸਵਾਲ- ਪਹਿਲਾਂ ਇਹ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਸਨ ਕਿ ਨਵਜੋਤ ਸਿੰਘ ਸਿੱਧੂ 'ਆਪ' ਵਿਚ ਸ਼ਾਮਲ ਹੋ ਸਕਦੇ ਹਨ। ਤੁਸੀਂ ਇਸ ਬਾਰੇ ਕੀ ਸੋਚਦੇ ਹੋ?**

ਮਾਨ- ਮੈਂ ਪਹਿਲਾ ਵਿਅਕਤੀ ਹਾਂ ਜੋ ਨਵਜੋਤ ਸਿੱਧੂ ਦੇ ਪਾਰਟੀ ਵਿਚ ਸ਼ਾਮਲ ਹੋਣ ਦਾ ਸਵਾਗਤ ਕਰਾਂਗਾ। ਜਿਸ ਉਨ੍ਹਾਂ ਰਾਜ ਸਭਾ ਤੋਂ ਅਸਤੀਫ਼ਾ ਦਿੱਤਾ ਸੀ, ਮੈਂ ਪਹਿਲਾ ਵਿਅਕਤੀ ਸੀ, ਜਿਸ ਨੇ ਉਨ੍ਹਾਂ ਦਾ ਸਵਾਗਤ ਕੀਤਾ ਸੀ। ਬਚਪਨ ਤੋਂ ਹੀ ਉਹ ਮੇਰੇ ਆਦਰਸ਼ ਰਹੇ ਹਨ। ਮੈਂ ਪਾਰਟੀ ਵਿਚ ਉਨ੍ਹਾਂ ਦਾ ਦਿਲੋਂ ਸਵਾਗਤ ਕਰਦਾ ਹਾਂ। ਉਹ ਆਉਣ ਤੇ ਸਾਡੇ ਨਾਲ ਸ਼ਾਮਲ ਹੋਣ। ਪਰ ਸਿੱਧੂ ਅਤੇ ਸਾਡੇ ਵਿਚਾਲੇ ਕੋਈ ਗੱਲਬਾਤ ਨਹੀਂ ਹੋਈ। ਜੇਕਰ ਸਿੱਧੂ ਅਤੇ ਹਾਈ ਕਮਾਂਡ ਵਿਚਾਲੇ ਕੋਈ ਗੱਲ ਹੋਈ ਹੈ ਤਾਂ ਮੈਨੂੰ ਇਸ ਦੀ ਜਾਣਕਾਰੀ ਨਹੀਂ ਹੈ।

**ਸਵਾਲ- ਦੋਸ਼ ਲਗਦੇ ਹਨ ਕਿ ਤੁਸੀਂ ਬਹੁਤ ਜ਼ਿਆਦਾ ਸ਼ਰਾਬ ਪੀਂਦੇ ਹੋ, ਇਥੋਂ ਤਕ ਕਿ ਦਿਨ ਵਿਚ ਹੀ ਪੀਤੀ ਹੁੰਦੀ ਹੈ? ਇਹ ਵੀ ਰਿਪੋਰਟਾਂ ਹਨ ਕਿ ਸ਼ਰਾਬ ਪੀ ਕੇ ਸੰਸਦ ਵਿਚ ਵੀ ਗਏ?**

ਮਾਨ- ਇਹ ਸੌ ਫ਼ੀਸਦੀ ਝੂਠ ਹੈ। ਉਹ ਲੋਕ ਸਿਰਫ਼ ਮੇਰੀ ਦਿਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਉਨ੍ਹਾਂ ਨੂੰ ਮੇਰੇ ਖ਼ਿਲਾਫ਼ ਕੁਝ ਨਹੀਂ ਮਿਲਿਆ, ਇਸ ਲਈ ਉਹ ਮੇਰੇ ਖ਼ਿਲਾਫ਼ ਝੂਠਾ ਪ੍ਰਚਾਰ ਕਰ ਰਹੇ ਹਨ। ਮੈਂ ਅਜਿਹਾ ਕੁਝ ਵੀ ਨਹੀਂ ਕੀਤਾ। ਪਿਛਲੇ ਦੋ ਸਾਲਾਂ ਤੋਂ ਕਿਸੇ ਨੂੰ ਮੇਰੇ ਤੋਂ ਕੋਈ ਸਮੱਸਿਆ ਨਹੀਂ ਸੀ ਤੇ ਉਹ ਅਚਾਨਕ ਆ ਕੇ ਮੇਰੇ ਖ਼ਿਲਾਫ਼ ਦੋਸ਼ ਮੜ੍ਹਨ ਲੱਗੇ। ਕਿਸੇ ਵੀ ਸਟੇਜ 'ਤੇ ਅਜਿਹੀ ਕੋਈ ਗੱਲ ਨਹੀਂ ਵਾਪਰੀ। ਮੈਂ ਸਿਰਫ਼ ਪੰਜਾਬ ਨੂੰ ਉਸ ਦੇ ਦੁੱਖਾਂ ਤੋਂ ਛੁਟਕਾਰਾ ਦਿਵਾਉਣ ਲਈ ਲੜ ਰਿਹਾ ਹਾਂ। ਅਕਾਲੀ ਦਲ ਅਤੇ ਸਾਡੇ ਪਾਰਟੀ ਵਿਚੋਂ ਕੱਢੇ ਲੋਕ ਮੇਰੇ ਖ਼ਿਲਾਫ਼ ਕੁੜਪ੍ਰਚਾਰ ਕਰ ਰਹੇ ਹਨ।

**ਸਵਾਲ- ਹਾਲ ਹੀ ਵਿਚ ਤੁਸੀਂ ਸੰਸਦ ਦੀ ਸੁਰੱਖਿਆ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਵੀਡੀਓ ਪਾਉਣ ਕਾਰਨ ਵਿਵਾਦਾਂ ਵਿਚ ਆ ਗਏ ਸੀ। ਦੋਸ਼ ਲੱਗੇ ਸਨ ਕਿ ਤੁਸੀਂ ਅਜਿਹਾ ਕਰ ਕੇ ਸੰਸਦ ਦੀ ਸੁਰੱਖਿਆ ਦਾਅ 'ਤੇ ਲਾਈ ਹੈ। ਉਸ ਕੇਸ ਦਾ ਕੀ ਹੋਇਆ?**

ਮਾਨ- ਮੈਂ ਸੰਸਦ ਦੇ ਸਿਫ਼ਰ ਕਾਲ ਦੀ ਵੀਡੀਓ ਅਪਲੋਡ ਕੀਤੀ ਸੀ। ਲੋਕਾਂ ਨੂੰ ਦਿਖਾਉਣ ਲਈ ਕਿ ਸੰਸਦ ਵਿਚ ਸਵਾਲਾਂ ਸਬੰਧੀ ਕਿਵੇਂ ਲੱਕੀ ਡਰਾਅ ਨਿਕਲਦੇ ਹਨ। ਉਨ੍ਹਾਂ ਨੇ ਮੇਰੇ ਖ਼ਿਲਾਫ਼ ਜਾਂਚ ਆਰੰਭੀ, ਜਿਸ ਦੀ ਨਵੰਬਰ ਵਿਚ ਰਿਪੋਰਟ ਪੇਸ਼ ਕੀਤੀ ਜਾ ਚੁੱਕੀ ਹੈ। ਇਹ ਵੀ ਸਿਆਸੀ ਚਾਲ ਸੀ ਤਾਂ ਜੋ ਮੈਨੂੰ ਸੰਸਦ ਤੋਂ ਬਾਹਰ ਰੱਖਿਆ ਜਾ ਸਕੇ।

**ਸਵਾਲ- ਸੀਨੀਅਰ ਕਾਂਗਰਸੀ ਲੀਡਰ ਮਨੀਸ਼ ਤਿਵਾੜੀ ਦਾ ਕਹਿਣਾ ਹੈ ਕਿ 'ਆਪ' ਅਰਜਾਕਤਾਵਾਦੀਆਂ ਦੀ ਸਮੂਹ ਹੈ। ਦਿੱਲੀ 'ਆਪ' ਨਾਲ ਖੜ੍ਹਨ ਦੇ ਸਮਰਥ ਸੀ, ਪੰਜਾਬ ਸੰਵੇਦਨਸ਼ੀਲ ਸਰਹੱਦੀ ਸੂਬਾ ਹੋਣ ਕਾਰਨ ਅਜਿਹਾ ਨਹੀਂ ਕਰ ਸਕਦਾ, ਤੁਹਾਡਾ ਇਸ ਬਾਰੇ ਕੀ ਕਹਿਣਾ ਹੈ?**

ਮਾਨ- ਇਸ ਕਾਂਗਰਸੀ ਆਗੂ, ਜੋ ਅੱਜ ਪੂਰੀ ਤਰ੍ਹਾਂ ਜ਼ੀਰੋ ਹੈ, ਨੂੰ ਦਿੱਲੀ 'ਤੇ ਟਿੱਪਣੀ ਕਰਨ ਦਾ ਕੋਈ ਹੱਕ ਨਹੀਂ। ਮੈਂ ਇਹ ਕਹਿ ਸਕਦਾ ਹਾਂ ਕਿ ਇਸੇ ਮਨੀਸ਼ ਤਿਵਾੜੀ ਨੇ ਲੋਕ ਸਭਾ ਚੋਣਾਂ ਦੌਰਾਨ ਚੰਡੀਗੜ੍ਹ ਤੋਂ 'ਆਪ' ਦੀ ਟਿਕਟ 'ਤੇ ਲੜਨ ਲਈ ਅਪਲਾਈ ਕੀਤਾ ਸੀ। ਸੋ, ਅਸੀਂ ਉਸ ਨੂੰ ਟਿਕਟ ਨਾ ਦੇਣ ਦਾ ਫੈਸਲਾ ਕੀਤਾ ਸੀ ਕਿਉਂਕਿ ਉਹ ਅੰਨਾ ਹਜ਼ਾਰੇ ਦੇ ਅੰਦੋਲਨ ਖ਼ਿਲਾਫ਼ ਜ਼ੋਰ-ਸ਼ੋਰ ਨਾਲ ਬੋਲਿਆ ਸੀ। ਜਿਸ ਨੇ ਹਾਜ਼ਰੇ ਦਾ ਵਿਰੋਧ ਕੀਤਾ ਹੋਵੇ, ਉਸ ਨੂੰ ਅਸੀਂ ਟਿਕਟ ਨਹੀਂ ਦੇ ਸਕਦੇ ਸੀ। ਫੇਰ ਉਹ ਬਿਮਾਰ ਹੋ ਗਿਆ ਤੇ ਕਾਂਗਰਸ ਦੀ ਟਿਕਟ ਤੋਂ ਚੋਣ ਨਾ ਲੜਨ ਦਾ ਫੈਸਲਾ ਕੀਤਾ ਕਿਉਂਕਿ ਉਹ ਜਾਣਦਾ ਸੀ ਕਿ ਉਹ ਹਾਰ ਜਾਵੇਗਾ।

**ਸਵਾਲ- ਤੁਹਾਡੇ ਕੋਲ ਪੰਜਾਬ ਲਈ ਕੀ ਵਿਜ਼ਨ ਹੈ? ਪੰਜਾਬ ਵਿਚ ਸਥਿਤੀ ਦੀ ਬਿਹਤਰੀ ਲਈ ਤੁਹਾਡੀ ਪਾਰਟੀ ਕੀ ਕਰੇਗੀ?**

ਮਾਨ- ਅਸੀਂ ਪੰਜਾਬ ਵਿਚ ਰੁਜ਼ਗਾਰ, ਕਾਰੋਬਾਰ ਤੇ ਖੇਤੀਬਾੜੀ ਲਈ ਮਾਹੌਲ ਤਿਆਰ ਕਰਨ ਦੀ ਯੋਜਨਾ ਘੜੀ ਹੈ। ਅਸੀਂ ਕਿਸਾਨਾਂ, ਵਿਦਿਆਰਥੀਆਂ ਤੇ ਕਾਰੋਬਾਰੀਆਂ ਦੇ ਚਿਹਰੇ 'ਤੇ ਮੁੜ ਮੁਸਕਰਾਹਟ ਲਿਆਉਣ ਦੀ ਯੋਜਨਾ ਬਣਾਈ ਹੈ। ਇਸ ਲਈ ਅਸੀਂ ਲੋਕਾਂ 'ਤੇ ਆਧਾਰ ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੀ ਯੋਜਨਾ ਬਣਾਈ ਹੈ। ਭਵਿੱਖ ਵਿਚ ਸਾਡੀਆਂ ਹੋਰ ਵੀ ਕਈ ਤਰਜੀਹਾਂ ਹੋਣਗੀਆਂ।

**ਸਵਾਲ- ਤੁਹਾਡੀ ਪਾਰਟੀ ਦੇ ਕਈ ਵਿਧਾਇਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ 'ਤੇ ਬਲਾਤਕਾਰ ਤੇ ਬਲੈਕਮੇਲ ਵਰਗੇ ਦੋਸ਼ ਲੱਗੇ ਹਨ। ਪੰਜਾਬ ਦੀਆਂ ਅਗਾਮੀ ਚੋਣਾਂ 'ਤੇ ਇਸ ਦਾ ਕੀ ਅਸਰ ਪਏਗਾ?**

ਮਾਨ- ਸਾਨੂੰ ਹਰ ਥਾਂ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਅਸੀਂ ਫੇਰ ਵੀ ਦਿੱਲੀ ਵਿਚ ਕੰਮ ਕਰ ਰਹੇ ਹਾਂ ਤੇ ਦੂਜਿਆਂ ਲਈ ਆਦਰਸ਼ ਕਾਇਮ ਕਰ ਰਹੇ ਹਾਂ। ਇਹ ਸਾਰੇ ਦੋਸ਼ ਸਿਆਸਤ ਤੋਂ ਪ੍ਰੇਰਤ ਹਨ ਤੇ ਬਹੁਤੇ ਦੋਸ਼ ਬੇਬੁਨਿਆਦ ਹਨ। ਇਹ ਦਿੱਲੀ ਵਾਸੀਆਂ ਲਈ ਠੀਕ ਨਹੀਂ। ਜਿਹੜੇ ਵੀ ਸਰਕਾਰ ਦੇ ਨੇੜੇ ਹਨ, ਉਨ੍ਹਾਂ ਖ਼ਿਲਾਫ਼ ਲਾਏ ਦੋਸ਼ ਹਾਲੇ ਤਕ ਸਿੱਧ ਨਹੀਂ ਹੋਏ।

*'ਡੇਲੀ ਵਰਲਡ' ਤੋਂ ਧੰਨਵਾਦ ਸਹਿਤ*

## ਪੰਜਾਬੀ ਸੂਬਾ ਉਤਸਵ

# ਸਟੇਡੀਅਮ ਦੀ ਸਮਰੱਥਾ 15 ਹਜ਼ਾਰ, ਖਾਲੀ ਰਹਿਣ ਦੇ ਡਰੋਂ 25 ਹਜ਼ਾਰ ਵਿਦਿਆਰਥੀ ਸੱਦੇ

## ਦਸ ਹਜ਼ਾਰ ਵਿਦਿਆਰਥੀਆਂ ਨੂੰ ਦਾਖ਼ਲ ਹੀ ਨਹੀਂ ਹੋਣ ਦਿੱਤਾ, ਭੁੱਖੇ-ਪਿਆਸੇ ਸੜਕਾਂ 'ਤੇ ਘੁੰਮਦੇ ਰਹੇ

**ਲੁਧਿਆਣਾ/ਬਿਊਰੋ ਨਿਊਜ਼ :**
ਪੰਜਾਬ ਦੀ 50ਵੀਂ ਵਰ੍ਹੇਗੰਢ 'ਤੇ ਗੁਰੂ ਨਾਨਕ ਸਟੇਡੀਅਮ ਵਿਚ ਕਰਵਾਏ ਗਏ ਸਮਾਗਮ ਵਿਚ ਦੁਰਪ੍ਰਬੰਧਾਂ ਦੇ ਚਲਦਿਆਂ ਵਿਦਿਆਰਥੀਆਂ ਨਾਲ ਅਧਿਆਪਕ ਵੀ ਪ੍ਰੇਸ਼ਾਨ ਹੁੰਦੇ ਰਹੇ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਭਾਸ਼ਣ ਸਮੇਂ ਸਟੇਡੀਅਮ ਖਾਲੀ ਨਾ ਰਹਿ ਜਾਵੇ, ਇਸ ਲਈ ਸਿੱਖਿਆ ਵਿਭਾਗ ਨੇ ਭਰਿਆ ਦਿਖਾਉਣ ਦੇ ਚੱਕਰ ਵਿਚ 25 ਹਜ਼ਾਰ ਵਿਦਿਆਰਥੀਆਂ ਨੂੰ ਸੱਦ ਲਿਆ ਪਰ ਇਹ ਭੁੱਲ ਗਏ ਕਿ ਸਟੇਡੀਅਮ ਦੀ ਸਮਰੱਥਾ 15 ਹਜ਼ਾਰ ਹੈ। ਕਰੀਬ 10000 ਵਿਦਿਆਰਥੀਆਂ ਨੂੰ ਅੰਦਰ ਜਾਣ ਨਹੀਂ ਦਿੱਤਾ ਗਿਆ। ਉਹ ਸੜਕਾਂ 'ਤੇ ਰਖ਼ ਬਾਗ਼ ਵਿਚ ਘੁੰਮਦੇ ਰਹੇ। ਉਧਰ ਜੋ ਵਿਦਿਆਰਥੀ ਸਟੇਡੀਅਮ ਵਿਚ ਸਨ, ਉਨ੍ਹਾਂ ਨੂੰ 6 ਘੰਟੇ ਧੁੱਪ ਵਿਚ ਹੀ ਬੈਠਣ ਲਈ ਮਜਬੂਰ ਹੋਣਾ ਪਿਆ। ਛਾਂ ਦਾ ਕੋਈ ਪ੍ਰਬੰਧ ਨਹੀਂ ਸੀ। ਪੀਣ ਲਈ ਪਾਣੀ ਵੀ ਅੰਦਰ ਜਾਣ ਨਹੀਂ ਦਿੱਤਾ ਗਿਆ। ਪਾਣੀ ਦੇ ਟੈਂਕਰ ਵੀ ਸਟੇਡੀਅਮ ਦੇ ਬਾਹਰ ਸਨ। ਪ੍ਰੋਗਰਾਮ ਲੰਬਾ ਚੱਲਣ ਕਾਰਨ ਕੁਝ ਅਧਿਆਪਕ ਅਨੁਸ਼ਾਸਨ ਕਮੇਟੀ ਦੇ ਮੈਂਬਰਾਂ ਨੂੰ ਪਾਣੀ ਪੀਣ ਦੀ ਗੱਲ ਕਹਿ ਕੇ ਸਟੇਡੀਅਮ ਤੋਂ ਖਿਸਕ ਗਏ। ਸੁਖਬੀਰ ਬਾਦਲ ਦੇ ਸਟੇਡੀਅਮ ਵਿਚ ਪਹੁੰਚਣ ਦਾ ਸਮਾਂ 12 ਵਜੇ ਸੀ ਜਦਕਿ ਵਿਦਿਆਰਥੀਆਂ ਦਾ 9 ਵਜੇ। ਮਹਿਮਾਨਾਂ ਨੂੰ 11 ਵਜੇ ਸੱਦਿਆ ਗਿਆ ਸੀ। ਇਸ ਦੇ ਬਾਵਜੂਦ ਸੁਖਬੀਰ ਬਾਦਲ ਸਟੇਡੀਅਮ ਵਿਚ ਪੌਣਾ ਘੰਟਾ ਦੇਰੀ ਨਾਲ ਪਹੁੰਚੇ ਅਤੇ ਆਪਣੀ 9 ਵਰ੍ਹਿਆਂ ਦੀ ਸਫਲਤਾ ਦੇ ਸੋਹਲੇ ਗਾ ਕੇ ਕਰੀਬ ਦੋ ਵਜੇ ਸਟੇਡੀਅਮ ਤੋਂ ਚਲੇ ਵੀ ਗਏ।

ਇਸ ਮੌਕੇ ਸ੍ਰੀ ਬਾਦਲ ਨੇ ਕਿਹਾ ਕਿ ਰਾਜ ਸਰਕਾਰ ਨੇ ਕੇਂਦਰ ਸਰਕਾਰ ਨੂੰ ਪ੍ਰਸਤਾਵ ਭੇਜਿਆ ਹੈ ਕਿ ਉਹ ਸੂਬਾ ਸਰਕਾਰ ਨੂੰ ਆਪਣੀ ਸਪੈਸ਼ਲ ਟਾਸਕ ਫੋਰਸ ਤਿਆਰ ਕਰ ਕੇ ਸਰਹੱਦ 'ਤੇ ਤਾਇਨਾਤ ਕਰਨ ਦੀ ਆਗਿਆ ਦੇਵੇ ਤਾਂ ਜੋ ਸਰਹੱਦ ਰਾਹੀਂ ਹੋਣ ਵਾਲੀ ਨਸ਼ਿਆਂ ਦੀ ਤਸਕਰੀ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕੇ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਿੱਖਿਆ ਦੇ ਬੁਨਿਆਦੀ ਢਾਂਚੇ ਵਿੱਚ ਕੀਤੇ ਗਏ ਅਥਾਹ ਉਪਰਾਲਿਆਂ ਸਦਕਾ ਪੰਜਾਬ ਸਿੱਖਿਆ ਸੁਧਾਰਾਂ ਸਬੰਧੀ ਦੇਸ਼ ਵਿਚੋਂ ਪਹਿਲੇ ਸਥਾਨ 'ਤੇ ਹੈ। ਇਸ ਮੌਕੇ ਵਿਸ਼ਵ ਪ੍ਰਸਿੱਧ ਪਹਿਲਵਾਨ ਖਲੀ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਅਤੇ ਹੋਰ ਸਮਾਜਿਕ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ।



### ਮੁਹੰਮਦ ਸਦੀਕ ਵੀ ਪੁੱਜੇ ਸਮਾਗਮ ਵਿਚ

ਬਾਦਲ ਸਰਕਾਰ ਵੱਲੋਂ ਰੱਖੇ ਸਮਾਗਮ 'ਚ ਕਾਂਗਰਸੀ ਵਿਧਾਇਕ ਮੁਹੰਮਦ ਸਦੀਕ ਵੀ ਪਹੁੰਚੇ, ਜਿਨ੍ਹਾਂ ਦੀ ਮੌਜੂਦਗੀ ਨੇ ਸਭ ਨੂੰ ਹੈਰਾਨ ਕਰ ਦਿੱਤਾ। ਮੁਹੰਮਦ ਸਦੀਕ ਨੇ ਕਿਹਾ ਕਿ ਉਨ੍ਹਾਂ ਨੂੰ ਸਮਾਗਮ ਸਬੰਧੀ ਚਿੱਠੀ ਮਿਲੀ। ਇਸੇ ਕਰ ਕੇ ਉਹ ਆਏ ਹਨ, ਹੋ ਸਕਦਾ ਹੈ ਬਾਕੀ ਕਾਂਗਰਸੀ ਵਿਧਾਇਕਾਂ ਨੂੰ ਚਿੱਠੀ ਨਾ ਮਿਲੀ ਹੋਵੇ।

ਮੀਡੀਆ ਨਾਲ ਗੱਲਬਾਤ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਕਿਸਾਨ ਯਾਤਰਾ 'ਤੇ ਉਪ ਮੁੱਖ ਮੰਤਰੀ ਨੇ ਸ਼ਬਦੀ ਹੱਲਾ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨ ਯਾਤਰਾ ਨਾਲ ਕੈਪਟਨ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ। ਜੇ ਕੈਪਟਨ ਸੱਚੀਂ ਕਾਂਗਰਸ ਦੀ ਸਰਕਾਰ ਆਉਣ 'ਤੇ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਸਕਦੇ ਹਨ ਤਾਂ ਕਿਸਾਨਾਂ ਦੇ ਫਾਰਮ ਭਰਵਾਉਣ ਦੇ ਨਾਲ ਇੱਕ ਹਲਫ਼ਨਾਮਾ ਦੇਣ ਕਿ ਜੇ ਕਰਜ਼ਾ ਮੁਆਫ਼ ਨਾ ਹੋਇਆ ਤਾਂ ਕੈਪਟਨ ਦੇ ਮੋਤੀ ਮਹਿਲ ਨੂੰ ਵੇਚ ਕੇ ਕਿਸਾਨਾਂ ਦਾ ਕਰਜ਼ਾ ਉਤਾਰ ਦਿੱਤਾ ਜਾਵੇ। ਇਸੇ ਤਰ੍ਹਾਂ ਲੋਕਾਂ ਕੋਲੋਂ ਫਾਰਮ ਭਰਵਾਉਣ ਜਾ ਰਹੇ ਕਾਂਗਰਸ ਦੇ ਵਿਧਾਇਕ ਅਤੇ ਉਮੀਦਵਾਰ ਵੀ ਹਲਫ਼ਨਾਮਾ ਦੇਣ। ਬੇਅਦਬੀ ਮਾਮਲਿਆਂ ਦੀ ਗੱਲ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਦੋ ਮਾਮਲਿਆਂ ਨੂੰ ਛੱਡ ਕੇ ਬਾਕੀ ਸਾਰੇ ਮੁਲਜ਼ਮ ਗ੍ਰਿਫ਼ਤਾਰ ਹੋ ਚੁੱਕੇ ਹਨ। ਅਰਵਿੰਦ ਕੇਜਰੀਵਾਲ ਸਬੰਧੀ ਉਨ੍ਹਾਂ ਕਿਹਾ ਕਿ ਅਜਿਹੇ ਲੋਕ ਪੰਜਾਬ ਵਿੱਚ ਨਾ ਹੀ ਆਉਣ ਤਾਂ ਚੰਗਾ ਹੈ। ਜਦੋਂ ਵੀ ਅਜਿਹੇ ਲੋਕ ਆਉਂਦੇ ਹਨ, ਉਦੋਂ ਪੰਜਾਬ ਦਾ ਮਾਹੌਲ ਖ਼ਰਾਬ ਹੋ ਜਾਂਦਾ ਹੈ। ਸਮਾਗਮ ਦੌਰਾਨ ਜਦੋਂ ਪਹਿਲਵਾਨ ਖਲੀ ਭਾਸ਼ਣ ਦੇ ਰਹੇ ਸਨ ਤਾਂ ਮਾਈਕ ਬੰਦ ਹੋ ਗਿਆ। ਇਸ ਤੋਂ ਪਹਿਲਾਂ ਵੀ ਕਈ ਵਾਰ ਮਾਈਕ ਬੰਦ ਹੋਇਆ। ਸਕੂਲੀ ਬੱਚਿਆਂ ਵੱਲੋਂ ਕੀਤੇ ਜਾ ਰਹੇ ਪ੍ਰੋਗਰਾਮ ਦੌਰਾਨ ਕੈਸੇਟ ਰੁੱਕ ਗਈ, ਜਿਸ ਕਾਰਨ ਉਨ੍ਹਾਂ ਬੱਚਿਆਂ ਦਾ ਪ੍ਰੋਗਰਾਮ ਰੱਦ ਕਰ ਕੇ ਅਗਲਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਜਿਹੜੀ ਗੱਡੀ ਵਿੱਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਸਟੇਡੀਅਮ ਦਾ ਚੱਕਰ ਲਾਇਆ ਸੀ। ਉਸ ਦਾ ਡਰਾਈਵਰ ਉਸ ਨੂੰ ਸਟੇਡੀਅਮ ਵਿੱਚ ਬਣੇ ਰਨਿੰਗ ਟਰੈਕ 'ਤੇ ਲੈ ਕੇ ਘੁੰਮਦਾ ਰਿਹਾ। ਇਸ ਟਰੈਕ ਦੀ ਹਾਲਾਤ ਪਹਿਲਾਂ ਹੀ ਖਸਤਾ ਹੈ।

### ਸ੍ਰੀ ਦਰਬਾਰ ਸਾਹਿਬ ਦੀ ਫੋਟੋ ਦੀ 'ਬੇਅਦਬੀ'

ਸਟੇਡਿਅਮ ਵਿੱਚ ਪੋਸਟਰਾਂ 'ਤੇ ਸਭ ਤੋਂ ਉਪਰ ਸ੍ਰੀ ਦਰਬਾਰ ਸਾਹਿਬ ਦੀ ਫੋਟੋ ਲਾਈ ਗਈ ਸੀ। ਅਜਿਹਾ ਇੱਕ ਪੋਸਟਰ ਸਟੇਡੀਅਮ ਵਿੱਚ ਡਿੱਗ ਗਿਆ ਤੇ ਲੋਕ ਉਸ ਉਪਰੋਂ ਲੰਘਦੇ ਰਹੇ। ਇੰਨਾ ਹੀ ਨਹੀਂ ਉਪ ਮੁੱਖ ਮੰਤਰੀ ਵੀ ਇਸ ਦੇ ਕੋਲੋਂ ਹੀ ਲੰਘੇ, ਪਰ ਕਿਸੇ ਨੇ ਵੀ ਪੋਸਟਰ ਨੂੰ ਚੁੱਕਣ ਦੀ ਖੇਚਲ ਨਹੀਂ ਕੀਤੀ।

### ਜੇਲ੍ਹਾਂ ਕੱਟਣ ਵਾਲਿਆਂ ਆਗੂਆਂ ਨੂੰ ਪੰਜਾਬੀ ਸੂਬੇ ਦੇ ਜਸ਼ਨਾਂ 'ਚ ਵਿਸਾਰਿਆ

**ਲੁਧਿਆਣਾ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬੀ ਸੂਬੇ ਦੇ ਗੋਲਡਨ ਜੁਬਲੀ ਸਮਾਗਮ ਦੌਰਾਨ ਸਟੇਜ ਅਤੇ ਪੰਡਾਲ ਵਿੱਚ ਮੋਰਚੇ ਵਿੱਚ ਡਟਣ ਵਾਲੇ ਸੰਤ ਫ਼ਤਿਹ ਸਿੰਘ ਤੋਂ ਲੈ ਕੇ ਕਿਸੇ ਵੀ ਪੰਜਾਬੀ ਸੂਬੇ ਦੇ ਜਰਨੈਲ ਦੀ ਫੋਟੋ ਨਹੀਂ ਲਗਾਈ ਗਈ। ਪੰਡਾਲ ਵਿੱਚ ਥਾਂ ਥਾਂ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਹੀ ਤਸਵੀਰਾਂ ਲੱਗੀਆਂ ਹੋਈਆਂ ਸਨ। ਪ੍ਰਬੰਧਕਾਂ ਨੂੰ ਸ਼ਹਿਰ ਵਿੱਚ ਬੈਠੇ ਬਜ਼ੁਰਗ ਹੋ ਚੁੱਕੇ ਉਹ ਲੋਕ ਵੀ ਯਾਦ ਨਹੀਂ ਆਏ, ਜਿਨ੍ਹਾਂ ਨੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟਿਆਂ ਹਨ। 94 ਸਾਲਾ ਮਹਿੰਦਰ ਸਿੰਘ ਪਨੇਸਰ ਜਿਨ੍ਹਾਂ ਨੇ ਦੋ ਸਾਲ ਪੰਜਾਬੀ ਸੂਬੇ ਲਈ ਜੇਲ੍ਹ ਕੱਟੀ ਅਤੇ ਉਹ 18 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ, ਪਰ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਵਿਸਾਰ ਦਿੱਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਤੱਕ ਕਿਸੇ ਵੀ ਅਕਾਲੀ ਪ੍ਰਬੰਧਕ ਨੇ ਪਹੁੰਚ ਨਹੀਂ ਕੀਤੀ। ਇਸੇ ਤਰ੍ਹਾਂ ਹੀ ਦੋ ਸਾਲ ਤੋਂ ਵਧੇਰੇ ਜੇਲ੍ਹ ਕੱਟਣ ਵਾਲੇ ਅਤੇ ਪੰਜਾਬੀ ਸੂਬੇ ਲਈ ਆਪਣੇ ਘਰ ਅਤੇ ਕਾਰੋਬਾਰ ਦੀ ਕੁਰਕੀ ਕਰਵਾਉਣ ਵਾਲੇ ਮਰਹੂਮ ਟਕਸਾਲੀ ਆਗੂ ਉਜਾਗਰ ਸਿੰਘ ਛਾਪਾ ਦੀ ਪਤਨੀ ਬੀਬੀ ਨਸੀਬ ਕੌਰ ਤੱਕ ਵੀ ਕਿਸੇ ਪ੍ਰਬੰਧਕ ਨੇ ਪਹੁੰਚ ਨਹੀਂ ਕੀਤੀ। ਬੀਬੀ ਨਸੀਬ ਕੌਰ ਨੇ ਦੱਸਿਆ ਕਿ ਮੋਰਚੇ ਵਿੱਚ ਉਨ੍ਹਾਂ ਨੇ ਸਭ ਕੁਝ ਲੇਖੇ ਲਾ ਦਿੱਤਾ ਤੇ ਅੱਜ ਕਿਸੇ ਵੀ ਪ੍ਰਬੰਧਕ ਨੇ ਉਨ੍ਹਾਂ ਤੱਕ ਪਹੁੰਚ ਕਰਨੀ ਜ਼ਰੂਰੀ ਨਹੀਂ ਸਮਝੀ।

# ਬਾਬਾ ਸੁਖਚੈਨ ਸਿੰਘ ਧਰਮਪੁਰਾ ਦਾ ਪੁੱਤਰ ਤੇ ਭਾਣਜਾ ਵਪਾਰੀ ਕੋਲੋਂ ਇਕ ਕਰੋੜ ਦੀ ਫਿਰੌਤੀ ਲੈਣ ਦੇ ਦੋਸ਼ 'ਚ ਗ੍ਰਿਫ਼ਤਾਰ

## ਸੁਖਬੀਰ ਬਾਦਲ ਨਾਲ ਸਟੇਜਾਂ 'ਤੇ ਅਕਸਰ ਨਜ਼ਰ ਆਉਂਦਾ ਹੈ ਕਲਿਆਣ ਸਿੰਘ ਧਰਮਪੁਰਾ

**ਮਾਨਸਾ/ਬਿਊਰੋ ਨਿਊਜ਼ :**
ਮਾਨਸਾ ਪੁਲੀਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸੰਤ ਸਮਾਜ ਦੇ ਜਨਰਲ ਸਕੱਤਰ ਬਾਬਾ ਸੁਖਚੈਨ ਸਿੰਘ ਧਰਮਪੁਰਾ ਦੇ ਪੁੱਤਰ ਅਤੇ ਅਕਾਲੀ ਆਗੂ ਕਲਿਆਣ ਸਿੰਘ ਧਰਮਪੁਰਾ ਤੇ ਉਨ੍ਹਾਂ ਦੇ ਭਾਣਜੇ ਗੁਰਪ੍ਰੀਤ ਸਿੰਘ ਚਹਿਲ ਨੂੰ ਬੁਢਲਾਡਾ ਦੇ ਵਪਾਰੀ ਚਿਮਨ ਲਾਲ ਕੋਲੋਂ ਇੱਕ ਕਰੋੜ ਰੁਪਏ ਦੀ ਫਿਰੌਤੀ ਲੈ ਕੇ ਉਸ ਨੂੰ ਛੱਡਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਵਪਾਰੀ ਚਿਮਨ ਲਾਲ ਨੂੰ 4 ਸਤੰਬਰ ਨੂੰ ਅਗਵਾ ਕੀਤਾ ਗਿਆ ਸੀ ਤੇ 18 ਦਿਨਾਂ ਬਾਅਦ ਪਰਿਵਾਰ ਨੇ ਅਗਵਾਕਾਰਾਂ ਨੂੰ ਇਕ ਕਰੋੜ ਰੁਪਏ ਦੇ ਕੇ ਵਪਾਰੀ ਨੂੰ ਛੁਡਵਾਇਆ ਸੀ। ਪੁਲੀਸ ਨੇ ਮੁਲਜ਼ਮਾਂ ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਧਰਮਪੁਰਾ (ਥਾਣਾ ਬਰੇਟਾ) ਤੋਂ ਗ੍ਰਿਫ਼ਤਾਰ ਕੀਤਾ ਹੈ। ਮਾਨਸਾ ਦੇ ਸੀਨੀਅਰ ਕਪਤਾਨ ਪੁਲੀਸ ਮੁਖਵਿੰਦਰ ਸਿੰਘ ਭੁੱਲਰ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਦੱਸਿਆ ਕਿ ਕਲਿਆਣ ਸਿੰਘ ਧਰਮਪੁਰਾ ਅਤੇ ਗੁਰਪ੍ਰੀਤ ਸਿੰਘ ਚਹਿਲ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਨ੍ਹਾਂ ਕੋਲੋਂ ਸਾਢੇ 22 ਲੱਖ ਰੁਪਏ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਪਿੰਡ ਧਰਮਪੁਰਾ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸੁਖਚੈਨ ਸਿੰਘ ਧਰਮਪੁਰਾ ਦੇ ਘਰ ਅਤੇ ਉਸ ਦੇ ਪ੍ਰਾਈਵੇਟ ਸਕੂਲ ਸਮੇਤ ਹੋਰ ਬਣਾਈਆਂ ਥਾਵਾਂ 'ਤੇ ਛਾਪੇ ਮਾਰੇ ਸਨ, ਜਿੱਥੋਂ ਵਿਦੇਸ਼ੀ ਕਰੰਸੀ ਸਮੇਤ ਇਹ ਰਕਮ ਬਰਾਮਦ ਹੋਈ ਹੈ। ਪੁਲੀਸ ਅਧਿਕਾਰੀ ਅਨੁਸਾਰ ਕਲਿਆਣ ਸਿੰਘ ਦਾ ਪਿਛੋਕੜ ਅਪਰਾਧਕ ਮਾਮਲਿਆਂ ਵਾਲਾ ਹੈ ਅਤੇ ਪੁਲੀਸ ਉਸ ਦੇ ਪੁਰਾਣੇ ਮਾਮਲਿਆਂ ਦੀ ਜਾਂਚ ਵੀ ਕਰ ਰਹੀ ਹੈ।

ਜਾਣਕਾਰੀ ਅਨੁਸਾਰ ਇਸ ਮਾਮਲੇ ਵਿੱਚ ਪੁਲੀਸ ਕਾਰਵਾਈ ਤੋਂ ਪਰਿਵਾਰ ਪਹਿਲਾਂ ਸੰਤੁਸ਼ਟ ਨਹੀਂ ਹੋਇਆ ਸੀ। ਬਾਅਦ ਵਿੱਚ ਪਰਿਵਾਰ ਨੇ ਮੁੱਖ ਮੰਤਰੀ ਅਤੇ ਡੀਜੀਪੀ ਪੰਜਾਬ ਨੂੰ ਮਾਮਲੇ ਦੀ ਜਾਂਚ ਦੀ ਅਪੀਲ ਕੀਤੀ ਸੀ ਅਤੇ ਵੀਰਵਾਰ ਨੂੰ ਆਈਜੀ ਬਠਿੰਡਾ ਐਸ.ਕੇ. ਅਸਥਾਨਾ ਅਤੇ ਐਸਐਸਪੀ ਮਾਨਸਾ ਮੁਖਵਿੰਦਰ ਸਿੰਘ ਭੁੱਲਰ ਸਮੇਤ ਹੋਰ ਪੁਲੀਸ ਅਧਿਕਾਰੀਆਂ ਨੇ ਪਿੰਡ ਧਰਮਪੁਰਾ ਨੂੰ ਘੇਰਾ ਪਾ ਕੇ ਸੁਖਚੈਨ ਸਿੰਘ ਧਰਮਪੁਰਾ ਦੇ ਘਰ, ਸਕੂਲ ਤੇ ਹੋਰ ਥਾਵਾਂ 'ਤੇ ਛਾਪੇ ਮਾਰੇ। ਉਧਰ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਸੁਖਚੈਨ ਸਿੰਘ ਧਰਮਪੁਰਾ ਨੇ ਕੁਝ ਵੀ ਬੋਲਣ ਤੋਂ ਟਾਲਾ ਵੱਟੀ ਰੱਖਿਆ। ਦੱਸਿਆ ਜਾਂਦਾ ਹੈ ਕਿ ਕਲਿਆਣ ਸਿੰਘ ਧਰਮਪੁਰਾ ਇਸ ਵੇਲੇ ਰਾਜਸੀ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਯੂਥ ਅਕਾਲੀ ਦਲ ਮਾਲਵਾ ਜ਼ੋਨ-1 ਦੇ ਜਨਰਲ ਸਕੱਤਰ ਵਜੋਂ ਕੰਮ ਕਰ ਰਹੇ ਸਨ। ਉਨ੍ਹਾਂ ਨੂੰ ਅਕਸਰ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨਾਲ ਸਟੇਜਾਂ 'ਤੇ ਦੇਖਿਆ ਜਾਂਦਾ ਰਿਹਾ ਹੈ।

# ਕਾਂਗਰਸ ਤੇ 'ਆਪ' ਨੇ ਸਿਆਸੀ ਹਿਤਾਂ ਖ਼ਾਤਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਈ ਕਹਿ ਕੇ ਬਦਨਾਮ ਕੀਤਾ : ਸੁਖਬੀਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿੱਚ ਨਸ਼ਾ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਮਹਿਜ਼ 1.27 ਫ਼ੀਸਦੀ ਹੈ ਤੇ ਵਿਰੋਧੀ ਪਾਰਟੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਆਪਣੇ ਸਿਆਸੀ ਹਿੱਤਾਂ ਲਈ ਪੰਜਾਬ ਦੇ ਨੌਜਵਾਨਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਪ ਮੁੱਖ ਮੰਤਰੀ ਨੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਲਈ ਪੱਤਰਕਾਰਾਂ ਦੇ ਸਨਮੁੱਖ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਰਾਜ ਬਹਾਦਰ ਅਤੇ ਡੀਜੀਪੀ ਸੁਰੇਸ਼ ਅਰੋੜਾ ਨੂੰ ਅਸਲੀਅਤ ਸਾਹਮਣੇ ਲਿਆਉਣ ਲਈ ਕਿਹਾ। ਸ੍ਰੀ ਬਾਦਲ, ਡਾ. ਰਾਜ ਬਹਾਦਰ ਅਤੇ ਡੀਜੀਪੀ ਨੇ ਇੱਕੋ ਸੁਰ ਵਿਚ ਨਸ਼ਿਆਂ ਦੇ ਪ੍ਰਕੋਪ ਸਬੰਧੀ ਦਾਅਵਿਆਂ ਨੂੰ ਝੂਠੇ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਤੱਥ ਪੰਜਾਬ ਪੁਲੀਸ ਦੀ ਭਰਤੀ ਦੌਰਾਨ ਨੌਜਵਾਨਾਂ ਦੇ ਕੀਤੇ 'ਡੋਪ ਟੈਸਟ' ਦੌਰਾਨ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵੱਲੋਂ ਨਸ਼ੇ ਕਰਨ ਸਬੰਧੀ ਪ੍ਰਤੀਸ਼ਤਤਾ ਕੌਮਾਂਤਰੀ ਅਤੇ ਕੌਮੀ ਪੱਧਰ ਨਾਲੋਂ ਬਹਤ ਘੱਟ ਹੈ। ਉਪ ਮੁੱਖ ਮੰਤਰੀ ਅਨੁਸਾਰ ਸਿਪਾਹੀਆਂ ਦੀ ਭਰਤੀ ਲਈ 490037 ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਸਨ ਤੇ ਇਨ੍ਹਾਂ ਵਿਚੋਂ 376355 ਉਮੀਦਵਾਰਾਂ ਵਜੋਂ ਪੇਸ਼ ਹੋਏ ਜੋ 74 ਫ਼ੀਸਦੀ ਬਣਦਾ ਹੈ। ਡੀਜੀਪੀ ਨੇ ਇਹ ਵੀ ਦਾਅਵਾ ਕੀਤਾ ਕਿ 2011 ਦੌਰਾਨ ਹੋਈ ਸਿਪਾਹੀਆਂ ਦੀ ਭਰਤੀ ਮੌਕੇ ਸਿਪਾਹੀਆਂ ਲਈ ਉਮੀਦਵਾਰਾਂ ਵਜੋਂ ਹਾਜ਼ਰੀ 65 ਫ਼ੀਸਦੀ ਸੀ ਜਦੋਂਕਿ ਉਸ ਸਮੇਂ 'ਡੋਪ ਟੈਸਟ' ਲਾਜ਼ਮੀ ਕਰਾਰ ਨਹੀਂ ਸੀ। ਸ੍ਰੀ ਬਾਦਲ ਨੇ ਸਰਹੱਦੋਂ ਪਾਰ ਤੋਂ ਨਸ਼ੇ ਆਉਣ ਦਾ ਰਾਗ ਵੀ ਮੁੜ ਅਲਾਪਿਆ।



ਇਸ ਮੌਕੇ ਡਾ. ਰਾਜ ਬਹਾਦਰ ਨੇ ਦਾਅਵਾ ਕੀਤਾ ਕਿ ਪੁਲੀਸ ਭਰਤੀ ਦੌਰਾਨ 'ਡੋਪ ਟੈਸਟ' ਲੈਣ ਦੀ ਪ੍ਰਕਿਰਿਆ ਇੱਕ ਅਧਿਐਨ ਵਾਂਗ ਸੀ। ਉਪ ਕੁਲਪਤੀ ਮੁਤਾਬਕ ਟੈਸਟ ਦੌਰਾਨ ਨੌਜਵਾਨਾਂ ਵਿੱਚ 'ਐਮਫਿਟਾਮਿਨ' ਦੇ ਲੱਛਣ ਜ਼ਿਆਦਾ ਪਾਏ ਗਏ, ਜੋ ਕਿ .44 ਫ਼ੀਸਦੀ ਸਨ। ਉਨ੍ਹਾਂ ਕਿਹਾ ਕਿ ਇਹ ਇੱਕ ਦਵਾਈ ਹੈ ਜੋ ਆਮ ਤੌਰ 'ਤੇ ਬਿਮਾਰੀ ਲਈ ਵਰਤੀ ਜਾਂਦੀ ਹੈ। ਇਸੇ ਤਰ੍ਹਾਂ ਹੋਰ ਲੱਛਣ ਵੀ ਦਵਾਈਆਂ ਦੇ ਸਨ, ਸਿਰਫ਼ ਭੰਗ ਇੱਕ ਅਜਿਹਾ ਨਸ਼ਾ ਕਿਹਾ ਜਾ ਸਕਦਾ ਹੈ ਜੋ ਦਵਾਈ ਨਹੀਂ ਤੇ ਭੰਗ ਦੇ ਲੱਛਣ .42 ਫੀਸਦੀ ਨੌਜਵਾਨਾਂ ਵਿੱਚ ਸਨ। ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਭਾਰਤੀ ਫ਼ੌਜ ਵਿੱਚ ਸਿਪਾਹੀਆਂ ਦੀ ਭਰਤੀ ਦੌਰਾਨ ਵੀ 'ਡੋਪ ਟੈਸਟ' ਲਿਆ ਗਿਆ। ਉਨ੍ਹਾਂ ਕਿਹਾ ਕਿ ਫ਼ੌਜ ਵਿੱਚ ਭਰਤੀ ਦੌਰਾਨ ਕੀਤੇ ਟੈਸਟ ਵਿੱਚ ਮਹਿਜ਼ 10 ਫ਼ੀਸਦੀ ਹੀ ਨਸ਼ਾ ਕਰਨ ਵਾਲੇ ਸਾਹਮਣੇ ਆਏ ਸਨ। ਡੀਜੀਪੀ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ 431 ਸਮਗਲਰਾਂ ਦੀ 197 ਕਰੋੜ

ਬਾਕੀ ਸਫ਼ਾ 40 'ਤੇ

SAVE $2500
ON DIESEL PER TRUCK WITH
ONE CALL!



11¢




DISCOUNT
PER GALLON

✓ No more Pre-Paid Cards
✓ Get Rid of Bank Wires
✓ Low Transaction Fee

TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਨਾਂਦੇੜ ਤੋਂ ਦਸਮ ਗ੍ਰੰਥ ਯਾਤਰਾ ਸ਼ੁਰੂ, ਭਰੋਸੇ ਦੇ ਬਾਵਜੂਦ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਰੱਖਿਆ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੇ ਗਏ ਭਰੋਸੇ ਦੇ ਬਾਵਜੂਦ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ਼ੁਰੂ ਹੋਈ ਸ੍ਰੀ ਦਸਮ ਗ੍ਰੰਥ ਪ੍ਰਕਾਸ਼ ਯਾਤਰਾ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਨੂੰ ਵੀ ਪਾਲਕੀ ਵਿਚ ਸੁਸ਼ੋਭਿਤ ਕੀਤਾ ਗਿਆ ਹੈ ਅਤੇ ਫੁੱਲਾਂ ਦੀ ਵਰਖਾ ਕਰਦਿਆਂ ਯਾਤਰਾ ਸ਼ੁਰੂ ਕੀਤੀ ਗਈ। ਇਥੇ ਦੱਸਣਯੋਗ ਹੈ ਕਿ ਸਿੱਖ ਧਰਮ ਵਿਚ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ ਪਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਦਸਮ ਗ੍ਰੰਥ ਦਾ ਵੀ ਪ੍ਰਕਾਸ਼ ਹੁੰਦਾ ਹੈ, ਜਿਸ ਦਾ ਸਿੱਖ ਸਮਾਜ ਵਿਚ ਵਿਰੋਧ ਪ੍ਰਗਟਾਇਆ ਗਿਆ ਹੈ। ਸ੍ਰੀ ਦਸਮ ਗ੍ਰੰਥ ਸਥਾਪਨਾ ਮੰਤਵ ਨੂੰ ਲੈ ਕੇ ਹੁਣ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਲੋਂ ਦਸਮ ਗ੍ਰੰਥ ਪ੍ਰਕਾਸ਼ ਯਾਤਰਾ ਕੀਤੀ ਗਈ ਹੈ, ਜੋ ਨਾਂਦੇੜ ਸਾਹਿਬ ਤੋਂ ਰਵਾਨਾ ਹੋਈ ਹੈ ਅਤੇ ਮੁੰਬਈ ਤਕ ਜਾਵੇਗੀ। ਯਾਤਰਾ ਨਿਰੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਦੀ ਥਾਂ ਦਸਮ ਗ੍ਰੰਥ ਦੀ ਬਰਾਬਰੀ ਦੀ ਅਗਵਾਈ ਹੇਠ ਕੀਤੇ ਜਾਣ ਦਾ ਵਿਰੋਧ ਹੋ ਰਿਹਾ ਸੀ।

ਮਿਲੇ ਵੇਰਵਿਆਂ ਅਨੁਸਾਰ ਦਸਮ ਗ੍ਰੰਥ ਯਾਤਰਾ ਦੀ ਸ਼ੁਰੂਆਤ ਸਮੇਂ ਤਖ਼ਤ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ, ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਹੈਡ ਗ੍ਰੰਥੀ ਭਾਈ ਕਸ਼ਮੀਰ ਸਿੰਘ, ਮੀਤ ਗ੍ਰੰਥੀ ਭਾਈ ਅਵਤਾਰ ਸਿੰਘ, ਭਾਈ ਰਾਮ ਸਿੰਘ, ਸੰਤ ਨਰਿੰਦਰ ਸਿੰਘ ਕਾਰ ਸੇਵਾ ਵਾਲੇ, ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲੇ ਤੇ ਹੋਰ ਪਤਵੰਤਿਆਂ ਸਮੇਤ ਬੋਰਡ ਦੇ ਮੈਂਬਰ ਵੀ ਸ਼ਾਮਲ ਸਨ। ਯਾਤਰਾ ਵਿਚ ਕੀਰਤਨੀ ਜਥੇ, ਗਤਕਾ ਜਥੇ ਅਤੇ ਨਿਸ਼ਾਨਚੀ ਹਾਜ਼ਰ ਸਨ। ਰਸਤੇ ਵਿਚ ਕਈ ਥਾਵਾਂ 'ਤੇ ਦਸਮ ਗ੍ਰੰਥ ਦੀ ਆਰਤੀ ਵੀ ਉਤਾਰੀ ਗਈ। ਮੁੰਬਈ ਦੇ ਤਿੰਨ ਗੁਰਦੁਆਰਿਆਂ ਵਿਚ ਦਸਮ ਗ੍ਰੰਥ ਦੇ ਅਖੰਡ ਪਾਠ ਹੋਣਗੇ।

## ਐਸਪੀ ਸਲਵਿੰਦਰ ਸਿੰਘ ਖਿਲਾਫ਼ ਮਹਿਲਾ ਪੁਲੀਸ ਮੁਲਾਜ਼ਮਾਂ ਨਾਲ ਛੇੜਛਾੜ ਦਾ ਕੇਸ ਦਰਜ

**ਗੁਰਦਾਸਪੁਰ/ਬਿਊਰੋ ਨਿਊਜ਼ :** ਪਠਾਨਕੋਟ ਏਅਰਬੇਸ ਉਤੇ ਦਹਿਸ਼ਤੀ ਹਮਲੇ ਦੌਰਾਨ ਚਰਚਾ ਵਿੱਚ ਰਹੇ ਐਸਪੀ ਸਲਵਿੰਦਰ ਸਿੰਘ ਖਿਲਾਫ਼ ਮਹਿਲਾ ਪੁਲੀਸ ਕਰਮਚਾਰਨਾਂ ਨਾਲ ਕਥਿਤ ਛੇੜਛਾੜ ਦੇ ਦੋਸ਼ ਹੇਠ ਥਾਣਾ ਸਿਟੀ ਗੁਰਦਾਸਪੁਰ ਵਿੱਚ ਕੇਸ ਦਰਜ ਕੀਤਾ ਗਿਆ ਹੈ।



ਪਹਿਲੀ ਜਨਵਰੀ ਨੂੰ ਪਠਾਨਕੋਟ ਏਅਰਬੇਸ ਉੱਤੇ ਦਹਿਸ਼ਤੀ ਹਮਲੇ ਸਮੇਂ ਸਲਵਿੰਦਰ ਸਿੰਘ ਗੁਰਦਾਸਪੁਰ ਵਿਖੇ ਬਤੌਰ ਐਸਪੀ (ਐਚ) ਤਾਇਨਾਤ ਸੀ। ਥਾਣਾ ਸਿਟੀ ਦੇ ਐਸਐਚਓ ਰਾਜਬੀਰ ਸਿੰਘ ਨੇ ਦੱਸਿਆ ਕਿ ਸਲਵਿੰਦਰ ਸਿੰਘ ਦੀ ਗੁਰਦਾਸਪੁਰ ਵਿਖੇ ਤਾਇਨਾਤੀ ਦੌਰਾਨ ਸੱਤ ਮਹਿਲਾ ਪੁਲੀਸ ਮੁਲਾਜ਼ਮਾਂ ਨੇ ਉਸ ਖ਼ਿਲਾਫ਼ ਛੇੜਛਾੜ ਅਤੇ ਸ਼ੋਸ਼ਣ ਕਰਨ ਦੀ ਸ਼ਿਕਾਇਤ ਉੱਚ ਅਧਿਕਾਰੀਆਂ ਨੂੰ ਦਿੱਤੀ ਸੀ। ਏਅਰਬੇਸ ਉੱਤੇ ਹਮਲੇ ਦੌਰਾਨ ਉਸ ਦੇ ਵਿਵਾਦਾਂ ਵਿੱਚ ਘਿਰਨ ਪਿੱਛੋਂ ਇਹ ਸ਼ਿਕਾਇਤ ਮਹਿਲਾ ਆਈਜੀ ਗੁਰਪ੍ਰੀਤ ਕੌਰ ਦਿਓ ਕੋਲ ਜਾਂਚ ਲਈ ਭੇਜੀ ਗਈ ਸੀ, ਜਿਨ੍ਹਾਂ ਵੱਲੋਂ ਜਾਂਚ ਪਿੱਛੋਂ ਕੀਤੀ ਗਈ ਸਿਫਾਰਸ਼ ਦੇ ਆਧਾਰ ਉੱਤੇ ਹੀ ਇਹ ਕੇਸ ਦਰਜ ਕੀਤਾ ਗਿਆ ਹੈ। ਐਸਐਸਪੀ ਜਸਦੀਪ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸਲਵਿੰਦਰ ਸਿੰਘ ਦੀ ਪਹਿਲਾਂ ਦਰਜ ਕੁਝ ਕੇਸਾਂ ਵਿੱਚ ਵੀ ਜ਼ਮਾਨਤ ਅਰਜ਼ੀ ਖਾਰਜ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਅਜੇ ਮੁਲਜ਼ਮ ਦੀ ਗ੍ਰਿਫਤਾਰੀ ਨਹੀਂ ਹੋਈ।

## ਸੁਖਬੀਰ ਬਾਦਲ ਹੀ ਕਰਨਗੇ ਉਮੀਦਵਾਰਾਂ ਦੀ ਚੋਣ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੀ ਬੈਠਕ ਦੌਰਾਨ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਉਮੀਦਵਾਰ ਚੁਣਨ ਦੇ ਸਾਰੇ ਅਧਿਕਾਰ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੇ ਗਏ। ਪਾਰਟੀ ਸਰਪ੍ਰਸਤ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ ਬੈਠਕ ਦੌਰਾਨ ਆਉਂਦੇ ਦਿਨਾਂ ਵਿਚ ਹੋਣ ਵਾਲੇ ਸਮਾਗਮਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਮੌਕੇ 6 ਦਸੰਬਰ ਨੂੰ ਮੋਗਾ ਵਿਚ ਵੱਡੀ ਰੈਲੀ ਕਰਨ ਦਾ ਫ਼ੈਸਲਾ ਲਿਆ ਗਿਆ। ਪਾਰਟੀ ਦੇ ਜਨਰਲ ਸਕੱਤਰ ਅਤੇ ਤਰਜਮਾਨ ਹਰਚਰਨ ਸਿੰਘ ਬੈਂਸ ਨੇ ਦੱਸਿਆ ਕਿ 23 ਅਕਤੂਬਰ ਨੂੰ ਅੰਮ੍ਰਿਤਸਰ ਵਿਚ ਜੰਗੀ ਯਾਦਗਾਰ ਦਾ ਉਦਘਾਟਨ ਕੀਤਾ ਜਾਏਗਾ ਜਿਸ ਵਿੱਚ ਸੁਰੱਖਿਆ ਸੈਨਾਵਾਂ ਨਾਲ ਸਬੰਧਤ ਜਰਨੈਲ ਅਤੇ ਹੋਰ ਮਾਨ ਸਨਮਾਨ ਪ੍ਰਾਪਤ ਫ਼ੌਜੀ ਹਸਤੀਆਂ ਭਾਗ ਲੈਣਗੀਆਂ। ਇਸੇ ਤਰ੍ਹਾਂ 25 ਅਕਤੂਬਰ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਪਲਾਜ਼ਾ ਦਾ ਉਦਘਾਟਨ ਕੀਤਾ ਜਾਵੇਗਾ। ਪੰਜਾਬ ਦਿਵਸ ਸਮਾਗਮਾਂ ਦੀ ਸ਼ੁਰੂਆਤ ਵੀ ਅੰਮ੍ਰਿਤਸਰ ਤੋਂ ਹੋਵੇਗੀ। ਉਸ ਦਿਨ ਰਣਜੀਤ ਐਵਿਨਿਊ ਵਿਚ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਜੰਗੇ ਆਜ਼ਾਦੀ ਯਾਦਗਾਰ ਦਾ ਉਦਘਾਟਨ 6 ਨਵੰਬਰ ਨੂੰ ਕੀਤਾ ਜਾਵੇਗਾ। ਕੋਰ ਕਮੇਟੀ ਦੀ ਬੈਠਕ ਵਿਚ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ, ਚਰਨਜੀਤ ਸਿੰਘ ਅਟਵਾਲ ਹਾਜ਼ਰ ਸਨ।

# ਬੁੱਢਾ ਦਲ ਦੇ ਧੜਿਆਂ ਵਿਚਾਲੇ ਖ਼ੂਨੀ ਝੜਪ ਮਗਰੋਂ ਗੁਰਦੁਆਰਾ ਲੱਖੀ ਜੰਗਲ ਸਾਹਿਬ ਦੀ ਸੁਰੱਖਿਆ ਵਧਾਈ

ਗੋਨਿਆਣਾ ਮੰਡੀ/ਬਿਊਰੋ ਨਿਊਜ਼ : ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਮੱਲਣ ਵਿੱਚ ਬੁੱਢਾ ਦਲ ਦੇ ਧੜਿਆਂ ਵਿੱਚ ਹੋਈ ਖ਼ੂਨੀ ਝੜਪ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਤੋਂ ਬਾਅਦ 96 ਕਰੋੜੀ ਬੁੱਢਾ ਦਲ ਬਲਵੀਰ ਸਿੰਘ ਗਰੁੱਪ ਅਤੇ ਰਕਬਾ ਗਰੁੱਪ ਦੇ ਬਾਬਾ ਪ੍ਰੇਮ ਸਿੰਘ ਆਹਮੋਂ-ਸਾਹਮਣੇ ਆ ਗਏ ਹਨ। ਇਸ ਘਟਨਾ ਤੋਂ ਬਾਅਦ ਗੁਰਦੁਆਰਾ ਲੱਖੀ ਜੰਗਲ ਸਾਹਿਬ ਦੀ ਸੁਰੱਖਿਆ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਥਾਣਾ ਨੇਹੀਆ ਵਾਲਾ ਦੇ ਐਡੀਸ਼ਨਲ ਐਸਆਈ ਕੰਵਲਜੀਤ ਸਿੰਘ ਨੇ ਦੱਸਿਆ ਕਿ 20 ਪੀਏਪੀ ਮੁਲਾਜ਼ਮਾਂ ਦੀ ਸਪੈਸ਼ਲ ਗਾਰਦ ਤਾਇਨਾਤ ਕਰ ਦਿੱਤੀ ਗਈ ਹੈ ਅਤੇ ਮੱਲਣ ਘਟਨਾ ਤੋਂ ਬਾਅਦ ਡੀਐਸਪੀ ਭੁੱਚੋ ਦੀ ਅਗਵਾਈ ਹੇਠ ਗੁਰਦੁਆਰੇ ਦੇ ਸੇਵਾਦਾਰ ਅਤੇ ਪੁਲੀਸ ਨੂੰ ਚੌਕਸ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਇਸ ਗੁਰਦੁਆਰੇ 'ਤੇ ਬਾਬਾ ਪ੍ਰੇਮ ਸਿੰਘ ਧੜੇ ਦੇ ਬਾਬਾ ਕੁਲਵੰਤ ਸਿੰਘ ਚਾਨਕੀਆ ਕੋਲ ਕਬਜ਼ਾ ਸੀ ਪਰ ਪਟਿਆਲਾ ਵਿੱਚ ਨਿਹੰਗ ਸਿੰਘ ਦੀ ਹੋਈ ਲੜਾਈ ਵਿੱਚ ਸ਼ਾਮਲ ਹੋਣ ਕਾਰਨ ਗੁਰਦੁਆਰਾ ਲੱਖੀ ਜੰਗਲ ਸਾਹਿਬ ਦੇ ਮੁੱਖ ਸੇਵਾਦਾਰ ਨੂੰ ਅਦਾਲਤ ਵੱਲੋਂ ਸਜ਼ਾ ਸੁਣਾ ਦਿੱਤੀ ਗਈ ਸੀ। ਇਸ ਕਾਰਨ ਉਨ੍ਹਾਂ ਨੂੰ ਜੇਲ੍ਹ ਜਾਣਾ ਪਿਆ। ਬਾਬਾ ਕਲਵੰਤ ਸਿੰਘ ਦੇ ਜੇਲ੍ਹ ਜਾਣ ਤੋਂ ਬਾਅਦ ਦੂਜੇ ਧੜੇ ਦੇ ਬਾਬਾ ਬਲਵੀਰ ਸਿੰਘ ਵੱਲੋਂ ਵੱਡੀ ਗਿਣਤੀ ਨਿਹੰਗ ਸਿੰਘਾਂ ਨੂੰ ਨਾਲ ਲੈ ਕੇ 11 ਜੁਲਾਈ ਦੀ ਸ਼ਾਮ ਨੂੰ ਕਬਜ਼ਾ ਜਮ੍ਹਾਂ ਲਿਆ ਸੀ। ਇਸ ਦੇ ਵਿਰੋਧ ਵਜੋਂ ਧੜੇ ਦੇ ਬਾਬਾ ਪ੍ਰੇਮ ਸਿੰਘ ਦੇ ਮੁਖੀ ਨੇ ਕੋਟਕਪੂਰਾ ਵਿੱਚ ਪ੍ਰੈਸ ਕਾਨਫ਼ਰੰਸ ਕਰਕੇ ਚਿਤਾਵਨੀ ਜਾਰੀ ਕੀਤੀ ਸੀ ਕਿ ਗੁਰਦੁਆਰਾ ਲੱਖੀ ਜੰਗਲ ਸਾਹਿਬ 'ਤੇ ਮੁੜ ਕਬਜ਼ਾ ਬਰਦਾਸ਼ਤ ਨਹੀ ਕੀਤਾ ਜਾਵੇਗਾ ਤੇ ਆਪਣਾ ਹੱਕ ਲੈ ਕੇ ਰਹਿਣਗੇ। ਇਸ ਦੌਰਾਨ ਪਿੰਡ ਵਿੱਚ ਸ਼ਰਧਾਲੂਆਂ ਨੇ ਦੱਸਿਆ ਕਿ ਗੁਰਦੁਆਰੇ ਵਿੱਚ ਨਿਹੰਗ ਸਿੰਘਾਂ ਨੇ ਮੋਰਚਾ ਲਾਇਆ ਹੋਇਆ ਹੈ।

# ਉਧਾਰ ਦਿੱਤੇ ਪੈਸੇ ਮੰਗਣ 'ਤੇ ਅਕਾਲੀ ਕੌਂਸਲਰ ਨੇ ਪੱਤਰਕਾਰ ਨੂੰ ਮਾਰੀ ਗੋਲੀ

**ਧੂਰੀ/ਬਿਊਰੋ ਨਿਊਜ਼ :** ਉਧਾਰ ਦਿੱਤੇ ਪੈਸੇ ਮੰਗਣ 'ਤੇ ਅਕਾਲੀ ਕੌਂਸਲਰ ਨੇ ਗੋਲੀ ਮਾਰ ਕੇ ਪੱਤਰਕਾਰ ਕੇਵਲ ਜਿੰਦਲ ਦਾ ਕਤਲ ਕਰ ਦਿੱਤਾ। ਕੇਵਲ ਜਿੰਦਲ ਨੇ ਆਪਣੀ ਧੀ ਦਾ ਵਿਆਹ ਨਵੰਬਰ ਵਿਚ ਰੱਖਿਆ ਹੋਇਆ ਸੀ, ਇਸਲਈ ਉਸ ਨੂੰ ਪੈਸਿਆਂ ਦੀ ਲੋੜ ਸੀ। ਕਤਲ ਦੇ ਦੋਸ਼ ਵਿਚ ਪੁਲੀਸ ਨੇ ਮ੍ਰਿਤਕ ਦੇ ਪੁੱਤਰ ਨੀਰਜ ਜਿੰਦਲ ਦੇ ਬਿਆਨ 'ਤੇ ਅਕਾਲੀ ਕੌਂਸਲਰ ਤੇ ਟਰੱਕਰ ਯੂਨੀਅਨ ਦੇ ਸਾਬਕਾ ਮੁਖੀ ਕਰਮਜੀਤ ਸਿੰਘ ਪੰਮੀ ਖ਼ਿਲਾਫ਼ ਥਾਣਾ ਸਿਟੀ ਧੂਰੀ ਵਿੱਚ ਹਿੰਦੀ ਅਖ਼ਬਾਰ ਦੇ ਪੱਤਰਕਾਰ ਕੇਵਲ ਜਿੰਦਲ ਦੇ ਕਤਲ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ।

ਨੀਰਜ ਵੱਲੋਂ ਦਿੱਤੇ ਬਿਆਨਾਂ ਮੁਤਾਬਕ ਸ੍ਰੀ ਕੇਵਲ ਜਿੰਦਲ ਨੇ ਅਕਾਲੀ ਕੌਂਸਲਰ ਪੰਮੀ ਨੂੰ ਕਥਿਤ ਤੌਰ 'ਤੇ 10 ਲੱਖ ਰੁਪਏ ਉਧਾਰ ਦਿੱਤੇ ਹੋਏ ਸਨ। ਹੁਣ ਸ੍ਰੀ ਜਿੰਦਲ ਨੇ ਆਪਣੀ ਧੀ ਦੇ ਵਿਆਹ ਲਈ ਪੰਮੀ ਤੋਂ ਪੈਸੇ ਵਾਪਸ ਮੰਗੇ ਸਨ। ਨੀਰਜ ਨੇ ਦੋਸ਼ ਲਾਇਆ ਕਿ ਬੀਤੀ ਸ਼ਾਮ ਕਰੀਬ 7 ਵਜੇ ਉਸ ਦੇ ਪਿਤਾ ਘਰੋਂ ਇਹ ਕਹਿ ਕੇ ਗਏ ਕਿ ਉਹ ਕਰਮਜੀਤ ਪੰਮੀ ਤੋਂ ਪੈਸੇ ਵਾਪਸ ਲੈਣ ਜਾ ਰਹੇ ਹਨ। ਕਰੀਬ ਡੇਢ ਘੰਟੇ ਤੱਕ ਜਦੋਂ ਸ੍ਰੀ ਜਿੰਦਲ ਘਰ ਨਾ ਪਰਤੇ ਤਾਂ ਨੀਰਜ ਉਨ੍ਹਾਂ ਦੀ ਭਾਲ ਵਿੱਚ ਟਰੱਕ ਯੂਨੀਅਨ ਨੇੜੇ ਪੁੰਹਚਿਆ। ਨੀਰਜ ਮੁਤਾਬਕ ਉਸ ਨੇ ਦੇਖਿਆ ਕਿ ਕਰਮਜੀਤ ਪੰਮੀ ਦੀ ਕਾਰ ਵਿੱਚ ਉਸ ਦੇ ਪਿਤਾ ਅਤੇ ਪੰਮੀ ਬਹਿਸ ਰਹੇ ਸਨ। ਉਸ ਮੁਤਾਬਕ ਦੇਖਦੇ ਹੀ ਦੇਖਦੇ ਕਰਮਜੀਤ ਪੰਮੀ ਨੇ ਰਿਵਾਲਵਰ ਨਾਲ ਉਸ ਦੇ ਪਿਤਾ ਦੀ ਛਾਤੀ ਵਿੱਚ ਗੋਲੀ ਮਾਰ ਦਿੱਤੀ ਅਤੇ ਫਿਰ ਉਸ ਦੇ ਪਿਤਾ ਸਮੇਤ ਉਥੋਂ ਗੱਡੀ ਭਜਾ ਕੇ ਲੈ ਗਿਆ। ਬਾਅਦ ਵਿਚ ਪਤਾ ਲੱਗਿਆ ਕਿ ਉਹ ਉਸ ਦੇ ਪਿਤਾ ਦੀ ਲਾਸ਼ ਨੂੰ ਸਰਕਾਰੀ ਹਸਪਤਾਲ ਧੂਰੀ ਲੈ ਗਿਆ। ਥਾਣਾ ਮੁਖੀ ਨੇ ਦੱਸਿਆ ਕਿ ਪੁਲੀਸ ਨੇ ਕਰਮਜੀਤ ਸਿੰਘ ਪੰਮੀ, ਵਾਸੀ ਜਨਤਾ ਨਗਰ ਧੂਰੀ ਖਿਲਾਫ ਕੇਸ ਦਰਜ ਕਰ ਕੇ ਪੋਸਟ ਮਾਰਟਮ ਪਿੱਛੋਂ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ। ਦੂਜੇ ਪਾਸੇ ਕਰਮਜੀਤ ਪੰਮੀ ਦਾ ਕਹਿਣਾ ਹੈ ਕਿ ਉਹ ਤੇ ਸ੍ਰੀ ਜਿੰਦਲ ਚੰਗੇ ਦੋਸਤ ਸਨ ਅਤੇ ਬੀਤੀ ਸ਼ਾਮ ਉਹ ਕਾਰ ਵਿੱਚ ਬੈਠੇ ਖਾ-ਪੀ ਰਹੇ ਸਨ। ਜਦੋਂ ਉਹ ਬਾਥਰੂਮ ਕਰਨ ਗਿਆ ਤਾਂ ਸ੍ਰੀ ਜਿੰਦਲ ਕਥਿਤ ਤੌਰ 'ਤੇ ਗੱਡੀ ਵਿਚ ਪਈ ਉਸ ਦੀ ਰਿਵਾਲਵਰ ਨਾਲ ਛੇੜਛਾੜ ਕਰਨ ਲੱਗੇ। ਉਸ ਨੇ ਉਨ੍ਹਾਂ ਨੂੰ ਰੋਕਿਆ ਵੀ ਪਰ ਇਸ ਦੌਰਾਨ ਕਥਿਤ ਤੌਰ 'ਤੇ ਅਚਾਨਕ ਗੋਲੀ ਚੱਲ ਗਈ। ਉਹ ਫ਼ੌਰੀ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਲੈ ਕੇ ਗਿਆ ਤੇ ਪੁਲੀਸ ਨੂੰ ਵੀ ਇਸ ਬਾਰੇ ਇਤਲਾਹ ਦਿੱਤੀ।

# ਬ੍ਰਿਟਿਸ਼ ਸਿੱਖ ਕੌਂਸਲ ਵਲੋਂ ਸਿੰਘ ਸਜੇ ਕਬੀਰਪੰਥੀਆਂ ਦੀ ਮਦਦ ਦੀ ਗੁਹਾਰ

**ਜਲੰਧਰ/ਬਿਊਰੋ ਨਿਊਜ਼ :**

ਬ੍ਰਿਟਿਸ਼ ਸਿੱਖ ਕੌਂਸਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਮਹਾਰਾਸ਼ਟਰ ਤੇ ਮੱਧ ਪ੍ਰਦੇਸ ਵਿਚ ਵੱਸਦੇ ਕਬੀਰ ਪੰਥੀ, ਸਿੱਖ ਵਣਜਾਰੇ ਅਤੇ ਸਿਕਲੀਗਰਾਂ ਦੀ ਮਦਦ ਲਈ ਅੱਗੇ ਆਉਣ, ਜਿਨ੍ਹਾਂ ਨੇ ਪੂਰਨ ਰੂਪ ਵਿੱਚ ਸਿੱਖੀ ਧਾਰਨ ਕੀਤੀ ਹੋਈ ਹੈ। ਬ੍ਰਿਟਿਸ਼ ਸਿੱਖ ਕੌਂਸਲ ਦੇ ਬੁਲਾਰੇ ਤਰਸੇਮ ਸਿੰਘ ਦਿਓਲ, ਸਿੱਖ ਸੇਵਕ ਸੁਸਾਇਟੀ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ, ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਸੁਰਿੰਦਰਪਾਲ ਸਿੰਘ ਗੋਲਡੀ, ਪ੍ਰੋ. ਬਲਵਿੰਦਰਪਾਲ ਸਿੰਘ ਤੇ ਹਰਦੇਵ ਸਿੰਘ ਗਰਚਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮੱਧ ਪ੍ਰਦੇਸ਼ ਦੇ ਪਿੰਡ ਥਮਾਣਾ ਵਿੱਚ ਕਬੀਰ ਪੰਥੀ ਭਾਈਚਾਰੇ ਵਿਚੋਂ ਕੁਝ ਸਿੱਖ ਸਜਣ ਕਰਕੇ ਹੀ ਉਨ੍ਹਾਂ 'ਤੇ ਉੱਚ ਜਾਤਾਂ ਵੱਲੋਂ ਹਮਲਾ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਸ਼ਾਸਨ ਦੀ ਭੂਮਿਕਾ ਇਨਸਾਫ ਦੇਣ ਵਾਲੀ ਨਹੀਂ ਸੀ ਪਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵ ਰਾਜ ਪਾਟਿਲ ਦੀ ਦਖਲਅੰਦਾਜ਼ੀ ਤੋਂ ਬਾਅਦ ਹੀ ਕਬੀਰ ਪੰਥੀ ਸਿੱਖਾਂ ਨੂੰ ਇਨਸਾਫ ਮਿਲ ਸਕਿਆ। ਉਨ੍ਹਾਂ ਦੱਸਿਆ ਕਿ ਕਬੀਰ ਪੰਥੀ ਅੰਮ੍ਰਿਤ ਛੱਕ ਕੇ ਜਾਤੀਵਾਦੀ ਤੇ ਜ਼ੁਲਮ ਕਰਨ ਵਾਲੇ ਠਾਕੁਰਾਂ ਦੇ ਜ਼ੁਲਮਾਂ ਨਾਲ ਕਾਨੂੰਨੀ



ਢੰਗ ਨਾਲ ਮੁਕਾਬਲਾ ਕਰ ਰਹੇ ਹਨ। ਭਾਈ ਦਿਓਲ ਨੇ ਦੱਸਿਆ ਕਿ ਸਿਕਲੀਗਰਾਂ, ਸਿੱਖ ਵਣਜਾਰਿਆਂ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਸਿੱਖ ਪੰਥ ਨਾਲ ਡੂੰਘਾ ਰਿਸ਼ਤਾ ਚਲਿਆ ਆ ਰਿਹਾ ਹੈ ਤੇ ਖਾਲਸਾ ਪੰਥ ਲਈ ਇਹ ਭਾਈਚਾਰੇ ਸ਼ਸਤਰ ਬਣਾ ਕੇ ਸੇਵਾ ਕਰਦੇ ਸਨ ਤੇ ਇਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਦੀ ਸਥਾਪਨਾ ਵਿਚ ਵੀ ਵੱਡੀ ਭੂਮਿਕਾ ਨਿਭਾਈ ਸੀ।

ਤਰਸੇਮ ਸਿੰਘ ਦਿਓਲ ਨੇ ਦੱਸਿਆ ਕਿ ਬ੍ਰਿਟਿਸ਼ ਸਿੱਖ ਕੌਂਸਲ ਦਾ ਮੁੱਖ ਨਿਸ਼ਾਨਾ ਇਨ੍ਹਾਂ ਗਰੀਬ ਸਿੱਖਾਂ ਨੂੰ ਸਿੱਖ ਸਭਿਆਚਾਰ ਨਾਲ ਜੋੜਨ ਦੇ ਨਾਲ ਨਾਲ ਉੱਚ ਸਿੱਖਿਆ ਦਿਵਾਉਣੀ ਤੇ ਮੈਡੀਕਲ ਸਹੂਲਤਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਨੂੰ ਇਨ੍ਹਾਂ ਲਈ ਰਿਜ਼ਰਵ ਕੋਟਾ ਰੱਖਣਾ ਚਾਹੀਦਾ ਹੈ ਤੇ ਬਣਦੀਆਂ ਸਹੂਲਤਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ, ਕਿਉਂਕਿ ਸਮਾਜ ਨੇ ਨਫ਼ਰਤ ਕਰਕੇ ਇਨ੍ਹਾਂ ਨੂੰ ਸ਼ਹਿਰਾਂ ਵਿਚ ਵੀ ਵਸਣ ਨਹੀਂ ਦਿੱਤਾ। ਇਹ ਲੋਕ ਜੰਗਲਾਂ ਤੇ ਗੰਦੀਆਂ ਥਾਵਾਂ 'ਤੇ ਰਹਿ ਰਹੇ ਹਨ। ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਮਹਾਰਾਸ਼ਟਰ ਤੇ ਮੱਧ ਪ੍ਰਦੇਸ਼ ਵਿੱਚ ਸਿਕਲੀਗਰਾਂ, ਕਬੀਰ ਪੰਥੀਆਂ ਤੇ ਵਣਜਾਰਿਆਂ ਦੇ ਵਿਕਾਸ ਲਈ ਉਥੇ ਗੁਰਦੁਆਰੇ, ਸਕੂਲ ਤੇ ਘਰ ਬਣਾ ਕੇ ਦਿੱਤੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਸਿਕਲੀਗਰ ਸਿੱਖਾਂ ਦੀ ਆਬਾਦੀ 10 ਕਰੋੜ ਦੇ ਕਰੀਬ ਹੈ। ਉਨ੍ਹਾਂ ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਕੀਤੀਆਂ ਆਪਣੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 2002 ਤੋਂ 2016 ਤੱਕ ਮੱਧ ਪ੍ਰਦੇਸ਼ ਵਿੱਚ 15 ਗੁਰਦੁਆਰੇ, 200 ਤੋਂ ਵੱਧ ਘਰ ਬਣਾ ਕੇ ਦਿੱਤੇ ਤੇ 25 ਤੋਂ ਵੱਧ ਪੀਣ ਵਾਲੇ ਸਾਫ ਪਾਣੀ ਲਈ ਸਬਮਰਸੀਬਲ ਪੰਪ ਲਵਾ ਕੇ ਦਿੱਤੇ ਹਨ। ਵਿਧਵਾਵਾਂ ਨੂੰ ਪੈਨਸ਼ਨਾਂ ਤੇ ਬੱਚਿਆਂ ਦੇ ਸਵੈ ਰੁਜ਼ਗਾਰ ਲਈ ਸਿਲਾਈ ਸੈਂਟਰ ਖੋਲ੍ਹੇ ਜਾ ਰਹੇ ਹਨ। ਇਸੇ ਤਰ੍ਹਾਂ ਮੱਧ ਪ੍ਰਦੇਸ ਵਿਚ ਵੀ ਤਿੰਨ ਗੁਰਦੁਆਰਾ ਬਣਾ ਕੇ ਦਿੱਤੇ ਹਨ। ਮਹਾਰਾਸ਼ਟਰ ਵਿੱਚ ਦਊਸਾ ਨੂੰ ਮਾਡਲ ਪਿੰਡ ਵਜੋਂ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਹਰ ਗੁਰਸਿੱਖ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਸਿਕਲੀਗਰ ਸਿੱਖ ਭਾਈਚਾਰੇ ਦੀ ਭਲਾਈ ਲਈ ਚੱਲ ਰਹੇ ਸੇਵਾ ਕਾਰਜਾਂ ਵਿੱਚ ਲਗਾਉਣਾ ਚਾਹੀਦਾ ਹੈ ਤਾਂ ਜੋ ਸਿੱਖ ਭਾਈਚਾਰੇ ਦੀ ਗਿਣਤੀ ਵਿਚ ਵਾਧਾ ਹੋ ਸਕੇ। ਇਸ ਮੌਕੇ ਸਿੱਖ ਸੇਵਕ ਸੁਸਾਇਟੀ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਤਰਸੇਮ ਸਿੰਘ ਦਿਓਲ ਨੂੰ ਇਨ੍ਹਾਂ ਮਹਾਨ ਕਾਰਜਾਂ ਲਈ 1 ਲੱਖ ਰੁਪਏ ਦੀ ਸੇਵਾ ਭੇਟ ਕੀਤੀ। ਇਸ ਸਬੰਧੀ ਭਾਈ ਤਰਸੇਮ ਸਿੰਘ ਦਿਓਲ ਨਾਲ 01922-448925, 07950692370, Email: deol_bsc@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਸੂਬੇ ਲਈ ਕਦੇ ਸ਼੍ਰੋਮਣੀ ਕਮੇਟੀ ਹੋਈ ਸੀ ਇੰਦਰਾ ਗਾਂਧੀ ਦੀ ਸ਼ੁਕਰਗੁਜ਼ਾਰ

**ਜਲੰਧਰ/ਪਾਲ ਸਿੰਘ ਨੌਲੀ :**
ਪੰਜਾਬੀ ਸੂਬੇ ਦੀ ਸਥਾਪਨਾ ਦੇ 50 ਸਾਲਾ ਇਤਿਹਾਸ ਦੇ ਵਰਕੇ ਫੋਲਦਿਆਂ ਬਹੁਤ ਸਾਰੀਆਂ ਦਿਲਚਸਪ ਤੇ ਹੈਰਾਨ ਕਰਨ ਵਾਲੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ। ਦਰਬਾਰ ਸਾਹਿਬ ਸਮੂਹ 'ਤੇ ਫ਼ੌਜੀ ਹਮਲੇ ਤੋਂ ਬਾਅਦ ਸਿੱਖ ਕੌਮ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਮੇਸ਼ਾਂ ਨਫ਼ਰਤ ਦੀਆਂ ਨਿਗਾਹਾਂ ਨਾਲ ਦੇਖਿਆ ਸੀ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਵੀ ਸਿੱਖ ਕੌਮ ਨੇ ਸ੍ਰੀਮਤੀ ਗਾਂਧੀ ਨੂੰ ਮੁਆਫ਼ ਨਹੀਂ ਕੀਤਾ ਸੀ। ਪਰ ਉਸ ਤੋਂ ਕਈ ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਸੂਬਾ ਬਣਾਏ ਜਾਣ ਸਬੰਧੀ ਮਤਾ ਪਾਸ ਕਰ ਕੇ ਕਾਂਗਰਸ ਵਰਕਿੰਗ ਕਮੇਟੀ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਇੰਦਰਾ ਗਾਂਧੀ ਦਾ ਧੰਨਵਾਦ ਕੀਤਾ ਸੀ।

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 50 ਸਾਲਾ ਇਤਿਹਾਸ' ਨਾਂ ਦੀ ਕਿਤਾਬ ਵਿੱਚ ਸਫਾ ਨੰਬਰ 357 ਉਤੇ ਇਹ ਮਤਾ ਦਰਜ ਹੈ। ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰਿਸਰਚ ਬੋਰਡ ਨੇ ਪਹਿਲੀ ਵਾਰ ਮਾਰਚ 1982 ਵਿਚ ਪ੍ਰਕਾਸ਼ਤ ਕੀਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 20 ਮਾਰਚ 1966 ਨੂੰ ਆਪਣੇ ਹੋਏ ਜਨਰਲ ਬਜਟ ਇਜਲਾਸ ਵਿਚ 'ਪੰਜਾਬੀ ਸੂਬਾ-ਅੰਦੋਲਨ ਦੇ ਮੋਢੀਆਂ ਬਾਰੇ ਪ੍ਰਸ਼ੰਸਾ ਦਾ ਮਤਾ' ਅਤੇ 'ਕਾਂਗਰਸ ਵਰਕਿੰਗ ਕਮੇਟੀ ਦੇ ਫ਼ੈਸਲੇ ਦੀ ਸ਼ਲਾਘਾ ਤੇ ਇੰਦਰਾ ਗਾਂਧੀ ਦਾ ਧੰਨਵਾਦ ਮਤਾ' ਵੀ ਪਾਸ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦਾ ਇਹ ਬਜਟ ਇਜਲਾਸ ਉਸ ਵੇਲੇ ਦੇ ਪ੍ਰਧਾਨ ਸੰਤ ਚੰਨਣ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ ਸੀ ਜਿਸ ਵਿੱਚ ਕੁੱਲ 188 ਮੈਂਬਰ ਹਾਜ਼ਰ ਹੋਏ ਸਨ।



ਐਸਜੀਪੀਸੀ ਦੇ ਸੀਨੀਅਰ ਮੀਤ ਪ੍ਰਧਾਨ ਗਿਆਨੀ ਹਰਿਚਰਨ ਸਿੰਘ ਹੁਡਿਆਰਾ ਵੱਲੋਂ ਪੰਜਾਬੀ ਸੂਬੇ ਦੀ ਖੁਸ਼ੀ ਵਿੱਚ ਇਹ ਮਤਾ ਪੇਸ਼ ਕੀਤਾ ਗਿਆ ਸੀ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਇਜਲਾਸ ਸਰਬ ਹਿੰਦ ਕਾਂਗਰਸ ਵਰਕਿੰਗ ਕਮੇਟੀ ਦੇ ਉਸ ਫੈਸਲੇ ਦੀ, ਜਿਸ ਦੁਆਰਾ ਉਸ ਨੇ ਵਰਤਮਾਨ ਪੰਜਾਬ ਪ੍ਰਦੇਸ਼ ਵਿਚੋਂ ਪੰਜਾਬੀ ਸੂਬੇ ਦੇ ਬਣਾਏ ਜਾਣ ਦੀ ਹੱਕੀ ਤੇ ਵਿਧਾਨਕ ਮੰਗ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਹੈ, ਹਾਰਦਿਕ ਪ੍ਰਸ਼ੰਸਾ ਕਰਦਾ ਹੈ। ਇਸ ਦੇ ਨਾਲ ਹੀ ਇਹ ਇਜਲਾਸ ਸ੍ਰੀ ਕਾਮਰਾਜ ਪ੍ਰਧਾਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਅਤੇ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਨੂੰ ਵੀ ਹਾਰਦਿਕ ਵਧਾਈ ਦਿੰਦਾ ਹੈ, ਜਿਨ੍ਹਾਂ ਨੇ ਪੂਰੀ ਸਿਆਣਪ, ਦੀਰਘ ਦ੍ਰਿਸ਼ਟੀ ਅਤੇ ਦ੍ਰਿੜ੍ਹਤਾ ਨਾਲ ਇਸ ਮਾਮਲੇ ਨੂੰ ਸਫ਼ਲਤਾ ਪੂਰਵਕ ਨਜਿੱਠਣ ਵਿੱਚ ਅਗਵਾਈ ਦਿੱਤੀ ਹੈ। ਇਹ ਸਮਾਗਮ ਹੁਕਮ ਸਿੰਘ ਜੀ ਚੇਅਰਮੈਨ ਅਤੇ ਮੈਂਬਰ ਸਾਹਿਬਾਨ ਪਾਰਲੀਮੈਂਟਰੀ ਕਮੇਟੀ, ਜਿਨ੍ਹਾਂ ਨੇ ਬੜੀ ਦ੍ਰਿੜ੍ਹਤਾ, ਪੁਣ-ਛਾਣ ਅਤੇ ਸੰਤੁਲਨਾਤਮਕ ਦ੍ਰਿਸ਼ਟੀ ਨਾਲ ਘੋਖ ਕੇ ਪੰਜਾਬ ਦੀ ਬੋਲੀ ਦੇ ਆਧਾਰ 'ਤੇ ਨਵੀਂ ਸਿਰਜਣਾ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਇਸ ਤਰ੍ਹਾਂ ਰਿਜਨਾਂ ਦੇ ਵਸਨੀਕਾਂ ਦੀਆਂ ਰੀਝਾਂ ਨੂੰ ਪੂਰਿਆਂ ਕੀਤਾ ਹੈ, ਦੀ ਦਿਲੋਂ ਪ੍ਰਸ਼ੰਸਾ ਕਰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੇਮਟੀ ਦਾ ਇਹ ਇਜਲਾਸ ਭਾਰਤ ਸਰਕਾਰ ਉੱਤੇ ਜ਼ੋਰ ਦਿੰਦਾ ਹੈ ਕਿ ਉਹ ਉਪਰੋਕਤ ਕਮੇਟੀਆਂ ਦੀਆਂ ਸਿਫਾਰਸਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੁਰੰਤ ਹੀ ਠੋਸ ਕਾਰਵਾਈ ਕਰੇ।'

ਰਵੇਲ ਸਿੰਘ ਐਡਵੋਕੇਟ, ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਬਲਦੇਵ ਸਿੰਘ ਮਾਹਿਲਪੁਰੀ ਦੀ ਪ੍ਰੋੜ੍ਹਤਾ ਕਰਨ 'ਤੇ ਇਹ ਮਤਾ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। 1 ਨਵੰਬਰ 1966 ਨੂੰ ਪੰਜਾਬੀ ਸੂਬਾ ਬਣਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦਾ 18 ਨਵੰਬਰ 1966 ਨੂੰ ਜੋ ਜਨਰਲ ਇਜਲਾਸ ਹੋਇਆ ਉਸ ਵਿਚ ਪੰਜਾਬੀ ਸੂਬੇ ਨਾਲ ਹੋਏ ਧੱਕੇ ਵਿਰੁੱਧ ਰੋਸ ਮਤਾ ਪਾਸ ਕੀਤਾ ਗਿਆ। 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਸਮਾਗਮ ਪੰਜਾਬੀ ਸੂਬੇ ਨਾਲ ਹੋਏ ਕੇਂਦਰ ਦੇ ਉਸ ਧੱਕੇ ਨੂੰ ਬਹੁਤ ਬੁਰੀ ਤਰ੍ਹਾਂ ਮਹਿਸੂਸ ਕਰਦਾ ਹੈ ਜਿਸ ਰਾਹੀਂ ਸਾਂਝੀਆਂ ਕੜੀਆਂ ਵਿੱਚ ਜਕੜ ਕੇ ਚੰਡੀਗੜ੍ਹ ਤੇ ਡੈਮਾਂ ਉੱਪਰ ਕੇਂਦਰੀ ਕਬਜ਼ਾ ਕਰ ਕੇ ਕੁਝ ਪੰਜਾਬੀ ਭਾਸ਼ੀ ਇਲਾਕੇ ਬਾਹਰ ਰੱਖ ਕੇ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਝਦੀ ਹੈ ਕਿ ਇਹ ਧੱਕਾ ਕਰ ਕੇ ਕੇਂਦਰੀ ਸਰਕਾਰ ਵੱਲੋਂ ਪੰਜਾਬੀਆਂ ਅਤੇ ਖਾਸ ਕਰ ਕੇ ਸਿੱਖਾਂ ਨੂੰ ਇਨ੍ਹਾਂ ਵਿਰੁੱਧ ਅੰਦੋਲਨ ਲਈ ਮਜਬੂਰ ਕੀਤਾ ਗਿਆ ਹੈ। ਇਹ ਸਮਾਗਮ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਾ ਹੈ ਕਿ ਉਹ ਧੱਕੇ ਤਤਕਾਲ ਦੂਰ ਕਰੇ ਨਹੀਂ ਤਾਂ ਨਿਕਲਣ ਵਾਲੇ ਨਤੀਜਿਆਂ ਦੀ ਜ਼ਿੰਮੇਵਾਰੀ ਉਸ 'ਤੇ ਹੋਵੇਗੀ।'

ਪੰਜਾਬੀ ਸੂਬੇ ਦੀ ਮੌਜੂਦਾ ਹੋਂਦ ਬਾਰੇ ਟਿੱਪਣੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਨੇ ਕਿਹਾ ਕਿ ਅਕਾਲੀਆਂ ਵੱਲੋਂ ਪੰਜਾਬੀ ਸੂਬੇ ਬਾਰੇ ਜੋ ਅੰਦੋਲਨ ਚਲਾਇਆ ਜਾ ਰਿਹਾ ਸੀ ਉਸ ਬਾਰੇ ਅਕਾਲੀ ਲੀਡਰਸ਼ਿਪ ਨੇ ਬੇਈਮਾਨੀ ਕੀਤੀ ਤੇ ਜਾਣਬੁੱਝ ਕੇ ਪੰਜਾਬੀ ਬੋਲਦੇ ਇਲਾਕਿਆਂ ਕਾਂਗੜਾ, ਊਨਾ ਤੇ ਅੰਬਾਲੇ 'ਤੇ ਆਪਣਾ ਹੱਕ ਨਹੀਂ ਜਤਾਇਆ ਸੀ। ਉਨ੍ਹਾਂ ਕਿਹਾ ਕਿ ਕਾਂਗੜਾ ਤੇ ਊਨਾ ਇਸ ਕਰ ਕੇ ਸ਼ਾਮਲ ਕਰਨ ਲਈ ਜ਼ੋਰ ਨਹੀਂ ਪਾਇਆ ਗਿਆ ਕਿਉਂਕਿ ਉਥੇ ਹਿੰਦੂ ਪੰਜਾਬੀਆਂ ਦੀ ਗਿਣਤੀ ਜ਼ਿਆਦਾ ਸੀ। ਜਦਕਿ ਅਕਾਲੀ ਲੀਡਰ ਆਪਣਾ ਦਬਦਬਾ ਕਾਇਮ ਰੱਖਣ ਲਈ ਸਿੱਖਾਂ ਦੀ ਗਿਣਤੀ ਵਾਲੇ ਇਲਾਕਿਆਂ ਨੂੰ ਸ਼ਾਮਲ ਕਰਨ 'ਤੇ ਹੀ ਜ਼ੋਰ ਦੇ ਰਹੇ ਸਨ।

ਗੈਸ ਏਜੰਸੀ ਹਥਿਆਉਣ ਦਾ ਮਾਮਲਾ

## ਸਾਬਕਾ ਵਿਧਾਇਕ ਛੱਜਲਵੱਡੀ, ਪਤਨੀ ਸਮੇਤ ਚਾਰ ਖ਼ਿਲਾਫ਼ ਦੋਸ਼ ਆਇਦ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਇਕ ਸ਼ਹੀਦ ਸੈਨਿਕ ਪਰਿਵਾਰ ਨੂੰ ਅਲਾਟ ਹੋਈ ਗੈਸ ਏਜੰਸੀ ਧੋਖੇ ਨਾਲ ਹਥਿਆਉਣ ਦੇ ਚਰਚਿਤ ਮਾਮਲੇ ਵਿਚ ਸਾਬਕਾ ਵਿਧਾਇਕ ਤੇ ਸੀਨੀਅਰ ਕਾਂਗਰਸੀ ਆਗੂ ਰਣਜੀਤ ਸਿੰਘ ਛੱਜਲਵੱਡੀ ਤੇ ਉਨ੍ਹਾਂ ਦੀ ਪਤਨੀ ਸਮੇਤ ਚਾਰ ਵਿਅਕਤੀਆਂ ਖਿਲਾਫ ਏਕਤਾ ਸਹੋਤਾ ਦੀ ਅਦਾਲਤ ਵੱਲੋਂ ਧੋਖਾਧੜੀ ਦੇ ਦੋਸ਼ ਆਇਦ ਕੀਤੇ ਗਏ। ਉਨ੍ਹਾਂ ਖਿਲਾਫ ਅਗਲੀ ਕਾਨੂੰਨੀ ਸੁਣਵਾਈ 8 ਨਵੰਬਰ ਦੀ ਨਿਰਧਾਰਤਿ ਕੀਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਵਕੀਲ ਅਵਤਾਰ ਸਿੰਘ ਰੰਧਾਵਾ ਤੇ ਮਨਦੀਪ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਜੰਡਿਆਲਾ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਨੇ 2012 ਵਿਚ ਦਰਜ ਕਰਵਾਇਆ ਸੀ, ਜਿਸ ਨੇ ਦੱਸਿਆ ਕਿ 1987 ਵਿਚ ਸ੍ਰੀ ਲੰਕਾ ਵਿਚ ਹੋਏ ਪਵਨ ਅਪਰੇਸ਼ਨ ਦੌਰਾਨ ਫੌਜ ਦੇ ਸੈਨਿਕ ਤੇ ਉਸ ਦੇ ਪਿਤਾ ਬਲਵਿੰਦਰ ਸਿੰਘ ਦੀ ਸ਼ਹਾਦਤ ਹੋਈ ਸੀ ਜਿਸ ਨੂੰ ਸਰਕਾਰ ਨੇ ਸਨਮਾਨ ਵਜੋਂ ਉਨ੍ਹਾਂ ਦੇ ਪਰਿਵਾਰ ਨੂੰ ਗੈਸ ਏਜੰਸੀ ਅਲਾਟ ਕੀਤੀ ਸੀ, ਉਕਤ ਆਗੂ ਛੱਜਲਵੱਡੀ ਤੇ ਉਨ੍ਹਾਂ ਦੀ ਪਤਨੀ ਉਨ੍ਹਾਂ ਦੇ ਘਰ ਅਫਸੋਸ ਕਰਨ ਆਏ ਤੇ ਉਨ੍ਹਾਂ ਦੀ ਮਾਤਾ ਅਮਰਜੀਤ ਕੌਰ ਨੂੰ ਦਿਲਾਸਾ ਦਿੱਤਾ ਕਿ ਉਹ ਉਸ ਨੂੰ ਸਰਕਾਰੀ ਸਹੂਲਤਾਂ ਲੈ ਕੇ ਦੇਣਗੇ। ਇਸ ਲਈ ਉਹ ਜੋ ਵੀ ਦਸਤਾਵੇਜ਼ ਆਉਣ ਉਨ੍ਹਾਂ ਨੂੰ ਕਥਿਤ ਤੌਰ 'ਤੇ ਦੇ ਦੇਵੇ। ਇਸ ਉਪਰੰਤ 2010 ਨੂੰ ਜਦੋਂ ਉਹ ਕੋਈ ਸਹਾਇਤਾ ਨਾ ਮਿਲਣ ਕਰਕੇ ਆਪਣੀ ਮਾਂ ਨੂੰ ਨਾਲ ਲੈ ਕੇ ਸੈਨਿਕ ਅਧਿਕਾਰੀਆਂ ਨੂੰ ਮਿਲਿਆ ਤਾਂ ਉਨ੍ਹਾਂ ਨੂੰ ਪਤਾ ਲਗਾ ਕਿ ਉਨ੍ਹਾਂ ਦੇ ਪਿਤਾ ਦੇ ਨਾਂਅ 'ਤੇ ਮੋਹਾਲੀ ਵਿਚ ਗੈਸ ਏਜੰਸੀ ਚਲ ਰਹੀ ਹੈ। ਇਸ ਦੀ ਸ਼ਿਕਾਇਤ ਪੁਲੀਸ ਨੂੰ ਕੀਤੀ ਤਾਂ ਥਾਣਾ ਸਿਵਲ ਲਾਈਨ ਦੀ ਪੁਲੀਸ ਵੱਲੋਂ 2012 ਵਿਚ ਉਕਤ ਆਗੂ ਜੋੜੇ ਤੋਂ ਇਲਾਵਾ ਵਿਨੋਦ ਅਰੋੜਾ ਤੇ ਦਰਸ਼ਨ ਅਰੋੜਾ ਖਿਲਾਫ ਵੀ ਪਰਚਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਅਦਾਲਤ ਵੱਲੋਂ ਮੁਦਈ ਪੱਖ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਦੋਸ਼ ਆਇਦ ਕੀਤੇ ਗਏ ਹਨ, ਜਿਸ ਨਾਲ ਉਨ੍ਹਾਂ ਖਿਲਾਫ ਅਦਾਲਤੀ ਕੇਸ ਚਲਣ ਲਈ ਰਾਹ ਪੱਧਰਾ ਹੋ ਗਿਆ ਹੈ।

## ਦਲ ਖ਼ਾਲਸਾ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਆਜ਼ਾਦ ਸਿੱਖ ਰਾਜ ਲਈ ਇਕੱਠਿਆਂ ਸੰਘਰਸ਼ ਦਾ ਐਲਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਜਥੇਬੰਦੀਆਂ ਦਲ ਖ਼ਾਲਸਾ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਨੇ ਆਪਸੀ ਏਕਤਾ ਦਾ ਐਲਾਨ ਕੀਤਾ ਅਤੇ ਆਜ਼ਾਦ ਸਿੱਖ ਰਾਜ ਲਈ ਇਕੱਠਿਆਂ ਸੰਘਰਸ਼ ਕਰਨ ਦਾ ਫੈਸਲਾ ਕੀਤਾ। ਦੋਵਾਂ ਜਥੇਬੰਦੀਆਂ ਨੇ ਭਾਰਤੀ ਸਿਸਟਮ ਹੇਠ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਨਾ ਲੜਨ ਦਾ ਵੀ ਐਲਾਨ ਕੀਤਾ।




ਇਸ ਸਬੰਧ ਵਿੱਚ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ ਬਿੱਟੂ ਅਤੇ ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਤੇ ਹੋਰ ਆਗੂਆਂ ਦੀ ਹਾਜ਼ਰੀ ਵਿੱਚ ਪਹਿਲਾਂ ਅਕਾਲ ਤਖ਼ਤ ਵਿਖੇ ਆਪਸੀ ਏਕਤਾ ਦੀ ਅਰਦਾਸ ਕੀਤੀ ਗਈ। ਮਗਰੋਂ ਦੋਵਾਂ ਜਥੇਬੰਦੀਆਂ ਦੇ ਆਗੂਆਂ ਨੇ ਸ਼ਹੀਦੀ ਸਮਾਰਕ ਵਿਖੇ ਆਪਸੀ ਏਕਤਾ ਸਬੰਧੀ ਦਸਤਾਵੇਜ਼ 'ਤੇ ਦਸਤਖ਼ਤ ਕੀਤੇ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਅਕਾਲੀ ਦਲ ਪੰਚ ਪ੍ਰਧਾਨੀ ਵੱਲੋਂ ਵੀ ਦਲ ਖ਼ਾਲਸਾ ਵਿੱਚ ਰਲੇਵਾਂ ਕੀਤਾ ਜਾ ਚੁੱਕਾ ਹੈ। ਪੱਤਰਕਾਰ ਸੰਮੇਲਨ ਵਿੱਚ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਪੰਜਾਬ ਦੀ ਪ੍ਰਭੂਸੱਤਾ ਅਤੇ ਆਜ਼ਾਦੀ ਦੇ ਨਿਸ਼ਾਨੇ ਨੂੰ ਲੈ ਕੇ ਜਥੇਬੰਦੀ ਨੇ ਦਲ ਖ਼ਾਲਸਾ ਦੇ ਨਾਲ ਚੱਲਣ ਦਾ ਸਿਧਾਂਤਕ ਫ਼ੈਸਲਾ ਕੀਤਾ ਹੈ। ਉਨ੍ਹਾਂ ਆਖਿਆ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜਥੇਬੰਦੀ ਨੂੰ ਨਿਰੋਲ ਵਿਦਿਆਰਥੀ ਜਥੇਬੰਦੀ ਬਣਾਇਆ ਜਾਵੇਗਾ ਅਤੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇਂ ਵਰ੍ਹੇ ਮੌਕੇ 14 ਮਾਰਚ ਨੂੰ ਫੈਡਰੇਸ਼ਨ ਦਾ ਨਵਾਂ ਢਾਂਚਾ ਸਥਾਪਤ ਕੀਤਾ ਜਾਵੇਗਾ। ਇਹ ਨਵਾਂ ਢਾਂਚਾ ਹੀ ਫੈਡਰੇਸ਼ਨ ਨੂੰ ਚਲਾਵੇਗਾ। ਉਸ ਵੇਲੇ ਤੱਕ ਉਹ ਖੁਦ ਵਿਦਿਆਰਥੀ ਜਥੇਬੰਦੀ ਦੇ ਕਾਰਜਕਾਰੀ ਪ੍ਰਧਾਨ ਵਜੋਂ ਸੇਵਾਵਾਂ ਪ੍ਰਦਾਨ ਕਰਨਗੇ। ਫੈਡਰੇਸ਼ਨ ਦੀ 72ਵੀਂ ਵਰ੍ਹੇਗੰਢ ਮੌਕੇ ਹੀ ਉਨ੍ਹਾਂ ਜਥੇਬੰਦੀ ਦੇ ਪ੍ਰਧਾਨ ਦਾ ਅਹੁਦਾ ਛੱਡਣ ਦਾ ਫੈਸਲਾ ਕਰ ਲਿਆ ਸੀ ਅਤੇ 13 ਮੈਂਬਰੀ ਐਡਹਾਕ ਕਮੇਟੀ ਕੰਮਕਾਜ ਚਲਾਉਣ ਲਈ ਬਣਾ ਦਿੱਤੀ ਸੀ। ਉਨ੍ਹਾਂ ਦੱਸਿਆ ਕਿ 14 ਮਾਰਚ ਤੋਂ ਬਾਅਦ ਉਹ ਸਾਥੀਆਂ ਸਮੇਤ ਦਲ ਖ਼ਾਲਸਾ ਵਿਚ ਸ਼ਾਮਲ ਹੋ ਜਾਣਗੇ। ਇਸ ਮੌਕੇ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਫੈਡਰੇਸ਼ਨ ਆਗੂਆਂ ਦਾ ਸਵਾਗਤ ਕਰਦਿਆਂ ਆਖਿਆ ਕਿ ਦਲ ਖ਼ਾਲਸਾ ਵੱਲੋਂ ਆਪਣਾ ਹੋਰ ਘੇਰਾ ਵਧਾਉਣ ਦੇ ਯਤਨ ਜਾਰੀ ਹਨ ਅਤੇ ਹੋਰ ਹਮਖਿਆਲੀ ਜਥੇਬੰਦੀਆਂ ਨੂੰ ਵੀ ਸ਼ਾਮਲ ਹੋਣ ਦਾ ਸੱਦਾ ਹੈ। ਉਨ੍ਹਾਂ ਐਲਾਨ ਕੀਤਾ ਕਿ ਉਹ ਭਾਰਤੀ ਸਿਸਟਮ ਹੇਠ ਹੋਣ ਵਾਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਕਿਸੇ ਵਿੱਚ ਵੀ ਸਿੱਧੇ ਤੌਰ 'ਤੇ ਸ਼ਮੂਲੀਅਤ ਨਹੀਂ ਕਰਨਗੇ। ਖ਼ਾਲਿਸਤਾਨ ਬਾਰੇ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬ ਦੀ ਪ੍ਰਭੂਸੱਤਾ ਅਤੇ ਆਜ਼ਾਦੀ ਲਈ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। 10 ਨਵੰਬਰ ਨੂੰ ਹੋਣ ਵਾਲੇ ਸਰਬੱਤ ਖਾਲਸਾ ਬਾਰੇ ਉਨ੍ਹਾਂ ਆਖਿਆ ਕਿ ਜੇਕਰ ਸਰਬੱਤ ਖਾਲਸਾ ਵਿਧੀ ਵਿਧਾਨ ਅਨੁਸਾਰ ਹੋਵੇਗਾ ਤਾਂ ਹੀ ਉਸ ਨੂੰ ਮਾਨਤਾ ਦਿੱਤੀ ਜਾਵੇਗੀ।

## ਸਰਕਾਰੀ ਜਸ਼ਨਾਂ ਦੇ ਬਰਾਬਰ ਪੰਜਾਬੀ ਸੂਬੇ ਦੀ ਵਰ੍ਹੇਗੰਢ ਮਨਾਵਾਂਗੇ : ਦਲ ਖ਼ਾਲਸਾ

**ਜਲੰਧਰ/ਬਿਊਰੋ ਨਿਊਜ਼**, ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬੀ ਸੂਬੇ ਦੇ 50ਵੇਂ ਸਥਾਪਨਾ ਦਿਵਸ ਦੇ ਮਨਾਏ ਜਾ ਰਹੇ ਜਸ਼ਨਾਂ 'ਤੇ ਤਿੱਖੇ ਸਵਾਲ ਕਰਦਿਆਂ ਦਲ ਖਾਲਸਾ, ਸਿੱਖ ਫੈਡਰੇਸ਼ਨ ਯੂ.ਕੇ. ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸਾਂਝੇ ਤੌਰ ਉੱਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬੀ ਸੂਬੇ ਦੇ ਮਨਾਏ ਜਾ ਰਹੇ ਜਸ਼ਨਾਂ ਦੀਆਂ ਪਹਿਲਾਂ ਪ੍ਰਾਪਤੀਆਂ ਦੱਸੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਜਸ਼ਨਾਂ ਦੇ ਮੁਕਾਬਲੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਮਰਨ ਵਰਤ ਰੱਖਣ ਵਾਲੇ ਦਰਸ਼ਨ ਸਿੰਘ ਫੇਰੂਮਾਨ ਦੇ ਪਿੰਡ ਫੇਰੂਮਾਨ ਵਿੱਚ ਪਹਿਲੀ ਨਵੰਬਰ ਨੂੰ ਕਾਨਫ਼ਰੰਸ ਕੀਤੀ ਜਾਵੇਗੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਮਾਰਚ ਕੀਤਾ ਜਾਵੇਗਾ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ, ਸਾਬਕਾ ਪ੍ਰਧਾਨ ਹਰਚਰਨ ਸਿੰਘ ਧਾਮੀ ਤੇ ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਹੜੀ ਖੁਸ਼ੀ ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਦੇ ਜਸ਼ਨ ਮਨਾ ਰਿਹਾ ਹੈ, ਜਦੋਂਕਿ ਪੰਜਾਬ ਨੂੰ ਬੁਰੀ ਤਰ੍ਹਾਂ ਲੁੱਟਿਆ ਗਿਆ ਹੈ ਅਤੇ ਨੌਜਵਾਨਾਂ ਦੀ ਅਤਿਵਾਦੀਆਂ ਦੇ ਨਾਂ 'ਤੇ ਨਸਲਕੁਸ਼ੀ ਕੀਤੀ ਗਈ ਹੈ। ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮਲੀਆਮੇਟ ਕੀਤਾ ਗਿਆ ਅਤੇ ਪੰਜਾਬੀ ਬੋਲਦੇ ਇਲਾਕੇ 50 ਸਾਲਾਂ ਵਿੱਚ ਵੀ ਪੰਜਾਬ ਵਿੱਚ ਸ਼ਾਮਲ ਨਹੀਂ ਕੀਤੇ ਗਏ। ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਕੇਂਦਰ ਸਰਕਾਰ ਮੁੱਕਰ ਗਈ ਤੇ ਪੰਜਾਬ ਦਾ ਪਾਣੀ ਦੂਜੇ ਗ਼ੈਰ-ਰਿਪੇਰੀਅਨ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ। ਪਾਰਟੀ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਅਤੇ ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਪਹਿਲੀ ਨਵੰਬਰ ਨੂੰ ਕਰਵਾਈ ਜਾਣ ਵਾਲੀ ਕਾਨਫ਼ਰੰਸ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਨੂੰ ਸਮਰਪਿਤ ਹੋਵੇਗੀ, ਜਿਨ੍ਹਾਂ ਨੇ ਆਜ਼ਾਦ ਪੰਥ ਅਤੇ ਸਿੱਖ ਹੋਮਲੈਂਡ ਲਈ 1969 ਵਿੱਚ ਆਪਣੀ ਜਾਨ ਕੁਰਬਾਨ ਕੀਤੀ। ਇਸ ਮੌਕੇ ਉਨ੍ਹਾਂ ਪੰਜਾਬ ਦੀ 50 ਸਾਲਾ ਤ੍ਰਾਸਦੀ ਨੂੰ ਦਰਸਾਉਂਦਾ ਇੱਕ ਪੋਸਟਰ ਜਾਰੀ ਕੀਤਾ। ਪਾਰਟੀ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕਿਹਾ ਕਿ ਉਸ ਦਿਨ 1966 ਤੋਂ ਲੈ ਕੇ ਹੁਣ ਤਕ ਪੰਜਾਬ ਨਾਲ ਹੋਏ ਵਿਤਕਰੇ ਅਤੇ ਬੇਇਨਸਾਫ਼ੀਆਂ ਬਾਰੇ ਪਾਰਟੀ ਵਲੋਂ ਇਕ 50 ਨੁਕਤਿਆਂ ਵਾਲ ਕਿਤਾਬਚਾ ਜਾਰੀ ਕੀਤਾ ਜਾਵੇਗਾ। ਇਸ ਮੌਕੇ ਫੈਡਰੇਸ਼ਨ ਆਗੂ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਨੇ ਦੱਸਿਆ ਕਿ ਨਵੰਬਰ '84 ਕਤਲੇਆਮ ਦੀ 32ਵੀਂ ਵਰ੍ਹੇਗੰਢ ਮੌਕੇ ਜਥੇਬੰਦੀ ਵੱਲੋਂ ਸੰਘਰਸ਼ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ।



Sir Speedy Tustin Printers to the Community
SUBWAY eat fresh.
OPEN 24 HOURS ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
LOVE
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸਿੱਧੂ ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਨਹੀਂ ਕੀਤੀ : ਕਾਂਗਰਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਕਾਂਗਰਸ ਨੇ ਇਨ੍ਹਾਂ ਖ਼ਬਰਾਂ ਤੋਂ ਇਨਕਾਰ ਕੀਤਾ ਕਿ ਉਸ ਨੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਰਾਜ ਵਿਚ ਪਾਰਟੀ ਦੇ ਸੱਤਾ ਵਿਚ ਆਉਣ ਦੀ ਸਥਿਤੀ ਵਿਚ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਹੈ ਪਰ ਪਾਰਟੀ ਨੇ ਦਾਅਵਾ ਕੀਤਾ ਕਿ 'ਚੋਣਾਵੀ ਗਠਜੋੜ' ਲਈ ਭਾਰਤੀ ਕਮਿਊਨਿਸਟ ਪਾਰਟੀ ਨਾਲ ਸੰਪਰਕ ਕੀਤਾ ਗਿਆ ਹੈ। ਕਾਂਗਰਸ ਦੀ ਸੀਨੀਅਰ ਨੇਤਾ ਤੇ ਪਾਰਟੀ ਦੀ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਕਿਹਾ, 'ਨਹੀਂ ਸਾਡੀ ਉਨ੍ਹਾਂ (ਆਵਾਜ਼-ਏ-ਪੰਜਾਬ) ਨਾਲ ਕੋਈ ਗੱਲਬਾਤ ਨਹੀਂ ਹੋ ਰਹੀ ਹੈ। ਕੇਵਲ ਭਾਰਤੀ ਕਮਿਊਨਿਸਟ ਪਾਰਟੀ ਦੇ ਨੇਤਾਵਾਂ ਨੇ ਸਾਡੇ ਨਾਲ ਸੰਪਰਕ ਕੀਤਾ ਹੈ ਪਰ ਅਜੇ ਗੱਲਬਾਤ ਸ਼ੁਰੂ ਨਹੀਂ ਹੋਈ ਹੈ।' ਉਨ੍ਹਾਂ ਇਨ੍ਹਾਂ ਖ਼ਬਰਾਂ ਤੋਂ ਵੀ ਇਨਕਾਰ ਕੀਤਾ ਕਿ ਕਾਂਗਰਸ ਨੇ ਸਿੱਧੂ ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ, 'ਸਾਡਾ ਰੁਖ਼ ਇਹ ਹੈ ਕਿ ਸਿੱਧੂ ਹੋਣ ਜਾਂ ਕੋਈ ਹੋਰ ਵਿਅਕਤੀ ਜੋ ਵੀ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਉਪ ਪ੍ਰਧਾਨ ਰਾਹੁਲ ਗਾਂਧੀ ਅਤੇ ਸਾਡੀ ਪਾਰਟੀ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿਚ ਭਰੋਸਾ ਰੱਖਦਾ ਹੈ, ਉਹ ਬਿਨਾਂ ਸ਼ਰਤ ਪਾਰਟੀ ਵਿਚ ਸ਼ਾਮਲ



ਹੋ ਸਕਦਾ ਹੈ।' ਇਨ੍ਹਾਂ ਖ਼ਬਰਾਂ 'ਤੇ ਕਿ ਜੇਕਰ ਸਿੱਧੂ ਕਾਂਗਰਸ ਨਾਲ ਹੱਥ ਮਿਲਾਉਂਦੇ ਹਨ ਤੇ ਆਉਣ ਵਾਲੀਆਂ ਚੋਣਾਂ ਵਿਚ ਪਾਰਟੀ ਰਾਜ ਵਿਚ ਜਿੱਤ ਪ੍ਰਾਪਤ ਕਰਦੀ ਹੈ ਤਾਂ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਹੈ, ਦੇ ਜਵਾਬ ਵਿਚ ਆਸ਼ਾ ਕੁਮਾਰੀ ਨੇ ਕਿਹਾ, 'ਮੈਂ ਇਸ 'ਤੇ ਕੁਝ ਨਹੀਂ ਬੋਲ ਸਕਦੀ।' ਉਨ੍ਹਾਂ ਕਿਹਾ ਕਿ ਕਾਂਗਰਸ ਰਾਜ ਵਿਚ 'ਭ੍ਰਿਸ਼ਟ' ਤੇ 'ਜਨ-ਵਿਰੋਧੀ' ਅਕਾਲੀ ਭਾਜਪਾ ਦੀ ਗਠਜੋੜ ਸਰਕਾਰ ਨੂੰ ਸੱਤਾ ਵਿਚੋਂ ਬਾਹਰ ਕਰਨਾ ਚਾਹੁੰਦੀ ਹੈ ਤੇ ਹੋਰ ਜੋ ਵੀ ਕੋਈ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ, ਉਹ 'ਬਿਨਾਂ ਸ਼ਰਤ' ਨਾਲ ਆ ਸਕਦਾ ਹੈ।

## ਸੀ.ਪੀ.ਆਈ ਨਾਲ ਗਠਜੋੜ ਲਈ ਗੱਲਬਾਤ ਜਾਰੀ :

ਆਸ਼ਾ ਕੁਮਾਰੀ ਦਾ ਕਹਿਣਾ ਹੈ ਕਿ ਅਗਲੇ ਸਾਲ ਦੇ ਸ਼ੁਰੂ ਵਿਚ ਹੋਣ ਵਾਲੀਆਂ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਨਾਲ ਟੱਕਰ ਲੈਣ ਲਈ ਕਾਂਗਰਸ ਦੀ ਭਰਪੂਰ ਕੋਸ਼ਿਸ਼ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਨਾਲ ਕੁਝ ਸੀਟਾਂ 'ਤੇ ਗਠਜੋੜ ਕੀਤਾ ਜਾਵੇ। ਇਸ ਬਾਰੇ ਬੀਬੀ ਰਾਜਿੰਦਰ ਕੌਰ ਭੱਠਲ ਤੇ ਸ. ਲਾਲ ਸਿੰਘ ਜਿਹੇ ਸੀਨੀਅਰ ਕਾਂਗਰਸੀ ਆਗੂ ਭਾਰਤੀ ਕਮਿਊਨਿਸਟ ਪਾਰਟੀ (ਭਾਕਪਾ) ਨਾਲ ਸੰਪਰਕ ਬਣਾਏ ਹੋਏ ਹਨ। ਵਰਨਣਯੋਗ ਹੈ ਕਿ ਅਤੀਤ ਵਿਚ ਵੀ ਇਨ੍ਹਾਂ ਦੋਵਾਂ ਪਾਰਟੀਆਂ ਵਿਚਾਲੇ ਗਠਜੋੜ ਹੁੰਦਾ ਰਿਹਾ ਹੈ। ਕਈ ਸਾਲ ਪਹਿਲਾਂ ਗਠਜੋੜ ਦੇ ਰੂਪ ਵਿਚ ਦੋ ਕਮਿਊਨਿਸਟ ਉਮੀਦਵਾਰ ਜੇਤੂ ਰਹੇ ਸਨ ਪਰ ਕੁਝ ਸਮਾਂ ਪਾ ਕੇ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਭਾਕਪਾ ਕਾਂਗਰਸ ਤੋਂ ਇਸ ਵਾਰ 6 ਸੀਟਾਂ ਖੁੱਲ੍ਹੀਆਂ ਛੱਡਣ ਦੀ ਮੰਗ ਕਰ ਰਹੀ ਹੈ, ਜਿਸ ਲਈ ਅਜੇ ਤੱਕ ਕਾਂਗਰਸ ਸਹਿਮਤ ਨਹੀਂ ਪਰ ਦੋਵੇਂ ਪਾਰਟੀਆਂ ਚਾਹੁੰਦੀਆਂ ਹਨ ਕਿ ਸੈਕੂਲਰ ਵੋਟਾਂ ਨੂੰ ਵੰਡਣ ਤੋਂ ਰੋਕਿਆ ਜਾਵੇ।

# ਮਾਣਹਾਨੀ ਮਾਮਲੇ ਵਿਚ ਕੇਜਰੀਵਾਲ ਨੂੰ ਰਾਹਤ ਨਾ ਮਿਲੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੁੱਧ ਫੌਜਦਾਰੀ ਅਤੇ ਦੀਵਾਨੀ ਕੇਸਾਂ ਨੂੰ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਹੈ। ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਅਤੇ ਡਿਸਟ੍ਰਿਕਟ ਕ੍ਰਿਕਟ ਐਸੋਸੀਏਸ਼ਨ (ਡੀਡੀਸੀਏ) ਦੇ ਤਤਕਾਲੀ ਮੁਖੀ ਅਤੇ ਭਾਜਪਾ ਆਗੂ ਅਰੁਣ ਜੇਤਲੀ 'ਤੇ ਲਗਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਮਗਰੋਂ ਇਹ ਮਾਣਹਾਨੀ ਦਾ ਕੇਸ ਸ੍ਰੀ ਜੇਤਲੀ ਵੱਲੋਂ ਦਾਇਰ ਕਰਾਇਆ ਗਿਆ ਸੀ। ਸ੍ਰੀ ਕੇਜਰੀਵਾਲ ਨੇ ਇਸ ਕੇਸ ਨੂੰ ਖ਼ਾਰਜ ਕਰਨ ਦੀ ਬੇਨਤੀ ਕੀਤੀ ਸੀ ਜਿਸ ਨੂੰ ਸੁਪਰੀਮ ਕੋਰਟ ਨੇ ਨਾਮਨਜ਼ੂਰ ਕਰ ਦਿੱਤਾ ਹੈ। ਸ੍ਰੀ ਜੇਤਲੀ ਨੇ ਅਰਵਿੰਦ ਕੇਜਰੀਵਾਲ, ਕੁਮਾਰ ਵਿਸ਼ਵਾਸ, ਆਸ਼ੂਤੋਸ਼, ਸੰਜੈ ਸਿੰਘ, ਰਾਘਵ ਚੱਢਾ ਅਤੇ ਦੀਪਕ ਵਾਜਪਾਈ 'ਤੇ ਉਨ੍ਹਾਂ ਵਿਰੁੱਧ ਝੂਠਾ ਪ੍ਰਚਾਰ ਕਰਨ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਣ 'ਤੇ 10 ਕਰੋੜ ਰੁਪਏ ਦੇ ਨੁਕਸਾਨ ਸਬੰਧੀ ਕੇਸ ਦਾਇਰ ਕੀਤਾ ਸੀ। ਇਸ ਕੇਸ ਦੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਕੇਜਰੀਵਾਲ ਨੂੰ ਰਾਹਤ ਨਹੀਂ ਦਿੱਤੀ।

## ਰੌਸ਼ਨੀਆਂ ਦੀ ਦੀਵਾਲੀ ਦਾ ਹਨੇਰਾ ਪਾਸਾ

ਅਖਬਾਰ ਦਾ ਛੋਟਾ ਮੋਟਾ ਰਿਪੋਰਟਰ ਵੀ ਹੋ ਸਕਦਾ ਹੈ।ਕਈ ਵਾਰ ਕੋਈ ਬੰਦਾ ਔਖੇ ਵੇਲੇ ਬਹੁੜਿਆ ਹੰਦਾ, ਜਾਂ ਫਸਿਆ ਬੇੜਾ ਬੰਨੇ ਲਾਇਆ ਹੁੰਦਾ। ਉਸ ਦੇ ਅਹਿਸਾਨ ਦਾ ਭਾਰ ਸਾਰੀ ਉਮਰ ਸਿਰ 'ਤੇ ਚੁੱਕੀ ਫਿਰਨ ਵਿਚ ਤਾਂ ਕੋਈ ਅਕਲਮੰਦੀ ਨਹੀਂ। ਅਗਲੀ ਦੀਵਾਲੀ ਮੌਕੇ ਕਿਸੇ ਚੀਜ਼ ਵਸਤ ਮਠਿਆਈ ਨਾਲ ਮੱਥਾ ਡੰਮਿਆ, ਹਿਸਾਬ ਬਰਾਬਰ। ਅਹਿਸਾਨ ਕਰਨ ਵਾਲਾ ਵੀ ਕਈ ਵਾਰ ਮੂਹਰੇ ਹੀ ਮੂੰਹ ਚੱਕ ਕੇ ਦੀਵਾਲੀ 'ਤੇ ਉਡੀਕਦਾ ਹੁੰਦਾ। ਉਸ ਵਾਸਤੇ ਚੀਜ਼ ਵਸਤ ਖਰੀਦਣ ਦੀ ਵੀ ਲੋੜ ਨਹੀਂ ਹੁੰਦੀ। ਦੀਵਾਲੀ ਵਿਚ ਬਹੁਤ ਸਾਰਾ ਬੇਲੋੜਾ ਨਿੱਕ ਸੁੱਕ ਆਇਆ ਹੁੰਦਾ, ਜੋ ਅੱਗੇ ਤੋਰਨ ਦੇ ਕੰਮ ਆਉਂਦਾ। ਅਜਿਹੇ ਸਟਾਕ ਵਿਚੋਂ ਭੈਣ ਭੂਆ ਨੂੰ ਮੁਫਤ ਵਿਚ ਦੀਵਾਲੀ ਦੇ ਕੇ ਸੰਧਾਰੇ ਜਾਂ ਥਿਆਰ ਵੇਲੇ ਪੱਲਿਓਂ ਖਰਚ ਕਰਨ ਬਜਾਏ ਘੇਸਲ ਵੱਟੀ ਜਾ ਸਕਦੀ ਹੈ। ਦੀਵਾਲੀ ਦੇ ਕਈ ਤੋਹਫੇ ਤਾਂ ਅੱਗੇ ਤੋਂ ਅੱਗੇ ਛੇਵੇਂ ਘਰ ਪਹੁੰਚ ਜਾਂਦੇ ਹਨ ਅਤੇ ਅਖੀਰ ਥੱਕ ਕੇ ਕਿਸੇ ਘਰ ਦੇ ਸਟੋਰ ਵਿਚ ਅਰਾਮ ਕਰਦੇ ਹਨ। ਫਿਰ ਹੋਰ ਸੁਦ ਤੇ ਜਾਂ ਅਗਲੀ ਦੀਵਾਲੀ 'ਤੇ ਦਿੱਤੇ ਜਾਣ ਦੇ ਕੰਮ ਆਉਂਦੇ ਹਨ। ਦੀਵਾਲੀ ਦੇ ਤੋਹਫੇ ਖਰੀਦੇ ਤੇ ਵਰਤੇ ਘੱਟ ਜਾਂਦੇ ਹਨ, ਇਹ ਸੈਰ ਬਾਹਲੀ ਕਰਦੇ ਹਨ। ਅਜਿਹੇ ਫੇਰੇ ਤੋਰੇ ਕਾਰਨ ਦੀਵਾਲੀ ਦੇ ਦਿਨ ਸ਼ਹਿਰਾਂ ਵਿਚ ਉਸੇ ਤਰ੍ਹਾਂ ਟ੍ਰੈਫਿਕ ਜਾਮ ਲੱਗਦੇ ਹਨ ਜਿਵੇਂ ਵੱਡੇ ਵੱਡੇ ਨਗਰ ਕੀਰਤਨਾਂ ਵੇਲੇ ਲੱਗਦੇ ਹਨ। ਸੁਣਿਆ ਹੈ, ਹੇਠੋਂ ਤਰੱਕੀਆਂ ਪਾ ਪਾ ਕੇ ਬਹੁਤ ਉਚੇ ਅਹੁਦੇ 'ਤੇ ਪਹੁੰਚੇ ਇਕ ਅਫਸਰ ਨੂੰ ਪਤਾ ਸੀ ਕਿ ਕਿਵੇਂ ਹੇਠਲੇ ਅਫਸਰ ਦੀਵਾਲੀ ਨੂੰ ਮੁਫਤ ਵਿਚ ਆਏ ਵਾਧੂ ਮਾਲ ਤੇ ਦੁਬਾਰਾ ਚਮਕੀਲਾ ਪੇਪਰ ਚੜ੍ਹਵਾ ਕੇ ਉਪਰਲੇ ਅਫਸਰਾਂ ਨੂੰ ਦੀਵਾਲੀ ਦੇ ਜਾਂਦੇ ਹਨ। ਉਸ ਨੇ ਸਾਰੇ ਮਾਤੈਹਤਾਂ ਨੂੰ ਬਾਕਾਇਦਾ ਸੰਦੇਸ਼ ਭਿਜਵਾਇਆ- ਦੀਵਾਲੀ 'ਤੇ 'ਵਿਸ਼' ਕਰਨ ਆਉਣ ਸਮੇਂ ਕੋਈ ਗਿਫ਼ਟ ਨਾ ਲਿਆਂਦਾ ਜਾਏ। ਨਾ ਕਿਸੇ ਚੀਜ਼ ਦੀ ਜ਼ਰੂਰਤ ਹੈ, ਨਾ ਘਰ ਵਿਚ ਥਾਂ ਹੈ। ਦੀਵਾਲੀ ਸਿਰਫ ਨਕਦ ਰੂਪ ਵਿਚ ਦਿੱਤੀ ਜਾਏ।

ਦੀਵਾਲੀ ਮੌਕੇ ਦੁਕਾਨਾਂ ਦਾ ਆਕਾਰ ਕਈ ਗੁਣਾ ਵਧ ਜਾਂਦਾ ਹੈ। ਆਮ ਦਿਨਾਂ ਵਿਚ ਸੜਕ ਕਿਨਾਰੇ ਜਿਥੇ ਸਕੂਟਰ ਕਾਰ ਖੜ੍ਹੀ ਕਰਨ ਦੀ ਮਨਾਹੀ ਹੁੰਦੀ ਹੈ, ਦੁਕਾਨਾਂ ਉਸ ਤੋਂ ਵੀ ਅਗਾਂਹ ਸੜਕ ਦੇ ਵਿਚਕਾਰ ਤੱਕ ਆ ਜਾਂਦੀਆਂ ਹਨ। ਸ਼ਾਇਦ ਅਜਿਹੇ ਨਾਜਾਇਜ਼ ਕਬਜ਼ੇ ਦਾ ਅਧਿਕਾਰ ਪ੍ਰਾਪਤ ਕਰਨ ਲਈ ਕਮੇਟੀ ਵਾਲਿਆਂ, ਟ੍ਰੈਫਿਕ ਵਾਲਿਆਂ ਅਤੇ ਹੋਰ ਸਬੰਧਤ ਅਮਲੇ ਨੂੰ ਸੋਹਣੀ ਦੀਵਾਲੀ ਮਿਲਦੀ ਹੋਵੇਗੀ।

ਪਟਾਕਿਆਂ ਤੋਂ ਯਾਦ ਆਇਆ। ਪੰਜਾਬ ਦੇ ਸਾਰੇ ਸ਼ਹਿਰਾਂ ਕਸਬਿਆਂ ਵਿਚ ਵੈਸੇ ਹੀ ਪ੍ਰਦੂਸ਼ਨ ਦਾ ਪੱਧਰ ਸਾਰੀਆਂ ਨਿਰਧਾਰਤ ਸੀਮਾਵਾਂ ਪਾਰ ਕਰ ਚੁੱਕਾ ਹੈ। ਇਨ੍ਹਾਂ ਦਿਨਾਂ ਵਿਚ ਝੋਨੇ ਦੀ ਪਰਾਲ਼ੀ ਸੜਨ ਕਰਕੇ, ਬਦਲਦੇ ਤਾਪਮਾਨ ਕਰਕੇ, ਮੌਸਮ ਦੀ ਖੁਸ਼ਕੀ ਅਤੇ ਉਡਦੀ ਧੂੜ ਕਰਕੇ ਪੰਜਾਬ ਦੀ ਅੱਧੋਂ ਵੱਧ ਵਸੋਂ ਦੇ ਗਲ਼ੇ ਖਰਾਬ ਹੁੰਦੇ ਹਨ, ਨਾਸਾਂ ਚੋਂਦੀਆਂ ਹੁੰਦੀਆਂ ਹਨ। ਫਿਰ ਕਿਹੜੀ ਕਸਰ ਹੁੰਦੀ ਹੈ ਜੋ ਇਨ੍ਹਾਂ ਪਟਾਕਿਆਂ ਦੇ ਧੂੰਏਂ ਨਾਲ ਪੂਰੀ ਕਰਨੀ ਹੁੰਦੀ ਹੈ? ਏਨਾ ਧੂੰਆਂ ਹੁੰਦਾ ਹੈ ਕਿ ਦੀਵਾਲੀ ਦੀ ਰਾਤ ਨੂੰ ਕਿਸੇ ਬੱਦਲਵਾਈ ਦੇ ਨਾ ਹੋਣ ਦੇ ਬਾਵਜੂਦ ਤਾਰੇ ਨਜ਼ਰ ਨਹੀਂ ਆਉਂਦੇ। ਪਾਗਲ ਕਰਨ ਵਾਲੇ ਖੜਕੇ ਤੇ ਸ਼ੋਰ ਦਾ ਕੋਈ ਅੰਤ ਹਿਸਾਬ ਨਹੀਂ ਰਹਿੰਦਾ। ਬਰਸਾਤ ਤੋਂ ਮਗਰੋਂ ਕੀੜੇ ਮਕੌੜਿਆਂ ਦੇ ਵਾਰੇ ਪਹਿਰੇ ਦਾ ਦੌਰ ਖਤਮ ਹੋਣ ਤੇ ਦੀਵਾਲੀ ਤੋਂ ਪਹਿਲਾਂ ਘਰਾਂ ਦੀ ਤਾਂ ਖੂਬ ਸਾਫ਼ ਸਫ਼ਾਈ ਕੀਤੀ ਜਾਂਦੀ ਹੈ। ਪਰ ਦੀਵਾਲੀ ਤੋਂ ਅਗਲੀ ਸਵੇਰ ਸਭ ਗਲੀਆਂ, ਸੜਕਾਂ, ਪਾਰਕਾਂ ਪਟਾਕਿਆਂ ਦੀ ਰਹਿੰਦ ਖੂੰਹਦ ਨਾਲ ਨਰਕ ਰੂਪ ਬਣੀਆਂ ਹੁੰਦੀਆਂ ਹਨ।

ਦੀਵਾਲੀ ਕਹਿਣ ਨੂੰ ਰੌਸ਼ਨੀ, ਪਵਿਤਰਤਾ, ਸੋਹਜ ਅਤੇ ਮੁਹੱਬਤ ਦਾ ਤਿਉਹਾਰ ਹੈ। ਪਰ ਅਸੀਂ ਇਸ ਨੂੰ ਆਪਣੇ ਆਤਮਿਕ ਹਨੇਰ, ਵਾਤਾਵਰਨ ਦੇ ਪ੍ਰਦੂਸ਼ਨ, ਮਾਨਸਿਕ ਕੋਹਜ ਅਤੇ ਖੁਦਗਰਜ਼ ਸਬੰਧਾਂ ਦੀ ਮੂੰਹ ਬੋਲਦੀ ਤਸਵੀਰ ਬਣਾ ਲਿਆ ਹੈ। ਜਾਂਦੇ ਜਾਂਦੇ ਬਾਬੇ ਨਾਨਕ ਨੂੰ ਯਾਦ ਕਰਦੇ ਹਾਂ:

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥

## ਹਰਸਿਮਰਤ ਬਾਦਲ ਕੋਲ ਛੇ ਕਰੋੜ ਦੇ ਗਹਿਣਿਆਂ ਦੀ 'ਛਾਂ'

ਦੇ ਗਹਿਣੇ ਹਨ ਜਦੋਂ ਕਿ ਸਾਲ 2014-15 ਦੌਰਾਨ ਉਨ੍ਹਾਂ ਕੋਲ 5.40 ਕਰੋੜ ਰੁਪਏ ਦੇ ਗਹਿਣੇ ਸਨ। ਰਿਟਰਨ ਮੁਤਾਬਕ ਕੁਝ ਗਹਿਣੇ ਤਾਂ ਸ੍ਰੀਮਤੀ ਬਾਦਲ ਨੂੰ ਮਰਹੂਮ ਸੁਰਿੰਦਰ ਕੌਰ ਬਾਦਲ ਤੋਂ ਮਿਲੇ ਹਨ। ਹਰਸਿਮਰਤ ਬਾਦਲ ਨੇ ਜਦੋਂ ਪਹਿਲੀ ਵਾਰ ਸਾਲ 2009 ਵਿੱਚ ਲੋਕ ਸਭਾ ਚੋਣ ਲੜੀ ਸੀ ਤਾਂ ਉਦੋਂ ਉਨ੍ਹਾਂ ਕੋਲ ਤੋਹਫਿਆਂ ਵਜੋਂ ਮਿਲੇ ਅਤੇ ਖ਼ਰੀਦੇ ਗਏ 1.94 ਕਰੋੜ ਦੇ ਗਹਿਣੇ ਸਨ, ਜਿਨ੍ਹਾਂ ਦਾ ਵਜ਼ਨ 14.93 ਕਿਲੋ ਸੀ। ਤਾਜ਼ਾ ਰਿਟਰਨ ਮੁਤਾਬਕ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਕੋਲ 9 ਲੱਖ ਰੁਪਏ ਦੇ ਗਹਿਣੇ ਹਨ। ਸੂਤਰਾਂ ਮੁਤਾਬਕ ਸ੍ਰੀਮਤੀ ਬਾਦਲ ਦੇ ਗਹਿਣਿਆਂ ਦੀ ਕੀਮਤ ਮਾਰਕੀਟ ਦੇ ਹਿਸਾਬ ਨਾਲ ਪਿਛਲੇ ਇੱਕ ਸਾਲ ਦੌਰਾਨ ਵਧੀ ਹੈ। ਜਾਣਕਾਰੀ ਮੁਤਾਬਕ ਕੇਂਦਰੀ ਮੰਤਰੀ ਮੇਨਕਾ ਗਾਂਧੀ ਕੋਲ 1.24 ਕਰੋੜ ਰੁਪਏ ਦੇ ਗਹਿਣੇ ਹਨ, ਜਿਨ੍ਹਾਂ ਵਿੱਚ 3.41 ਕਿਲੋ ਸੋਨਾ, 85 ਕਿਲੋ ਚਾਂਦੀ ਅਤੇ ਛੇ ਗਰਾਮ ਦੇ ਕੀਮਤੀ ਨਗ ਹਨ। ਉਨ੍ਹਾਂ ਕੋਲ ਕੁੱਲ 45.10 ਕਰੋੜ ਦੀ ਜਾਇਦਾਦ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ ਸਿਰਫ਼ 30.48 ਲੱਖ ਦੇ ਗਹਿਣੇ ਹਨ ਤੇ ਕੁੱਲ ਜਾਇਦਾਦ 26.18 ਕਰੋੜ ਦੀ ਹੈ। ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਕੋਲ 12.36 ਲੱਖ ਤੇ ਉਨ੍ਹਾਂ ਦੇ ਪਤੀ ਕੋਲ 23,171 ਲੱਖ ਦੇ ਗਹਿਣੇ ਹਨ। ਕੇਂਦਰੀ ਮੰਤਰੀ ਉਮਾ ਭਾਰਤੀ ਕੋਲ 35 ਲੱਖ ਤੇ ਨਿਰਮਲਾ ਸੀਤਾਰਮਨ ਕੋਲ 7.87 ਲੱਖ ਦੇ ਗਹਿਣੇ ਹਨ।

ਐਨਾ ਤਾਂ ਗ਼ਰੀਬ ਦੇ ਘਰ ਆਟਾ ਨਹੀਂ ਹੁੰਦਾ : ਭਗਵੰਤ ਮਾਨ

ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਗ਼ਰੀਬ ਦੇ ਘਰ ਵਿਚ ਇੰਨਾ ਆਟਾ ਨਹੀਂ ਹੁੰਦਾ, ਜਿੰਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਕੋਲ ਗਹਿਣੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਆਗੂ ਲੋਕਾਂ ਨਾਲ ਸਾਹ ਲੈਂਦੇ ਹਨ, ਉਨ੍ਹਾਂ ਦੇ ਘਰਾਂ ਦੀ ਦੌਲਤ ਅਸਮਾਨੀ ਨਹੀਂ ਚੜ੍ਹਦੀ। ਉਨ੍ਹਾਂ ਕਿਹਾ ਕਿ ਆਗਾਮੀ ਚੋਣਾਂ ਵਿੱਚ ਪੰਜਾਬ ਦੇ ਆਮ ਲੋਕ ਹਰ ਗੱਲ ਦਾ ਲੇਖਾ ਜੋਖਾ ਕਰਨਗੇ।

## ਪਰਵਾਸੀ ਭਾਰਤੀਆਂ ਦਾ ਦੋਸ਼ : ਮੈਡੀਕਲ ਸਿੱਖਿਆ ਲਈ ਕੋਈ ਪੱਕੀ ਨੀਤੀ ਨਾ ਹੋਣ ਕਾਰਨ ਖੱਜਲ ਹੋ ਰਹੇ ਹਨ ਸਾਡੇ ਬੱਚੇ

ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਪ੍ਰੀਖਿਆ ਦੇਣ ਵਾਲਿਆਂ ਵਿੱਚੋਂ ਬਹੁਤ ਸਾਰੇ ਪੱਕੇ ਐਨਆਰਆਈ ਵੀ ਨਹੀਂ ਸਨ ਤੇ ਉਨ੍ਹਾਂ ਵਿੱਚੋਂ ਕੁਝ ਜਣੇ ਕਈ ਸਾਲਾਂ ਤੋਂ ਭਾਰਤ ਵਿੱਚ ਰਹਿ ਰਹੇ ਸਨ। ਕਈ ਇੱਥੇ ਪੈਦਾ ਹੀ ਹੋਏ ਤੇ ਇੱਥੋਂ ਹੀ ਗ੍ਰੈਜੂਏਸ਼ਨ ਕੀਤੀ ਸੀ। ਉਹ ਦਾਖ਼ਲਿਆਂ ਵਿੱਚ ਰਿਆਇਤ ਖ਼ਾਤਰ ਐਨਆਰਆਈ ਟੈਗ ਦੀ ਵਰਤੋਂ ਕਰ ਰਹੇ ਸਨ। ਉਸ ਨੇ ਦੱਸਿਆ ਕਿ ਬਾਬਾ ਫ਼ਰੀਦ ਵਰਸਿਟੀ ਵਿੱਚ ਹੋਈ ਪ੍ਰੀਖਿਆ ਤੋਂ ਬਾਅਦ ਇਹ ਸੋਚਿਆ ਸੀ ਕਿ ਉਹ ਹੁਣ ਪੰਜਾਬ ਵਿੱਚ ਦਾਖ਼ਲਾ ਲੈਣ ਦੇ ਕਾਬਲ ਹੋ ਜਾਵੇਗਾ ਪਰ ਨਤੀਜਾ ਆਉਣ ਤੋਂ ਪਹਿਲਾਂ ਰੋਕ ਲੱਗ ਗਈ ਅਤੇ ਕਈ ਅੜਿੱਕੇ ਖੜ੍ਹੇ ਹੋ ਗਏ। ਇਸ ਮੌਕੇ ਨਾਪਾ ਦੇ ਕਾਰਜਕਾਰੀ ਡਾਇਰੈਕਟਰ ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਭਾਰਤ ਵਿੱਚ ਸਰਕਾਰਾਂ ਸਿੱਧੀ ਦਖ਼ਲਅੰਦਾਜ਼ੀ ਕਰ ਰਹੀਆਂ ਹਨ, ਜਿਸ ਕਾਰਨ ਦੇਸ਼ ਦੇ ਨੌਜਵਾਨਾਂ ਦਾ ਭਵਿੱਖ ਖ਼ਤਰੇ ਵਿੱਚ ਪੈ ਰਿਹਾ ਹੈ। ਇਸ ਮੌਕੇ ਨਾਪਾ ਆਗੂਆਂ ਨੇ ਕਿਹਾ ਕਿ ਸਿੱਖਿਆ ਦਾ ਮਾੜਾ ਪ੍ਰਬੰਧ ਵਿਦਿਆਥੀਆਂ ਦੇ ਰਾਹ ਦੀ ਰੁਕਾਵਟ ਬਣ ਜਾਂਦਾ ਹੈ।

## ਪਾਕਿਸਤਾਨ : ਪੁਲੀਸ ਟਰੇਨਿੰਗ ਸਕੂਲ 'ਤੇ ਇਸਲਾਮੀ ਸਟੇਟ ਵਲੋਂ ਹਮਲਾ, 61 ਰੰਗਰੂਟਾਂ ਦੀ ਮੌਤ, ਸੌ ਤੋਂ ਵੱਧ ਜ਼ਖ਼ਮੀ

ਮਾਹਰਾਂ ਮੁਤਾਬਕ ਦਹਿਸ਼ਤਗਰਦਾਂ ਨੇ ਟਰੇਨਿੰਗ ਸੈਂਟਰ ਵਿੱਚ ਪੰਜ ਵੱਖ-ਵੱਖ ਟਿਕਾਣਿਆਂ ਤੋਂ ਫਾਇਰਿੰਗ ਕੀਤੀ। ਬਹੁਤੀਆਂ ਮੌਤਾਂ ਉਦੋਂ ਹੋਈਆਂ ਜਦੋਂ ਦੋ ਹਮਲਾਵਰਾਂ ਨੇ ਖ਼ੁਦ ਨੂੰ ਉਡਾ ਦਿੱਤਾ। ਤੀਜਾ ਹਮਲਾਵਰ ਫਰੰਟੀਅਰ ਕੋਰ ਦੇ ਜਵਾਨਾਂ ਦੀ ਗੋਲੀ ਦਾ ਸ਼ਿਕਾਰ ਬਣਿਆ।

ਅਧਿਕਾਰੀਆਂ ਮੁਤਾਬਕ ਮਰਨ ਵਾਲੇ 61 ਜਣਿਆਂ ਵਿਚੋਂ ਬਹੁਤੇ ਰੰਗਰੂਟ ਸਨ, ਜਦੋਂਕਿ ਹਮਲਾਵਰਾਂ ਖ਼ਿਲਾਫ਼ ਕਾਰਵਾਈ ਕਰਨ ਵਾਲੇ ਕੁਝ ਫ਼ੌਜੀ ਜਵਾਨ ਵੀ ਮਾਰੇ ਗਏ। ਇਕ ਅਧਿਕਾਰੀ ਨੇ ਕਿਹਾ, "ਹਮਲੇ ਵਿਚ 61 ਮੌਤਾਂ ਦੀ ਪੁਸ਼ਟੀ ਹੋਈ ਹੈ। ਇਨ੍ਹਾਂ ਵਿੱਚ 60 ਪੁਲੀਸ ਕੈਡੇਟ ਤੇ ਇਕ ਫ਼ੌਜੀ ਜਵਾਨ ਸ਼ਾਮਲ ਸੀ।" ਇਸ ਮੌਕੇ 125 ਤੋਂ ਵੱਧ ਜ਼ਖ਼ਮੀਆਂ ਨੂੰ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿਨ੍ਹਾਂ ਵਿਚੋਂ ਕਰੀਬ 20 ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਫਰੰਟੀਅਰ ਕੋਰ ਦੇ ਆਈਜੀ ਮੇਜਰ ਜਨਰਲ ਸ਼ੇਰ ਅਫ਼ਗਾਨ ਨੇ ਕਿਹਾ ਕਿ ਹਮਲਾਵਰ ਸੰਭਵ ਤੌਰ 'ਤੇ ਲਸ਼ਕਰ-ਏ-ਝੰਗਵੀ ਦੇ ਅਲ-ਆਲਿਮੀ ਧੜੇ ਨਾਲ ਸਬੰਧਤ ਸਨ, ਜੋ ਅੱਗੇ ਪਾਕਿਸਤਾਨੀ ਤਾਲਿਬਾਨ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਤਿੰਨੇ ਹਮਲਾਵਰ ਅਫ਼ਗਾਨਿਸਤਾਨ ਸਥਿਤ ਆਪਣੇ ਆਕਾਵਾਂ ਨਾਲ ਗੱਲਬਾਤ ਕਰ ਰਹੇ ਸਨ ਤੇ ਉਨ੍ਹਾਂ ਫਿਦਾਈਨ ਜੈਕਟਾਂ ਪਹਿਨੀਆਂ ਸਨ। ਬਾਅਦ ਵਿੱਚ ਇਸਲਾਮੀ ਸਟੇਟ ਨੇ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਹਮਲਾਵਰਾਂ ਨੂੰ ਸਿਰਫ਼ ਤਾਇਨਾਤ ਕੀਤਾ ਗਿਆ ਸੀ, ਹਮਲੇ ਦੇ ਹੁਕਮ ਨਹੀਂ ਸਨ ਦਿੱਤੇ ਗਏ ਸਨ।

## ਜੇਐਨਯੂ ਵਿਦਿਅਰਥੀ ਲਾਪਤਾ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ ਕਾਇਮ

ਦੇ ਰਜਿਸਟਰਾਰ ਪ੍ਰਮੋਦ ਕੁਮਾਰ ਨੂੰ ਆਪਣੀ ਪਤਨੀ ਦਾ ਕਰਵਾ ਚੌਥ ਦਾ ਵਰਤ ਖੁੱਲ੍ਹਵਾਉਣ ਲਈ ਵੀ ਘਰ ਨਹੀਂ ਜਾਣ ਦਿੱਤਾ ਗਿਆ। ਜਾਣਕਾਰੀ ਮੁਤਾਬਕ ਮੁਲਾਜ਼ਮ ਯੂਨੀਅਨ ਦੇ ਦਬਾਅ ਕਾਰਨ ਕੁਝ ਕੁ ਅਧਿਕਾਰੀਆਂ ਨੂੰ ਤਾਂ ਛੱਡ ਦਿੱਤਾ ਗਿਆ ਪਰ ਸੀਨੀਅਰ ਅਧਿਕਾਰੀ ਬੰਦ ਹੀ ਰੱਖੇ ਗਏ।

ਦੱਸਣਯੋਗ ਹੈ ਕਿ ਨਜੀਬ ਸ਼ਨਿਚਰਵਾਰ ਤੋਂ ਲਾਪਤਾ ਹੈ ਤੇ ਇੱਕ ਦਿਨ ਪਹਿਲਾਂ ਉਸ ਦਾ ਆਰਐਸਐਸ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੇ ਕਾਰਕੁਨਾਂ ਨਾਲ ਝਗੜਾ ਹੋਇਆ ਸੀ। ਪੁਲੀਸ ਨੇ ਇਕ ਵੀਡੀਓ ਫੁਟੇਜ ਹਾਸਲ ਕੀਤੀ ਹੈ, ਜਿਸ ਤੋਂ ਝਗੜਾ ਕਰਨ ਵਾਲਿਆਂ ਦੀ ਪਛਾਣ ਕੀਤੀ ਜਾਵੇਗੀ। ਇਸੇ ਦੌਰਾਨ ਜੇਐਨਯੂ ਨੇ ਉਨ੍ਹਾਂ ਕਰੀਬ 12 ਵਿਦਿਆਰਥੀਆਂ ਨੂੰ ਸੱਦਿਆ ਹੈ ਜਿਨ੍ਹਾਂ ਨਾਲ ਨਜੀਬ ਦਾ ਝਗੜਾ ਹੋਇਆ ਸੀ।

## ਪਾਕਿਸਤਾਨ 'ਚ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨ ਵਾਲੇ ਸ਼ਾਹਿਦ ਸਾਬੀਰ ਦਾ ਸਨਮਾਨ

ਗੁਰਦੁਆਰਾ ਗੁਰੂ ਸਤਸੰਗ ਸਭਾ ਹਰੀਪੁਰ, ਸੰਤ ਸਿੰਘ ਖ਼ਾਲਸਾ ਸਕੂਲ ਚੱਕਵਾਲ ਨੰਬਰ-1, ਗੁਰਦੁਆਰਾ ਚਿੱਟੀ ਗਟੀ ਮਨਸੇਹਰਾ, ਖ਼ਾਲਸਾ ਸਕੂਲ ਬੰਗਾਲੀ (ਰਾਵਲਪਿੰਡੀ) ਅਤੇ ਬਾਰਾਂਦਰੀ ਬਾਗ ਮਹਾਰਾਜਾ ਰਣਜੀਤ ਸਿੰਘ ਆਪਣਾ ਆਪਣਾ ਇਤਿਹਾਸ ਲੁਕਾਈ ਬੈਠੇ ਸਿੱਖਾਂ ਦੀ ਵਿਰਾਸਤ ਦੇ ਦਰਸ਼ਨ ਕਰਵਾਏ, ਜਿਸ ਦਾ ਸੰਗਤਾਂ ਨੇ ਧੰਨਵਾਦ ਕੀਤਾ। ਅਜਿਹੇ ਸਥਾਨਾਂ ਦੀ ਸੇਵਾ ਸੰਭਾਲ ਕਰਨ ਤੇ ਇਤਿਹਾਸ ਸੰਭਾਲਣ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਸਰਕਾਰਾਂ ਜਾਂ ਲੋਕਾਂ ਨੂੰ ਸਿੱਖ ਕੌਮ ਦੀ ਵਿਰਾਸਤ ਸੰਭਾਲਣ ਦੀ ਲੋੜ ਹੈ। ਅੰਤ ਵਿਚ ਕਮੇਟੀ ਵਲੋਂ ਸ਼ਾਹਿਦ ਸਬੀਰ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।

## ਕਾਂਗਰਸ ਤੇ 'ਆਪ' ਨੇ ਸਿਆਸੀ ਹਿਤਾਂ ਖ਼ਾਤਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਈ ਕਹਿ ਕੇ ਬਦਨਾਮ ਕੀਤਾ : ਸੁਖਬੀਰ

ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਤਸਕਰੀ ਦੇ ਮਾਮਲਿਆਂ ਵਿਚ ਸਜ਼ਾ ਦੀ ਦਰ ਹੋਰਨਾਂ ਸੂਬਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਪੰਜਾਬ ਵਿਚ ਸਜ਼ਾ ਦੀ ਦਰ 81 ਫੀਸਦੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਗੁਜਰਾਤ ਤੇ ਗੋਆ ਸਮੇਤ ਹੋਰਨਾਂ ਸੂਬਿਆਂ ਵਿੱਚ ਕਿਤੇ ਵੀ ਸਜ਼ਾ ਦੀ ਦਰ 50 ਫ਼ੀਸਦੀ ਤੋਂ ਜ਼ਿਆਦਾ ਨਹੀਂ ਹੈ। ਉਪ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂ ਇਨ੍ਹਾਂ ਤੱਥਾਂ ਦਾ ਅਧਿਐਨ ਕਰਨ ਤੋਂ ਬਾਅਦ ਪੰਜਾਬ ਦੇ ਨੌਜਵਾਨਾਂ ਨੂੰ ਬਦਨਾਮ ਕਰਨਾ ਬੰਦ ਕਰ ਦੇਣ।

# ਸੁੱਚਾ ਸਿੰਘ ਛੋਟੇਪੁਰ ਖ਼ਿਲਾਫ਼ ਕਈ ਸ਼ਿਕਾਇਤਾਂ ਆਈਆਂ ਸਨ : ਅਰਵਿੰਦ ਕੇਜਰੀਵਾਲ

## • 'ਸਾਡੀਆਂ 96 ਸੀਟਾਂ ਪੱਕੀਆਂ • ਸਿੱਧੂ ਨਾਲ ਚੱਲ ਰਹੀ ਹੈ ਗੱਲਬਾਤ • ਭਗਵੰਤ ਮਾਨ ਨੂੰ ਚੋਣ ਲੜਾਵਾਂਗੇ'

**ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅਹਿਮ ਖੁਲਾਸਾ ਕੀਤਾ ਹੈ ਕਿ ਪਾਰਟੀ ਵਿਚੋਂ ਕੱਢੇ ਸੁੱਚਾ ਸਿੰਘ ਛੋਟੇਪੁਰ ਖ਼ਿਲਾਫ਼ ਪੈਸੇ ਲੈਣ ਦੀ ਇਕ ਨਹੀਂ ਬਲਕਿ ਕਈ ਸ਼ਿਕਾਇਤਾਂ ਮਿਲੀਆਂ ਸਨ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਜੂਨ ਤੋਂ ਸਾਬਕਾ ਪੰਜਾਬ ਕਨਵੀਨਰ ਛੋਟੇਪੁਰ ਖ਼ਿਲਾਫ਼ ਟਿਕਟਾਂ ਦਿਵਾਉਣ ਤੇ ਪਾਰਟੀ ਵਿਚ ਸ਼ਾਮਲ ਕਰਾਉਣ ਲਈ ਪੈਸੇ ਮੰਗਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ ਪਰ ਜਦੋਂ ਇਕ ਵਿਅਕਤੀ ਨੇ ਉਨ੍ਹਾਂ ਨੂੰ ਸ੍ਰੀ ਛੋਟੇਪੁਰ ਦੇ ਪੈਸੇ ਲੈਣ ਵਾਲੀ ਵੀਡੀਓ ਦਿਖਾਈ ਤਾਂ ਉਨ੍ਹਾਂ ਨੇ ਇਸ ਮਾਮਲੇ ਦੀ ਜਾਂਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਸੌਂਪੀ। ਸ੍ਰੀ ਸਿਸੋਦੀਆ ਅੱਗੇ ਪੈਸੇ ਲੈਣ ਦੀ ਗੱਲ ਕਬੂਲਣ ਬਾਅਦ ਹੀ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਾਰਟੀ ਦੇ ਗਰਾਫ ਵਿੱਚ ਕੋਈ ਗਿਰਾਵਟ ਨਹੀਂ ਆਈ ਅਤੇ ਚੋਣ ਸਰਵੇਖਣ ਭ੍ਰਿਸ਼ਟਾਚਾਰ ਦੇ ਅੱਡੇ ਬਣ ਗਏ ਹਨ। ਉਨ੍ਹਾਂ ਵੱਲੋਂ 117 ਵਿਧਾਨ ਸਭਾ ਹਲਕਿਆਂ ਵਿਚ ਪਿਛਲੇ ਹਫ਼ਤੇ ਕਰਾਏ ਗਏ ਸਰਵੇਖਣ ਤੋਂ ਪੁਸ਼ਟੀ ਹੋਈ ਹੈ ਕਿ ਅੱਜ ਵੀ 96 ਸੀਟਾਂ 'ਆਪ' ਦੀ ਝੋਲੀ ਵਿੱਚ ਪੈ ਰਹੀਆਂ ਹਨ। ਅੱਜ ਵੀ ਉਨ੍ਹਾਂ ਦੀ ਨਵਜੋਤ ਸਿੰਘ ਸਿੱਧੂ ਨਾਲ ਗੱਲਬਾਤ ਚੱਲ ਰਹੀ ਹੈ ਅਤੇ ਉਹ ਸ੍ਰੀ ਸਿੱਧੂ ਦੀ ਬਹੁਤ ਇੱਜ਼ਤ ਕਰਦੇ ਹਨ। ਭਾਵੇਂ ਸ੍ਰੀ ਸਿੱਧੂ ਨੇ ਪਿਛਲੇ ਸਮੇਂ ਉਨ੍ਹਾਂ ਉਪਰ ਕਈ ਦੋਸ਼ ਲਾਏ ਸਨ ਪਰ ਉਹ ਕਦੇ ਵੀ ਉਨ੍ਹਾਂ ਨਾਲ ਹੋਈਆਂ ਅੰਦਰੂਨੀ ਗੱਲਾਂ ਜੱਗ ਜ਼ਾਹਰ ਕਰਕੇ ਸਿਧਾਂਤ ਨਹੀਂ ਤੋੜਨਗੇ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਗੁਰਪ੍ਰੀਤ ਘੁੱਗੀ ਨੂੰ ਸ੍ਰੀ ਛੋਟੇਪੁਰ ਦੀ ਥਾਂ ਕਨਵੀਨਰ ਬਣਾ ਕੇ ਸੀਨੀਅਰ ਆਗੂ ਐਚ.ਐਸ. ਫੂਲਕਾ ਨੂੰ ਅੱਖੋਂ-ਪਰੋਖੇ ਕਰਨ ਦਾ ਕੋਈ ਸਵਾਲ ਨਹੀਂ ਹੈ। ਉਨ੍ਹਾਂ ਖੁਦ ਪੰਜਾਬ ਦਾ ਮੁੱਖ ਮੰਤਰੀ ਬਣਨ ਦੇ ਸਵਾਲ 'ਤੇ ਕਿਹਾ ਕਿ ਮੁੱਖ ਮੰਤਰੀ ਦਾ ਉਮੀਦਵਾਰ ਚੋਣਾਂ ਤੋਂ ਪਹਿਲਾਂ ਵੀ ਐਲਾਨਿਆ ਜਾ ਸਕਦਾ ਹੈ ਪਰ ਇਕ ਗੱਲ ਪੱਕੀ ਹੈ ਕਿ ਵਿਧਾਇਕ ਹੀ ਮੁੱਖ ਮੰਤਰੀ ਦੀ ਚੋਣ ਕਰਨਗੇ। ਉਹ ਪੰਜਾਬ ਵਿੱਚ ਆਪਣਾ ਕੋਈ ਘਰ ਨਹੀਂ ਲੈ ਰਹੇ ਪਰ ਦੀਵਾਲੀ ਬਾਅਦ ਉਹ ਚੋਣ ਪ੍ਰਚਾਰ ਲਈ ਪੰਜਾਬ ਵਿਚ ਪੱਕੇ ਡੇਰੇ ਲਾ ਲੈਣਗੇ।

ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਨੂੰ ਵਾਪਸ ਲੈਣ ਅਤੇ ਪਹਿਲਾਂ ਕੈਪਟਨ ਵੱਲੋਂ ਡਰੱਗ ਮਾਫੀਆ ਨਾਲ ਬਿਕਰਮ ਸਿੰਘ ਮਜੀਠੀਆ ਦਾ ਨਾਂ ਜੁੜਨ ਵੇਲੇ ਇਸ ਦੀ ਜਾਂਚ ਸੀਬੀਆਈ ਨੂੰ ਸੌਂਪਣ ਵਿਰੁੱਧ ਸਟੈਂਡ



ਲੈਣ ਤੋਂ ਸਪਸ਼ਟ ਹੈ ਕਿ ਇਹ ਦੋਵੇਂ ਪਾਰਟੀਆਂ ਰਲ ਕੇ ਚੋਣਾਂ ਲੜ ਰਹੀਆਂ ਹਨ। ਇਸ ਕਾਰਨ ਬਾਦਲਾਂ ਜਾਂ ਕੈਪਟਨ ਨੂੰ ਵੋਟ ਪਾਉਣ ਦਾ ਅਰਥ ਡਰੱਗ ਮਾਫ਼ੀਆ ਦੇ ਹੱਕ ਵਿੱਚ ਭੁਗਤਣਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਣਨ ਦੀ ਸੂਰਤ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸ੍ਰੀ ਮਜੀਠੀਆ ਅਤੇ ਤੋਤਾ ਸਿੰਘ ਖ਼ਿਲਾਫ਼ ਵਿਸ਼ੇਸ਼ ਪੜਤਾਲ ਕਰਾਉਣਗੇ। ਉਨ੍ਹਾਂ ਕਾਰ ਵਿੱਚ ਹੀ ਬੈਠੇ ਸੰਸਦ ਮੈਂਬਰ ਭਗਵੰਤ ਮਾਨ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਵਿਧਾਨ ਸਭਾ ਚੋਣ ਜ਼ਰੂਰ ਲੜਾਈ ਜਾਵੇਗੀ। ਉਨ੍ਹਾਂ ਦੀ ਸਰਕਾਰ ਆਉਣ ਦੀ ਸੂਰਤ ਵਿੱਚ ਕੇਂਦਰ ਸਰਕਾਰ ਵੱਲੋਂ ਮਿਥੀਆਂ ਜਿਣਸਾਂ ਦੀਆਂ ਕੀਮਤਾਂ ਵਿੱਚ ਸੂਬਾ ਸਰਕਾਰ ਵੱਲੋਂ ਰਾਸ਼ੀ ਪਾ ਕੇ ਕਿਸਾਨਾਂ ਨੂੰ ਸਵਾਮੀਨਾਥਨ ਕਮੇਟੀ ਦੇ ਫਾਰਮੂਲੇ ਤਹਿਤ ਫਸਲਾਂ ਦੀਆਂ ਕੀਮਤਾਂ ਦਿੱਤੀਆਂ ਜਾਣਗੀਆਂ। ਉਹ ਦਲਿਤਾਂ ਉਪਰ ਹੋ ਰਹੇ ਅੱਤਿਆਚਾਰਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣਗੇ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਬਾਦਲ ਸਰਕਾਰ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਢਾਈ ਸਾਲ ਤਰਲੇ ਕਰ ਕੇ ਧੇਲਾ ਵੀ ਹਾਸਲ ਨਹੀਂ ਕੀਤਾ ਅਤੇ ਉਹ ਮੋਦੀ ਸਰਕਾਰ ਦੀ ਘੇਰਾਬੰਦੀ ਕਰਕੇ ਸੂਬੇ ਦੀਆਂ ਮੰਗਾਂ ਮਨਵਾਉਣ ਲਈ ਸੰਘਰਸ਼ ਕਰਨਗੇ। ਉਨ੍ਹਾਂ ਕਿਹਾ ਕਿ 15-20 ਦਿਨਾਂ ਵਿੱਚ ਬਾਕੀ ਉਮੀਦਵਾਰ ਵੀ ਐਲਾਨੇ ਜਾਣ ਦੀ ਸੰਭਾਵਨਾ ਹੈ।

**ਪਤਨੀ ਮੁੱਖ ਮੰਤਰੀ ਨਹੀਂ ਬਣੇਗੀ :**

ਅਰਵਿੰਦ ਕੇਜਰੀਵਾਲ ਨੇ ਇਕ ਸਵਾਲ ਦਾ ਜਵਾਬ ਮੁਸਕਰਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਪਤਨੀ ਉਨ੍ਹਾਂ ਨਾਲ ਪੰਜਾਬ ਵਿਚ ਮੁੱਖ ਮੰਤਰੀ ਬਣਨ ਨਹੀਂ ਬਲਕਿ ਉਨ੍ਹਾਂ ਨੂੰ ਸਮੇਂ ਸਿਰ ਦਵਾਈਆਂ ਦੇਣ ਲਈ ਆਈ ਹੈ। ਗਲੇ ਦੇ ਅਪਰੇਸ਼ਨ ਬਾਅਦ ਇਕ ਮਹੀਨਾ ਉਨ੍ਹਾਂ ਨੂੰ ਬੁਖਾਰ ਚੜ੍ਹਦਾ ਰਿਹਾ, ਜਿਸ ਕਾਰਨ ਉਨ੍ਹਾਂ ਦੀ ਪਤਨੀ ਇਥੇ ਉਨ੍ਹਾਂ ਨੂੰ ਸਮੇਂ ਸਿਰ ਦਵਾਈ ਦੇਣ ਲਈ ਨਾਲ ਆਈ ਹੈ। ਸੋ ਉਨ੍ਹਾਂ ਦੀ ਪਤਨੀ ਨੂੰ ਅਖ਼ਬਾਰਾਂ ਦੀਆਂ ਸੁਰਖੀਆਂ ਨਾ ਬਣਾਇਆ ਜਾਵੇ।

---

## ਮੈਨੀਫੈਸਟੋ 'ਚ ਵਪਾਰੀਆਂ ਨਾਲ ਕੀਤੇ ਵਾਅਦੇ ਅੱਖਰ ਅੱਖਰ ਸਾਕਾਰ ਕਰਾਂਗੇ : ਕੇਜਰੀਵਾਲ

ਮੈਨੀਫੈਸਟੋ ਇਸ ਵਰਗ ਲਈ ਪਵਿੱਤਰ ਇਕਰਾਰਨਾਮਾ ਹੈ। ਸਰਕਾਰ ਬਣਨ 'ਤੇ ਇਸ ਵਿਚਲੇ ਅੱਖਰ ਅੱਖਰ ਨੂੰ ਸਾਕਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਤੀਜਾ ਮੈਨੀਫੈਸਟੋ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ, ਭਾਜਪਾ ਤੇ ਕਾਂਗਰਸ ਪਾਰਟੀਆਂ ਧਰਮ ਅਤੇ ਜਾਤ ਦੇ ਨਾਂ 'ਤੇ ਵੋਟਾਂ ਮੰਗਦੀਆਂ ਹਨ ਤੇ ਇਨ੍ਹਾਂ ਨੂੰ ਲੋਕਾਂ ਦੀਆਂ ਤਕਲੀਫ਼ਾਂ ਨਾਲ ਕੋਈ ਸਰੋਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਲਾਪ੍ਰਵਾਹੀ ਕਾਰਨ ਸਨਅਤੀ ਸ਼ਹਿਰ ਲੁਧਿਆਣਾ ਬਰਬਾਦੀ ਦੇ ਕੰਢੇ 'ਤੇ ਖੜ੍ਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਕਿਸਾਨ, ਮਜ਼ਦੂਰਾਂ, ਵਪਾਰੀਆਂ ਤੇ ਸਨਅਤਕਾਰਾਂ ਨੂੰ ਸਰਕਾਰ ਵਿੱਚ ਭਾਈਵਾਲ ਬਣਾਏਗੀ। ਸਰਕਾਰ ਦੀ ਹਰ ਨੀਤੀ ਇਨ੍ਹਾਂ ਵਰਗਾਂ ਦੀ ਸਲਾਹ ਨਾਲ ਬਣਿਆ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਵਪਾਰ ਲਈ ਸਿੰਗਲ ਵਿੰਡੋ ਤੇ ਐਨਓਸੀ ਤੋਂ ਲੈ ਕੇ ਸਾਰੇ ਕੰਮ ਅੱਧੇ ਘੰਟੇ ਅੰਦਰ ਨਿੱਬੜ ਜਾਇਆ ਕਰਨਗੇ। ਵਪਾਰੀਆਂ 'ਤੇ ਛਾਪਾਮਾਰ ਪ੍ਰਣਾਲੀ ਖਤਮ ਕੀਤੀ ਜਾਵੇਗੀ।

ਇੰਸਪੈਕਟਰੀ ਰਾਜ ਖਤਮ ਹੋਵੇਗਾ ਤੇ ਟੈਕਸ 7 ਫ਼ੀਸਦੀ ਤਕ ਘੱਟ ਕੀਤੇ ਜਾਣਗੇ। ਵਾਧੂ ਵੈਟ ਅਤੇ ਗੁੰਡਾ ਟੈਕਸ ਖਤਮ ਕੀਤਾ ਜਾਵੇਗਾ। ਘਾਟੇ ਵਿੱਚ ਜਾ ਰਹੀਆਂ ਸਨਅਤਾ ਨੂੰ 2 ਸਾਲ ਟੈਕਸ ਤੋਂ ਰਾਹਤ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਛੋਟਾਂ ਦਿੱਤੀਆਂ ਜਾਣਗੀਆਂ ਤਾਂ ਜੋ ਸਨਅਤਾਂ ਨੂੰ ਹੁਲਾਰਾ ਮਿਲੇ। ਇਸ ਮੌਕੇ ਜਗਮੀਤ ਬਰਾੜ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਪੰਜਾਬ ਦਾ ਹੀ ਜੰਮਪਲ ਹੈ, 1966 ਤੋਂ ਪਹਿਲਾਂ ਹਿਸਾਰ ਪੰਜਾਬ ਦਾ ਹੀ ਹਿੱਸਾ ਸੀ। ਇਸ ਮੌਕੇ ਆਪ ਆਗੂ ਸੰਜੈ ਸਿੰਘ, ਜਰਨੈਲ ਸਿੰਘ, ਐਸ ਐਚ ਫੂਲਕਾ, ਗੁਰਪ੍ਰੀਤ ਸਿੰਘ ਵੜੈਚ ਤੇ ਭਗਵੰਤ ਮਾਨ ਹਾਜ਼ਰ ਸਨ।

**ਕੈਪਟਨ ਬੋਲੇ-ਕੇਜਰੀਵਾਲ ਦੇ ਵਾਅਦੇ ਮਹਿਜ਼ ਡਰਾਮੇ :**

ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਰਵਿੰਦ ਕੇਜਰੀਵਾਲ ਵੱਲੋਂ ਉਦਯੋਗਾਂ ਨਾਲ ਕੀਤੇ ਵਾਅਦਿਆਂ ਨੂੰ ਡਰਾਮਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਉਦਯੋਗਾਂ ਨੂੰ ਪੇਸ਼ ਆ ਰਹੇ ਮੁੱਦਿਆਂ ਤੋਂ ਅਣਜਾਣ ਸ੍ਰੀ ਕੇਜਰੀਵਾਲ ਨੇ ਪਹਿਲਾਂ ਤੋਂ ਪੰਜਾਬ ਕਾਂਗਰਸ ਵੱਲੋਂ ਕੀਤੇ ਜਾ ਚੁੱਕੇ ਵਾਅਦਿਆਂ ਨੂੰ ਹੀ ਚੁੱਕਿਆ ਹੈ। ਬਿਜਲੀ ਰੇਟ ਘਟਾਉਣ ਤੋਂ ਲੈ ਕੇ ਵੈਟ ਵਧਾਉਣ ਸਣੇ ਕਈ ਮਾਮਲਿਆਂ ਵਿੱਚ ਕਾਂਗਰਸ ਪਹਿਲਾਂ ਹੀ ਵਪਾਰ ਤੇ ਉਦਯੋਗਾਂ ਨੂੰ ਰਾਹਤ ਦੇ ਚੁੱਕੀ ਹੈ।

ਅਕਾਲੀ ਦਲ ਨੇ ਕਿਹਾ-ਅਰਵਿੰਦ ਸਭ ਤੋਂ ਵੱਡਾ ਨਕਲਚੀ :

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੂੰ ਸਭ ਤੋਂ ਵੱਡਾ ਨਕਲਚੀ ਦੱਸਦਿਆਂ ਕਿਹਾ ਹੈ ਕਿ ਉਹ ਅਕਾਲੀ ਦਲ ਦੇ ਚੋਣ ਮੈਨੀਫੈਸਟੋ ਦੇ ਵਿਚਾਰਾਂ ਨੂੰ ਚੋਰੀ ਕਰਕੇ ਤੇ ਇਨ੍ਹਾਂ ਵਿਚਾਰਾਂ ਨੂੰ ਆਪਣੇ ਵਿਚਾਰ ਦੱਸ ਕੇ ਸਿਆਸੀ ਲਾਹਾ ਲੈਣ ਲਈ ਵੋਟਰਾਂ ਨੂੰ ਸਬਜ਼ਬਾਗ਼ ਦਿਖਾ ਰਿਹਾ ਹੈ।

**ਕਾਂਗਰਸ ਵਰਕਰਾਂ ਨੇ ਕੇਜਰੀਵਾਲ ਦੀ ਗੱਡੀ 'ਤੇ ਸੁੱਟੀਆਂ ਚੂੜੀਆਂ**

**ਲੁਧਿਆਣਾ** : ਅਰਵਿੰਦ ਕੇਜਰੀਵਾਲ ਜਦੋਂ ਮੈਨੀਫੈਸਟੋ ਜਾਰੀ ਕਰਕੇ ਆਪਣੀ ਗੱਡੀ ਵਿੱਚ ਅੱਗੇ ਜਾ ਰਹੇ ਸਨ ਤਾਂ ਕਾਂਗਰਸ ਦੀ ਸੂਬਾ ਪ੍ਰਧਾਨ ਮਮਤਾ ਦੱਤਾ ਅਤੇ ਜ਼ਿਲ੍ਹਾ ਪ੍ਰਧਾਨ ਲੀਨਾ ਟਪਾਰੀਆ ਸਣੇ ਹੋਰ ਵਰਕਰਾਂ ਨੇ ਸ੍ਰੀ ਕੇਜਰੀਵਾਲ ਦੀ ਗੱਡੀ ਦੇ ਸੀਸ਼ਿਆਂ 'ਤੇ ਚੂੜੀਆਂ ਸੁੱਟੀਆਂ ਅਤੇ ਨਾਅਰੇਬਾਜ਼ੀ ਕੀਤੀ। ਇਨ੍ਹਾਂ ਮਹਿਲਾ ਵਰਕਰਾਂ ਦੇ ਹੱਥਾਂ ਵਿੱਚ ਬੈਨਰ ਵੀ ਚੁੱਕੇ ਹੋਏ ਸਨ, ਜਿਨ੍ਹਾਂ 'ਤੇ ਕੇਜਰੀਵਾਲ ਗੋ ਬੈਕ ਲਿਖਿਆ ਹੋਇਆ ਸੀ।

## ਕੇਜਰੀਵਾਲ ਵਲੋਂ ਅਹਿਮ ਐਲਾਨ

**ਹਾਈਵੇ ਤੋਂ ਇਲਾਵਾ ਕਿਤੇ ਵੀ ਟੋਲ ਨਹੀਂ :**

ਪ੍ਰਾਈਵੇਟ ਕੰਪਨੀਆਂ ਵਲੋਂ ਟੋਲ ਟੈਕਸ ਦੇ ਨਾਂ 'ਤੇ ਕੀਤੀ ਜਾ ਰਹੀ ਵਸੂਲੀ ਨੂੰ ਤਰਕਸੰਗਤ ਬਣਾਇਆ ਜਾਵੇਗਾ। ਹਾਈਵੇ ਤੋਂ ਇਲਾਵਾ ਕਿਤੇ ਵੀ ਟੋਲ ਪਲਾਜ਼ਾ ਨਹੀਂ ਹੋਣਗੇ।

**ਬਿਜਲੀ ਦੀਆਂ ਦਰਾਂ ਘਟ ਕਰਾਂਗੇ :**

ਪ੍ਰਾਈਵੇਟ ਕੰਪਨੀਆਂ ਨਾਲ ਹੋਏ ਸਮਝੌਤੇ ਰਿਵਿਊ ਕੀਤੇ ਜਾਣਗੇ। ਲੋਕਾਂ ਨੂੰ ਮਹਿੰਗੀ ਬਿਜਲੀ ਖ਼ਰੀਦਣ ਲਈ ਮਜਬੂਰ ਕਰਨ ਵਾਲਿਆਂ ਨੂੰ ਸਜ਼ਾ ਦਿਵਾਈ ਜਾਵੇਗੀ।

**ਭ੍ਰਿਸ਼ਟਾਚਾਰ ਮੁਕਤ ਵਪਾਰ, ਇੰਡਸਟਰੀ ਤੇ ਟਰਾਂਸਪੋਰਟ**

ਇੰਸਪੈਕਟਰ ਰਾਜ ਤੇ ਛਾਪੇਮਾਰੀ ਰਾਜ ਖ਼ਤਮ ਕਰਾਂਗੇ। ਛੋਟੇ ਕਾਰੋਬਾਰੀਆਂ, ਆੜ੍ਹਤੀਆਂ, ਵਪਾਰੀਆਂ ਨੂੰ ਇੰਸਪੈਕਟਰੀ ਤੇ ਟੈਕਸੇਸ਼ਨ ਅਫਸਰਾਂ ਤੋਂ ਬਚਾਉਣ ਲਈ ਵਿਸ਼ੇਸ਼ ਸੈੱਲ ਕਾਇਮ ਕਰਾਂਗੇ।

**ਟੈਕਸ ਵਿਵਸਥਾ ਸਰਲ ਤੇ ਪਾਰਦਰਸ਼ੀ :**

ਵੈਟ ਘਟਾਵਾਂਗੇ। ਪੰਜ ਸਾਲ ਵਿਚ ਇਥੇ ਸਭ ਤੋਂ ਘੱਟ ਟੈਕਸ ਦਰ ਹੋਵੇਗੀ। ਇਕਮੁਸ਼ਤ ਸੈਟਲਮੈਂਟ ਹੋਵੇਗੀ। ਵੈਟ ਰਿਫੰਡ ਦਾ ਦਾਇਰਾ ਵਧਾਵਾਂਗੇ।

**ਸਿੰਗਲ ਵਿੰਡੋ ਕਲੀਅਰੈਂਸ :**

ਸੂਬੇ ਵਿਚੋਂ ਜਾ ਚੁੱਕੀ ਇੰਡਸਟਰੀ ਨੂੰ ਵਿਸ਼ੇਸ਼ ਪੈਕੇਜ ਦਿਆਂਗੇ। ਇੰਡਸਟਰੀਅਲ ਐਸਟੇਟ ਵਿਚ ਖਾਲੀ ਥਾਂ ਉਦਯੋਗਪਤੀਆਂ ਨੂੰ ਰਿਆਇਤੀ ਦਰਾਂ 'ਤੇ ਦੇਵਾਂਗੇ। ਰਿਅਲ ਐਸਟੇਟ ਸੈਕਟਰ ਨੂੰ ਮੁੜ ਪੈਰਾਂ-ਸਿਰ ਕਰਨ ਲਈ ਛੋਟ ਦਿਆਂਗੇ।

**ਰੋਪੜ ਵਿਚ ਇੰਡਸਟਰੀਅਲ ਟਾਊਨਸ਼ਿਪ :**

ਵਾਤਾਵਰਣ ਨੂੰ ਧਿਆਨ ਵਿਚ ਰਖਦਿਆਂ ਰੋਪੜ ਵਿਚ ਇੰਡਸਟਰੀਅਲ ਟਾਊਨਸ਼ਿਪ ਬਣਾਈ ਜਾਵੇਗੀ। ਹਿਮਾਚਲ ਪ੍ਰਦੇਸ਼ ਨਾਲ ਲਗਦੀ ਕੰਡੀ ਪੱਟੀ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਇਸ ਨਾਲ ਲਾਭ ਹੋਵੇਗਾ।

**ਐਗਰੋ ਫੂਡ ਇੰਡਸਟਰੀ ਨੂੰ 10 ਸਾਲ ਟੈਕਸ ਛੋਟ :**

ਆਪਣੀ ਯੂਨਿਟ ਵਿਚ ਪੰਜਾਬ ਦੇ 80 ਫੀਸਦੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਾਲੀ ਕੰਪਨੀ ਨੂੰ ਵਿਆਜ ਮੁਕਤ ਕਰਜ਼ਾ ਮਿਲੇਗਾ।

**ਔਰਤਾਂ ਨੂੰ 5 ਸਾਲ ਦਾ ਟੈਕਸ ਹਾਲੀਡੇਅ :**

ਔਰਤਾਂ ਦੇ ਸ਼ਕਤੀਕਰਨ ਲਈ ਸੂਬੇ ਦੀਆਂ ਮਹਿਲਾ ਕਾਰੋਬਾਰੀਆਂ ਨੂੰ 5 ਸਾਲ ਤਕ ਟੈਕਸ ਤੋਂ ਰਾਹਤ ਦਿੱਤੀ ਜਾਵੇਗੀ। ਇਸ ਨਾਲ ਮਹਿਲਾ ਕਾਰੋਬਾਰੀਆਂ ਦੀ ਤਾਦਾਦ ਵਿਚ ਵਾਧਾ ਹੋਵੇਗਾ।

## ਨਿਊਯਾਰਕ 'ਚ 19 ਅਕਤੂਬਰ ਨੂੰ ਹੋਇਆ ਕਰੇਗਾ ਵਾਰਿਸ ਆਹਲੂਵਾਲੀਆ ਦਿਵਸ

ਤੇ ਜਦੋਂ ਮੈਂ ਆਪਣੇ ਹੀ ਘਰ, ਆਪਣੀਆਂ ਹੀ ਗਲੀਆਂ ਵਿਚ ਤੁਰਦਾ ਸੀ ਤਾਂ ਮੈਨੂੰ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇਨ੍ਹਾਂ ਦਹਿਸ਼ਤੀ ਹਮਲਿਆਂ ਮਗਰੋਂ ਉਹ ਵੀ ਨਸਲੀ ਹਿੰਸਾ ਦਾ ਸ਼ਿਕਾਰ ਹੋਇਆ ਤੇ ਉਸ ਦੀ ਸੱਜੀ ਅੱਖ ਦੀ ਰੌਸ਼ਨੀ ਚਲੀ ਗਈ।

ਨਿਊਯਾਰਕ ਸ਼ਹਿਰ ਦੇ ਮੇਅਰ ਬਿਲ ਡੀ ਬਲਾਸੀਓ ਨੇ ਆਪਣੀ ਸਰਕਾਰੀ ਰਿਹਾਇਸ਼ ਗਰੇਸੀ ਮੈਨਸ਼ਨ ਵਿਚ ਦੀਵਾਲੀ ਦਾ ਤਿਉਹਾਰ ਮਨਾਏ ਜਾਣ ਮੌਕੇ ਹੋਏ ਵਿਸ਼ੇਸ਼ ਸਮਾਗਮ ਦੌਰਾਨ ਆਹਲੂਵਾਲੀਆ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਹਰ ਸਾਲ 19 ਅਕਤੂਬਰ ਨੂੰ ਵਾਰਿਸ ਆਹਲੂਵਾਲੀਆ ਦੇ ਰੂਪ ਵਿਚ ਮਨਾਇਆ ਜਾਵੇਗਾ। ਫ਼ੈਸ਼ਨ ਡਿਜ਼ਾਈਨਰ, ਲੇਖਕ, ਅਦਾਕਾਰ ਅਤੇ ਮਾਡਲ ਵਜੋਂ ਵਾਰਿਸ ਆਹਲੂਵਾਲੀਆ ਦੀ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਡੀ ਬਲਾਸੀਓ ਨੇ ਕਿਹਾ ਕਿ ਸਿੱਖ ਵਜੋਂ ਉਹ ਦਸਤਾਰ ਬੰਨ੍ਹ ਕੇ ਵਿਚਰਦੇ ਹਨ ਅਤੇ ਸ਼ਹਿਰ ਦੇ ਨਾਲ-ਨਾਲ ਦੇਸ਼ ਵਿਚ ਸਿੱਖੀ ਪ੍ਰਤੀ ਅਗਿਆਨਤਾ ਨੂੰ ਦੂਰ ਕਰਦੇ ਹਨ। ਉਹ ਆਪਣੇ ਧਰਮ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਲੋਕਾਂ ਨੂੰ ਸਹਿਣਸ਼ੀਲਤਾ ਦਾ ਸੁਨੇਹਾ ਵੀ ਦਿੰਦੇ ਹਨ। ਕਰੀਬ 300-400 ਭਾਰਤੀ-ਅਮਰੀਕੀਆਂ ਨੂੰ ਸੰਬੋਧਨ ਕਰਦਿਆਂ ਮੇਅਰ ਨੇ ਸਿੱਖਾਂ ਨੂੰ ਉਚੇਚੇ ਤੌਰ 'ਤੇ ਵਧਾਈ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਭਾਈਚਾਰੇ ਜਾਂ ਵਿਅਕਤੀ 'ਤੇ ਧਰਮ ਦੇ ਨਾਮ ਉਪਰ ਹਮਲਾ ਹੁੰਦਾ ਹੈ ਤਾਂ ਇਹ ਸਾਡੇ ਸਾਰਿਆਂ 'ਤੇ ਹਮਲਾ ਮੰਨਿਆ ਜਾਏਗਾ। ਵਾਰਿਸ ਨੇ ਕਿਹਾ ਕਿ 9/11 ਦੇ ਹਮਲੇ ਬਾਅਦ ਉਹ ਭਾਰਤ ਤੋਂ ਇਥੇ ਪੁੱਜਾ ਸੀ ਅਤੇ ਆਉਂਦਿਆਂ ਹੀ ਉਸ ਨੂੰ ਨਫ਼ਰਤੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਪਰ ਹੁਣ ਮਾਣ ਮਿਲਣਾ ਬਹੁਤ ਵੱਡੀ ਗੱਲ ਹੈ। ਯਾਦ ਰਹੇ ਕਿ ਵਾਰਿਸ ਅਮਰੀਕਾ ਦਾ ਪਹਿਲਾ ਡਿਜ਼ਾਈਨਰ ਤੇ ਕਲਾਕਾਰ ਹੈ। ਵਾਰਿਸ ਨੂੰ ਪਛਾਣ ਕੁਝ ਸਾਲ ਪਹਿਲਾਂ ਉਦੋਂ ਮਿਲੀ ਸੀ ਜਦੋਂ ਦੁਨੀਆ ਦੀ ਮੰਨੀ-ਪ੍ਰਮੰਨੀ ਕੰਪਨੀ ਗੈਪ ਨੇ ਉਸ ਨੂੰ ਆਪਣਾ ਮਾਡਲ ਲਿਆ ਸੀ।

## ਅਮਰੀਕੀ ਚੋਣਾਂ : ਜੰਮ ਕੇ ਪੈਸਾ ਖ਼ਰਚ ਕਰ ਰਹੇ ਹਨ ਟਰੰਪ ਤੇ ਹਿਲੇਰੀ

ਹਾਲ ਹੀ ਵਿਚ ਆਪਣੀ ਮੁਹਿੰਮ ਦੌਰਾਨ ਬਹੁਤ ਘੱਟ ਖ਼ਰਚ ਕੀਤਾ ਸੀ ਤੇ ਟੈਲੀਵਿਜ਼ਨ ਇਸ਼ਤਿਹਾਰਾਂ ਤੇ ਚੋਣ ਸੇਵਾਵਾਂ ਦੀ ਜ਼ਰੂਰਤ ਤੋਂ ਇਨਕਾਰ ਕੀਤਾ ਸੀ। ਪਰ ਸਤੰਬਰ ਵਿਚ ਉਨ੍ਹਾਂ ਨੇ ਇਸ਼ਤਿਹਾਰਾਂ 'ਤੇ 2.3 ਕਰੋੜ ਡਾਲਰ ਰਕਮ ਖ਼ਰਚ ਕੀਤੀ।

ਇਸੇ ਦੌਰਾਨ ਰਾਸ਼ਟਪਤੀ ਚੋਣ ਲਈ ਹੋਈ ਤੀਜੀ ਤੇ ਅੰਤਿਮ ਬਹਿਸ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਜਿੱਤ ਲਈ ਹੈ, ਜਿਨ੍ਹਾਂ ਨੇ ਇਸ ਭਖ਼ਵੀਂ ਬਹਿਸ ਤੋਂ ਬਾਅਦ ਹੋਏ ਸਰਵੇਖਣ ਵਿੱਚ ਆਪਣੇ ਵਿਰੋਧੀ ਰਿਪਬਲਿਕਨ ਉਮੀਦਵਾਰ ਡੌਨਾਲਡ ਟਰੰਪ ਨੂੰ 13 ਫ਼ੀਸਦੀ ਦੇ ਵੱਡੇ ਫ਼ਰਕ ਨਾਲ ਪਛਾੜ ਦਿੱਤਾ। ਸੀਐਨਐਨ ਨੇ ਆਪਣੇ ਸਰਵੇਖਣ ਦੇ ਨਤੀਜਿਆਂ ਦਾ ਐਲਾਨ ਕਰਦਿਆਂ ਦੱਸਿਆ ਕਿ ਬਹਿਸ ਦੇਖਣ ਵਾਲੇ ਵੋਟਰਾਂ ਵਿੱਚੋਂ ਕੁੱਲ ਮਿਲਾ ਕੇ 52 ਫ਼ੀਸਦੀ ਨੇ ਕਿਹਾ ਕਿ ਬੀਬੀ ਹਿਲੇਰੀ ਨੇ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਦੂਜੇ ਪਾਸੇ 39 ਫ਼ੀਸਦੀ ਵੋਟਰਾਂ ਨੇ ਸ੍ਰੀ ਟਰੰਪ ਦੀ ਹਮਾਇਤ ਕੀਤੀ। ਇਸ ਤਰ੍ਹਾਂ ਤਿੰਨੇ ਬਹਿਸਾਂ ਬੀਬੀ ਹਿਲੇਰੀ ਨੇ ਜਿੱਤੀਆਂ ਹਨ ਪਰ ਇਸ ਵਾਰ ਦਾ ਫ਼ਰਕ ਸਭ ਤੋਂ ਘੱਟ ਰਿਹਾ। ਉਨ੍ਹਾਂ ਨਿਊਯਾਰਕ ਦੀ ਪਹਿਲੀ ਬਹਿਸ 35 ਫ਼ੀਸਦੀ ਤੇ ਸੇਂਟ ਲੂਈਸ ਦੀ ਦੂਜੀ ਬਹਿਸ 23 ਫ਼ੀਸਦੀ ਨਾਲ ਜਿੱਤੀ ਸੀ।

ਇਸੇ ਦੌਰਾਨ ਅਮਰੀਕੀ ਰਾਸ਼ਟਪਤੀ ਦੀ ਚੋਣ ਲਈ ਹੋਈ ਤੀਜੀ ਤੇ ਅੰਤਿਮ ਬਹਿਸ ਵਿੱਚ ਰਿਪਬਲਿਕਨ ਉਮੀਦਵਾਰ ਡੌਨਾਲਡ ਟਰੰਪ ਨੇ ਚੋਣਾਂ ਵਿੱਚ 'ਹੇਰਾਫੇਰੀ' ਦੇ ਦੋਸ਼ ਲਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਕਾਰਨ ਉਹ ਚੋਣਾਂ ਵਿੱਚ ਆਪਣੀ ਹਾਰ ਕਬੂਲ ਨਹੀਂ ਕਰਨਗੇ। ਉਨ੍ਹਾਂ ਦੇ ਇਨ੍ਹਾਂ ਦੋਸ਼ਾਂ ਦਾ ਉਨ੍ਹਾਂ ਦੀ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਨੇ ਤਿੱਖਾ ਵਿਰੋਧ ਕੀਤਾ ਹੈ।

ਸੀਐਨਐਨ ਮੁਤਾਬਕ ਬਹਿਸ ਤੋਂ ਬਾਅਦ ਬੀਬੀ ਹਿਲੇਰੀ 13 ਫ਼ੀਸਦੀ ਅੰਕਾਂ ਨਾਲ ਸਪਸ਼ਟ ਜੇਤੂ ਵਜੋਂ ਉਭਰੀ ਹੈ। ਬਹਿਸ ਦੌਰਾਨ 70 ਸਾਲਾ ਵਿਵਾਦਗ੍ਰਸਤ ਰਿਪਬਲਿਕਨ ਉਮੀਦਵਾਰ ਸ੍ਰੀ ਟਰੰਪ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਉਹ ਚੋਣ ਨਤੀਜਿਆਂ ਨੂੰ ਮਨਜ਼ੂਰ ਕਰਨਗੇ ਤਾਂ ਉਨ੍ਹਾਂ ਕਿਹਾ ਕਿ ਉਹ 8 ਨਵੰਬਰ ਨੂੰ ਹੋਣ ਵਾਲੀਆਂ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੂੰ ਕਬੂਲ ਕਰਨ ਸਬੰਧੀ ਆਖ਼ਰੀ ਸਮੇਂ 'ਤੇ ਹੀ ਫ਼ੈਸਲਾ ਲੈਣਗੇ।

ਕਰੀਬ ਡੇਢ ਘੰਟਾ ਚੱਲੀ ਬਹਿਸ ਦੌਰਾਨ ਸ੍ਰੀ ਟਰੰਪ ਨੇ ਮੌਜੂਦਾ ਚੋਣਾਂ ਵਿੱਚ ਹੇਰਾਫੇਰੀ ਦੇ ਦੋਸ਼ ਦੁਹਰਾਉਂਦਿਆਂ ਕਿਹਾ, "ਮੈਂ ਤੁਹਾਨੂੰ ਉਸੇ ਵਕਤ ਦੱਸਾਂਗਾ। ਮੈਂ ਉਦੋਂ ਤੱਕ ਭੇਤ ਬਣਾਈ ਰੱਖਾਂਗਾ।" ਉਨ੍ਹਾਂ ਨਾਲ ਹੀ ਕਿਹਾ, "ਮੀਡੀਆ ਬਹੁਤ ਬੇਈਮਾਨ ਤੇ ਭ੍ਰਿਸ਼ਟ ਹੈ, ਜੋ ਚੀਜ਼ਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ।" ਸੀਐਨਐਨ ਮੁਤਾਬਕ ਸ੍ਰੀ ਟਰੰਪ ਦੀਆਂ ਇਨ੍ਹਾਂ ਟਿੱਪਣੀਆਂ ਨੇ ਦੇਸ਼ ਦੇ ਸਿਆਸੀ ਹਲਕਿਆਂ ਵਿੱਚ ਭਾਰੀ ਹਲਚਲ ਮਚਾ ਦਿੱਤੀ ਹੈ, ਕਿਉਂਕਿ ਮੁਲਕ ਦੇ ਹਾਲੀਆ ਇਤਿਹਾਸ ਵਿੱਚ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਅਜਿਹੇ ਇਲਜ਼ਾਮ ਕਦੇ ਵੀ ਨਹੀਂ ਲਾਏ ਗਏ। ਇਸ ਤਰ੍ਹਾਂ ਉਨ੍ਹਾਂ ਸੱਤਾ ਦੇ ਨਿਰਵਿਘਨ ਤਬਾਦਲੇ ਦੀ ਅਮਰੀਕੀ ਰਵਾਇਤ ਲਈ ਵੀ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਬੀਬੀ ਕਲਿੰਟਨ ਨੇ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਭਿਆਨਕ ਤੇ 'ਡਰਾਉਣੀਆਂ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਟਰੰਪ ਅਜਿਹਾ ਕਰ ਕੇ 'ਅਮਰੀਕੀ ਜਮਹੂਰੀਅਤ' ਨੂੰ ਨੀਵਾਂ ਦਿਖਾ ਰਹੇ ਹਨ। ਉਨ੍ਹਾਂ ਕਿਹਾ, "ਸਾਡਾ ਲੋਕਤੰਤਰ ਇੰਜ ਨਹੀਂ ਚੱਲਦਾ। ਸਾਨੂੰ ਕਰੀਬ 240 ਸਾਲ ਹੋ ਚੁੱਕੇ ਹਨ। ਸਾਡੀਆਂ ਚੋਣਾਂ ਹਮੇਸ਼ ਆਜ਼ਾਦ ਤੇ ਨਿਰਪੱਖ ਰਹੀਆਂ ਹਨ। ਜਦੋਂ ਸਾਨੂੰ ਚੋਣਾਂ ਦੇ ਨਤੀਜੇ ਪਸੰਦ ਵੀ ਨਾ ਹੋਣ, ਅਸੀਂ ਉਦੋਂ ਵੀ ਇਨ੍ਹਾਂ ਨੂੰ ਕਬੂਲ ਕਰਦੇ ਰਹੇ ਹਾਂ।"

# Classified

## ਵਰ ਦੀ ਲੋੜ

**ਅਮਰੀਕਨ Bachelor's of Science in health Care managment, Caste Hindu Nai age 26, Hight 5' 7" ਲਈ ਯੋਗ ਡਿਗਰੀ ਹੋਲਡਰ ਬਰਾਬਰ ਯੋਗਤਾ ਵਾਲੇ ਵਰ ਦੀ ਲੋੜ ਹੈ। ਫੋਟੋ ਸਮੇਤ ਵੇਰਵਾ ਭੇਜੋ। ਸੀਰੀਅਸ ਸੱਜਣ ਹੀ ਸੰਪਰਕ ਕਰਨ।**

**ਫੋਨ. 916-760-8485, 916-694-3073**

**Email: duttadee@yahoo.com**

---

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।**

## Bride WANTED

Looking a match for My Nephew, A Saini Sikh, 25 years old, 5 '11" Computer Engineer, completing higher studies in Canada. Girl from California will be prefered. Call at 510-557-6988 or email me Raj@gfbontime.com.

---

Suitable match for (MDS) orthodontist Sikh vegetarian boy. 28,5-8", preparing (NBDE), Done Observership @ Boston USA, having 10yrs business visa, Father retd. as Bank manager, Mother housewife, only elder brother and his family citizen@ UK .having urban and rural property.

Contact: +919999056353, +1 (510) 598-7345

E-mail : drdentortho@gmail.com


# ਬੰਦੀ ਛੋੜ ਦਿਵਸ ਦਾ ਪਿਛੋਕੜ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਕਿਲ੍ਹੇ 'ਚ ਨਜ਼ਰਬੰਦੀ ਸਬੰਧੀ ਮੁਗਲ ਪ੍ਰਸ਼ਾਸਨ ਦਾ ਰੋਲ

ਸੂਫੀ ਸੰਤ ਸਨ। ਉਨ੍ਹਾਂ ਦਾ ਮੁਗਲ ਦਰਬਾਰ ਵਿਚ ਪੂਰਾ ਅਦਬ ਸਤਿਕਾਰ ਤੇ ਉਜਰ ਸੀ। ਸਾਰੇ ਮੁਗਲ ਬਾਦਸ਼ਾਹ ਉਸ ਦੇ ਸਨਮੁੱਖ ਗੋਡਾ ਨਿਵਾਂਉਦੇ। ਦੂਜੇ ਪਾਸੇ ਸਾਈਂ ਜੀ ਦਾ ਗੁਰੂ ਘਰ ਨਾਲ ਵੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਬਹੁਤ ਹੀ ਨਜ਼ਦੀਕੀ ਤੇ ਗਹਿਰਾ ਰਿਸ਼ਤਾ ਚਲਿਆ ਆ ਰਿਹਾ ਸੀ। ਗੁਰੂ ਅਰਜਨ ਦੇਵ ਜੀ ਨੂੰ ਜਦ ਅਕਾਰਨ ਹੀ ਲਾਹੌਰ ਵਿਚ ਅਸਿਹ ਕਸ਼ਟ ਦਿੱਤੇ ਜਾ ਰਹੇ ਸਨ ਤਾਂ ਸਾਈਂ ਜੀ ਸੁਣ ਕੇ ਇਕ ਹਮਦਰਦ ਵਜੋਂ ਮਦਦ ਲਈ ਗੁਰੂ ਜੀ ਕੋਲ ਅੱਪੜੇ ਸਨ। ਜਦ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਅੰਦਰ ਨਜ਼ਰਬੰਦ ਸਨ ਤੇ ਜੇਲ੍ਹ ਵਿਚ ਲੰਮਾ ਸਮਾਂ ਹੋ ਗਿਆ ਸੀ ਤਾਂ ਐਨ ਢੁਕਵੇਂ ਸਮੇਂ ਤੇ ਸਾਈਂ ਮੀਆ ਮੀਰ ਲਾਹੌਰ ਤੋਂ ਚੱਲ ਕੇ ਦਿੱਲੀ ਪਹੁੰਚੇ। ਬਿਲਾਸ਼ੱਕ ਉਨ੍ਹਾ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿਲ੍ਹੇ ਅੰਦਰ ਨਜ਼ਰਬੰਦ ਕਰਨ ਦੇ ਸਾਰੇ ਸਾਜ਼ਸੀ ਪਰਸੰਗ ਦਾ ਭਲੀ ਭਾਂਤ ਗਿਆਨ ਸੀ ਕਿਉਂਕਿ ਲਾਹੌਰ ਤੋਂ ਅੰਮ੍ਰਿਤਸਰ ਉਨਾਂ ਵਾਸਤੇ ਕੋਈ ਬਹੁਤਾ ਦੂਰ ਨਹੀਂ ਸੀ। ਗੁਰੂ ਘਰ ਦੇ ਹਵਾਲੇ ਨਾਲ ਅੰਮ੍ਰਿਤਸਰ ਦੀ ਹਰ ਘਟਨਾ ਬਾਰੇ ਉਨ੍ਹਾਂ ਨੂੰ ਖਬਰ-ਸਾਰ ਹਾਸਲ ਸੀ ਪਰ ਯੋਗ ਮੌਕੇ ਦੀ ਤਲਾਸ਼ ਵਿਚ ਸਨ। ਵਿਦਵਾਨਾਂ ਦਾ ਮਤ ਹੈ ਕਿ ਉਹ ਹੁਣ ਜਦ ਦਿੱਲੀ ਪਹੁੰਚੇ ਤਾਂ ਸਭ ਤੋਂ ਪਹਿਲਾਂ ਉਨਾਂ ਨੇ ਗੁਰੂ ਹਰਿਗੋਬਿੰਦ ਸਾਹਬ ਜੀ ਦੀ ਤੁਰੰਤ ਰਿਹਾਈ ਦਾ ਯਤਨ ਕੀਤਾ। ਉਹ ਉਚੇਚੇ ਤੌਰ ਤੇ ਦਿੱਲੀ ਵਾਸੀ ਮਹਾਨ ਫਕੀਰ ਫਖਰ-ਉ-ਦੀਨ ਔਲੀਆ ਤੇ ਹਜ਼ਰਤ ਨਿਜ਼ਾਮ-ਉ-ਦੀਨ ਔਲੀਆ ਕੋਲ ਗਏ ਤਾਂ ਜੋ ਉਹ ਦੋਨੋਂ ਵਿਚ ਪੈ ਕੇ ਬਾਦਸ਼ਾਹ ਨੂੰ ਕਾਇਲ ਕਰਨ ਤੇ ਗੁਰੂ ਸਾਹਿਬ ਦੀ ਫੌਰਨ ਰਿਹਾਈ ਕਰਵਾ ਸਕਣ.

ਉਪਰੋਕਤ ਪਰਸੰਗ ਦੀ ਪੁਸ਼ਟੀ ਕਰਦਾ ਹੋਇਆ ਮਹਿਮਾ ਪ੍ਰਕਾਸ਼ ਦਾ ਕਰਤਾ ਸਰੂਪ ਦਾਸ ਭੱਲਾ ਲਿਖਦਾ ਹੈ ਕਿ 1612 ਈ: ਵਿਚ ਨਸ਼ੇ ਦਾ ਆਦੀ ਬਾਦਸ਼ਾਹ ਜਹਾਂਗੀਰ ਬਹੁਤੀ ਸ਼ਰਾਬ ਪੀਣ ਕਰਕੇ ਲਾਇਲਾਜ ਬਿਮਾਰੀ ਦੀ ਗ੍ਰਿਫਤ ਵਿਚ ਆ ਗਿਆ। ਸ਼ਾਹੀ ਵੈਦਾਂ ਤੇ ਹਕੀਮਾਂ ਨੇ ਵੀ ਜਦ ਜਵਾਬ ਦੇ ਦਿੱਤਾ ਤੇ ਸਾਰੇ ਹੀਲੇ ਜਦ ਵਿਅਰਥ ਹੋ ਗਏ ਜਾਪੇ ਤਾਂ ਪੀਰਾਂ ਫਕੀਰਾਂ ਵਿਚ ਆਸਥਾ ਰੱਖਣ ਵਾਲੀ ਬੇਗਮ ਨੂਰ ਜਹਾਂ, ਜਹਾਂਗੀਰ ਨੂੰ ਚੁੱਕ ਕੇ ਪਹੁੰਚੇ ਹੋਏ ਪੀਰ ਨਿਜ਼ਾਮ-ਉ-ਦੀਨ ਔਲੀਆ ਪਾਸ ਲੈ ਆਈ. ਕੁਦਰਤ ਦਾ ਸਬੱਬ ਉਥੇ ਉਸ ਵੇਲੇ ਦੇ ਅਹਲ-ਏ-ਇਲਮ, ਅਹਲ-ਏ-ਨਜ਼ਰ ਸਾਈਂ ਮੀਆਂ ਮੀਰ ਤੇ ਫਖਰ-ਉ-ਦੀਨ ਵੀ ਬੈਠੇ ਸਨ। ਨੂਰ ਜਹਾਂ ਨੇ ਅਰਜ਼ ਸਲਾਮ ਕਰਨ ਤੋਂ ਬਾਅਦ ਪੀਰ ਨਿਜ਼ਾਮ-ਉ-ਦੀਨ ਔਲੀਆ ਪਾਸੋਂ ਜਹਾਂਗੀਰ ਦੀ ਬਿਮਾਰੀ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਥਨ ਕੀਤਾ- ਇਹ ਬਿਮਾਰੀ ਕਿਸੇ ਪੀਰ ਨੂੰ ਦੁਖ ਦੇਣ ਕਰਕੇ ਹੈ -। ਜਦ ਜਹਾਂਗੀਰ ਨੇ ਪੁੱਛਿਆ ਉਹ ਪੀਰ ਕਿਹੜਾ ਹੈ ਤਾਂ ਕੋਲ ਬੈਠੇ ਸਾਈਂ ਮੀਆਂ ਮੀਰ ਨੇ ਫਰਮਾਇਆ- ਗੁਰੂ ਹਰਿਗੋਬਿੰਦ ਸਾਹਬ ਜੋ ਹੈ ਸੋ ਮਕਬੂਲ ਨੂਰ-ਏ-ਇਲਾਹੀ ਹੈ-।

ਨੂਰ ਜਹਾਂ, ਆਪਣੇ ਮੁਰਸ਼ਦ ਸਾਈਂ ਮੀਆਂ ਮੀਰ ਦੇ ਮੁੱਖੋਂ ਇਹ ਅਲਫਾਜ਼ ਸੁਣ ਕੇ ਹੈਰਾਨ ਹੋ ਗਈ ਕਿ ਪੀਰ ਸਾਈਂ ਜੀ, ਨੌਜਵਾਨ ਗੁਰੂ ਨੂੰ ਆਪਣੇ ਤੋਂ ਵੀ ਉਪਰ ਖੁਦਾ ਰੂਪ ਕਹਿ ਰਹੇ ਹਨ। ਸੁਣ ਕੇ ਨੂਰ ਜਹਾਂ ਦੇ ਮਨ ਤੇ ਗਹਿਰਾ ਅਸਰ ਹੋਇਆ ਤੇ ਉਸ ਨੇ ਉਸੀ ਵੇਲੇ ਜਹਾਂਗੀਰ ਨੂੰ ਗੁਰੂ ਜੀ ਰਿਹਾਈ ਬਾਰੇ ਕਿਹਾ।

ਨੂਰ ਜਹਾਂ ਬੇਗਮ ਨੇ ਖਾਵੰਦ ਨੂੰ ਕਿਹਾ- ਐਸੇ। ਫਕੀਰ ਜਾਤ ਹੈ ਸਾਈਂ ਦੀ ਸਾਈਂ ਜੈਸੇ। ਕੈਦ ਨਾ ਕਰੀਏ ਕਹੇ ਕਹਾਏ। ਫਕੀਰ ਦੀ ਮਾਰੀ ਕੋਈ ਨਾ ਹਟਾਏੂ'71ਜ਼

ਤਦ ਬਾਦਸ਼ਾਹ ਜਹਾਂਗੀਰ ਨੇ ਉਸੇ ਵੇਲੇ ਗੁਰੂ ਸਾਹਬ ਨੂੰ ਗਵਾਲੀਅਰ ਦੇ ਕਿਲ੍ਹੇ ਚੋਂ ਰਿਹਾਅ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਰਿਹਾਈ ਦੇ ਉਪਰੋਕਤ ਸਬੱਬ ਤੋਂ ਇਲਾਵਾ ਵਿਦਵਾਨ ਮੱਤ ਰਖਦੇ ਹਨ ਕਿ ਮੁਗਲ ਪ੍ਰਸ਼ਾਸਨ ਵਿਚ ਆਈ ਰਾਜਸੀ ਤਬਦੀਲੀ ਵੀ ਕਾਰਨ ਬਣੀ ਹੈ. ਉਨ੍ਹਾਂ ਮੁਤਾਬਕ ਜਦ ਫਰੀਦ ਖਾਂ ਬੁਖਾਰੀ ਉਰਫ ਮੁਰਤਜ਼ਾ ਖਾਨ ਨੂੰ ਜਹਾਂਗੀਰ ਨੇ ਹੁਕਮ ਦਿੱਤਾ ਸੀ ਕਿ ਗੁਰੂ ਅਰਜਨ ਦੇਵ ਸਾਹਿਬ ਦੀ ਜਾਇਦਾਦ, ਮਕਾਨ ਬੱਚੇ ਸਭ ਨੂੰ ਜ਼ਬਤ ਕੀਤਾ ਜਾਵੇ. ਤਦ ਉਸ ਦੀ ਸੁਪਰਦਾਰੀ ਹੇਠ 1606 ਈ. ਵਿਚ ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਹੋ ਗਈ ਪਰ ਇਹ ਗੁਰੂ ਹਰਿਗੋਬਿੰਦ ਸਾਹਬ ਜੀ ਨੂੰ ਪਕੜਨ ਵਿਚ ਅਸਫਲ ਰਿਹਾ ਕਿਉਂਕਿ ਉਸ ਵੇਲੇ ਦੇ ਮਾੜੇ ਹਾਲਾਤ ਨੂੰ ਵੇਖਦਿਆਂ ਬਾਬਾ ਬੁਢਾ ਜੀ, ਭਾਈ ਗੁਰਦਾਸ ਤੇ ਹੋਰ ਸਿਆਣੇ ਸਿੱਖਾਂ ਦੇ ਕਹਿਣ ਤੇ ਗੁਰੂ ਸਾਹਿਬ ਮਾਲਵੇ ਦੇ ਇਲਾਕੇ ਵਿਚ ਆਪਣੇ ਸਾਢੂ ਸਾਈਂ ਦਾਸ ਕੋਲ ਭਾਈ ਕੀ ਡਰੋਲੀ (ਮੋਗਾ) ਚਲੇ ਗਏ ਸਨ। ਜਿੰਨਾ ਚਿਰ ਮੁਰਤਜ਼ਾ ਖਾਨ ਦਾ ਲਾਹੌਰ ਵਿਖੇ ਵਿਰੋਧੀ ਪ੍ਰਭਾਵ ਜਾਰੀ ਰਿਹਾ ਤਦ ਤਕ ਕਰੀਬਨ ਡੇਢ-ਦੋ ਸਾਲ ਗੁਰੂ ਸਾਹਿਬ ਮਾਲਵਾ ਇਲਾਕਾ ਵਿਚ ਸਿੱਖੀ-ਪ੍ਰਚਾਰ ਦੌਰੇ ਤੇ ਰਹੇ. ਫਿਰ ਇਸ ਕੱਟੜ ਵਿਰੋਧੀ ਮੁਰਤਜ਼ਾ ਖਾਨ ਨੂੰ 1607 ਈ. ਦੇ ਅਖੀਰ ਵਿਚ ਗੁਜਰਾਤ ਦਾ ਗਵਰਨਰ ਨਿਯੁਕਤ ਕਰ ਦਿਤਾ ਗਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਵਾਪਸ ਅੰਮ੍ਰਿਤਸਰ ਆ ਗਏ ਸਨ। ਇਧਰ 1608 ਦੇ ਸ਼ੁਰੂ ਵਿਚ ਲਾਹੌਰ ਦਾ ਗਵਰਨਰ ਕੁਲੀਜ਼ ਖਾਨ ਲਾ ਦਿਤਾ ਗਿਆ। ਇਹ ਅਕਬਰ ਦਾ ਬਾ-ਖਾਸੂਸ ਬੰਦਾ, ਅਕਬਰੀ ਸਿਧਾਂਤ ਦਾ ਧਾਰਨੀ ਹੋਣ ਕਰਕੇ ਹੋਰ ਧਾਰਮਿਕ ਜਮਾਤਾਂ ਵਿਚ ਦਖਲ ਨਾ ਦੇਣ ਦੀ ਰੁਚੀ ਵਾਲਾ ਸੀ। ਇਸ ਦੇ ਸਮੇਂ ਸੱਖਾਂ ਨੇ ਬਹੁਤ ਰਾਹਤ ਮਹਿਸੂਸ ਕੀਤੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਿੱਖ ਪੰਥ ਨੂੰ ਜੱਥੇਬੰਦ ਕਰਨ ਦਾ ਬਹੁਤ ਸੁਖਾਵਾਂ ਮੌਕਾ ਮਿਲਿਆ। ਉਸੇ ਸਮੇਂ ਦੌਰਾਨ ਹੀ ਅਕਾਲ ਤਖਤ ਦੀ ਰਚਨਾ ਹੋਈ ਤੇ ਜ਼ਬਰ ਦਾ ਟਾਕਰਾ ਕਰਨ ਲਈ ਹਥਿਆਰਬੰਦ ਸੈਨਾ ਖੜੀ ਕਰਨ ਦੀ ਤਿਆਰੀ ਅਰੰਭੀ ਗਈ। ਬਿਲਾ-ਸ਼ੱਕ ਸ਼ਾਹੀ ਖੁਫੀਆ ਏਜੰਸੀਆਂ, ਬਾਦਸ਼ਾਹ ਜਹਾਂਗੀਰ ਕੋਲ ਸਿੱਖ ਪੰਥ ਦੇ ਪ੍ਰਫੁਲਤ ਹੋਣ ਦੀਆਂ ਖਬਰਾਂ ਪਹੁੰਚਾ ਰਹੀਆਂ ਸਨ ਪਰ ਉਸ ਵੇਲੇ ਜਹਾਂਗੀਰ ਕਾਠੀਆਵਾੜ ਤੇ ਰਾਜਪੂਤਾਨਾ ਦੇ ਇਲਾਕੇ ਵਿਚ ਹਾਲਾਤ ਨਾ-ਸਾਜਗਾਰ ਹੋਣ ਕਰਕੇ ਬੁਰੀ ਤਰ੍ਹਾਂ ਉਲਝਿਆ ਸੀ ਤੇ ਉਹ ਪੰਜਾਬ ਵੱਲ ਬਹੁਤ ਧਿਆਨ ਨਾ ਦੇ ਸਕਿਆ। ਫਿਰ ਜਦ ਉਸ ਨੂੰ ਉਧਰੋਂ ਰਾਜਪੁਤਾਨੇ ਵੱਲੋਂ ਰਾਹਤ ਮਿਲੀ ਤਾਂ ਉਸ ਨੇ ਪੰਜਾਬ ਵਿਚ ਸਿੱਖੀ ਦੇ ਵਧ ਰਹੇ ਪ੍ਰਚਲਨ ਨੂੰ ਪਹਿਲ ਦੇ ਅਧਾਰ ਤੇ ਨਜਿਠਣ ਦਾ ਨਿਰਨਾ ਲਿਆ। ਗੁਰੂ ਸਾਹਿਬ ਦੀ ਵਧਦੀ ਪਭੂਸੱਤਾ ਨੂੰ ਵੇਖਦਿਆਂ ਸੱਭ ਤੋਂ ਪਹਿਲਾਂ ਉਸ ਨੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਨੂੰ ਬਦਲ ਕੇ ਉਸ ਦੀ ਥਾਂ ਤੇ 1611-12 ਈ. ਨੂੰ ਧਾਰਮਿਕ ਜਨੂੰਨੀ ਤੇ ਕੱਟੜ ਵਿਰੋਧੀ ਸ਼ੇਖ ਫਰੀਦ ਬੁਖਾਰੀ ਉਰਫ ਮੁਰਤਜ਼ਾ ਖਾਨ ਨੂੰ ਲਾਹੌਰ ਦਾ ਗਵਰਨਰ ਥਾਪ ਦਿਤਾ ।ਇਹ ਆਪਣੇ ਕਾਲ (1612-1618 ) ਦੌਰਾਨ ਗੁਰੂਘਰ ਦਾ ਸਖਤ ਵਿਰੋਧੀ ਰਿਹਾ। ਪਰ ਜਦ ਇਹ ਕਾਂਗੜਾ ਦੇ ਕਿਲ੍ਹੇ ਤੇ ਫਤਹ ਪਾਉਣ ਲਈ ਸੰਘਰਸ਼ ਕਰਦਾ ਹੋਇਆ 1618 ਈਸਵੀ ਵਿਚ ਮਰ ਗਿਆ, ਜਿਸ ਦੇ ਹੱਥੋਂ ਗੁਰੂ ਪੰਜਵੇ ਦੀ ਸ਼ਾਹਦਤ ਹੋਈ ਅਤੇ ਜਿਸ ਦੁਆਰਾ ਜਹਾਂਗੀਰ ਕੋਲ ਪਹੁੰਚਾਈਆਂ ਸਿਖ-ਵਿਰੋਧੀ ਇਤਲਾਹਾਂ ਤੇ ਦਖਲ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਅੰਦਰ ਲੰਮੇ ਸਮੇ ਲਈ ਡੱਕੀ ਰੱਖਿਆ ਗਿਆ ; ਇਸ ਮੁਰਤਜ਼ਾ ਖਾਨ ਦੇ ਮਰਨ ਦੀ ਦੇਰ ਸੀ ਕਿ ਸ਼ਾਹੀ ਸਰਕਾਰ ਦਾ ਸਾਰਾ ਵਿਰੋਧ ਮੱਠਾ ਪੈ ਗਿਆ ਤੇ ਗੁਰੂ ਸਾਹਿਬ ਦੀ ਰਿਹਾਈ ਲਈ ਇਕ ਤਰ੍ਹਾਂ ਨਾਲ ਰਾਹ ਅਸਾਨ ਹੋ ਗਿਆ ।

ਪਰ ਗੁਰੂ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਚੋਂ ਰਿਹਾਈ ਲਈ ਉਪਰੋਕਤ ਰਾਜਸੀ ਕਾਰਨਾਂ ਨਾਲੋਂ ਸਿੱਖ ਦੁਨੀਆ ਵਿਚ ਹਜ਼ਰਤ ਸਾਈਂ ਮੀਆ ਮੀਰ ਜੀ ਦੀ ਨਿਭਾਈ ਭੂਮਿਕਾ ਨੂੰ ਵਧੇਰੇ ਕਾਰਗਰ ਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ ।

ਗੁਰੂ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਕਿੰਨਾ ਸਮਾਂ ਰਹੇ ਇਸ ਬਾਰੇ ਸਮਕਾਲੀ ਫਾਰਸੀ ਸਰੋਤ ਦਬਿਸਤਾਨ ਏ ਮਜਾਹਿਬ' ਲਿਖਦਾ ਹੈ ਕਿ ਗੁਰੂ ਸਾਹਿਬ 12 ਸਾਲ ਕੈਦ ਰਹੇ. ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਬੰਦੀ (ਜੇਲ੍ਹ 'ਚ ਰਹਿਣ) ਦਾ ਇਹ ਸਮਾਂ ਚਾਲੀ ਦਿਨ ਸੀ ਜਦ ਕਿ ਇਸ ਵਿਚਾਰ ਦੀ ਹੋਰ ਕਿਸੇ ਪ੍ਰਮਾਣਿਕ ਸਰੋਤ ਤੋਂ ਪੁਸ਼ਟੀ ਨਹੀਂ ਹੁੰਦੀ। ਇਸ ਸਬੰਧੀ ਇਤਿਹਾਸਕਾਰ ਡਾ.ਗੰਡਾ ਸਿੰਘ ਅਤੇ ਡਾ.ਤੇਜਾ ਸਿੰਘ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਗੁਰੂ ਸਾਹਿਬ ਕੋਈ ਦੋ ਸਾਲ ਗਵਾਲੀਅਰ ਦੇ ਕਰੀਬ ਕਿਲ੍ਹੇ ਵਿਚ ਰਹੇ। ਪਰ ਕੁਲ ਮਿਲਾ ਕੇ ਗੁਰੂ ਸਾਹਿਬ ਜੀ ਦੇ ਬੰਦੀ ਦੇ ਸਮੇਂ ਦੀ ਕੋਈ ਵੀ ਖੋਜਕਾਰ ਨਿਸ਼ਚਤ ਦਲੀਲ ਨਹੀਂ ਦੇ ਸਕਿਆ। ਡਾ. ਕਿਰਪਾਲ ਸਿੰਘ (ਚੰਡੀਗੜ੍ਹ) ਮੁਰਤਜਾ ਫਰੀਦ ਖਾਨ ਦੇ ਪੰਜਾਬ ਦਾ ਗਵਰਨਰ ਬਣਨ ਦੇ ਹਵਾਲੇ ਨਾਲ ਆਪਣਾ ਪੱਖ ਰੱਖਦੇ ਹੋਏ ਲਿਖਦੇ ਹਨ- ਗੁਰੂ ਸਾਹਿਬ 1613 ਈਸਵੀ ਨੂੰ ਆਗਰੇ ਤੋਂ ਗਵਾਲੀਅਰ ਜਹਾਂਗੀਰ ਦੀ ਕੈਦ ਵਿਚ ਗਏ. ਫਿਰ ਜਦ ਗੁਰੂਘਰ ਦੇ ਵਿਰੋਧੀ ਮੁਰਤਜ਼ਾ ਖਾਨ ਦੀ 1618 ਈਸਵੀ ਦੇ ਅਖੀਰ ਚ ਨੂੰ ਮੌਤ ਹੋ ਜਾਂਦੀ ਹੈ ਤੇ ਰਾਹ ਸਾਫ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਹੀ ਗੁਰੂ ਸਾਹਿਬ ਦੀ ਰਿਹਾਈ ਹੁੰਦੀ ਹੈ। ਕੋਈ 6 ਸਾਲ ਕਿਲ੍ਹੇ ਵਿਚ ਕੈਦ ਰਹਿਣ ਤੋਂ ਬਾਅਦ ਗੁਰੂ ਸਾਹਿਬ ਦੀ ਰਿਹਾਈ ਦਾ ਸਾਲ 1619 ਈਸਵੀ ਠੀਕ ਜਾਪਦਾ ਜੋ ਪਿਆਰਾ ਸਿੰਘ ਪਦਮ ਦੁਆਰਾ ਸੰਪਾਦਤ ਕੀਤੀ ਪੁਸਤਕ ਗੁਰੂ ਕੀਆਂ ਸਾਖੀਆਂ' ਨਾਲ ਵੀ ਮੇਲ ਖਾਂਦਾ ਹੈ। ਪਦਮ ਅਨੁਸਾਰ ਗੁਰੂ ਸਾਹਿਬ ਜੀ ਦੀ ਰਿਹਾਈ ਹਿੰਦੀ ਰਾਜਿਆਂ ਨਾਲ ਗਵਾਲੀਅਰ ਦੇ ਕਿਲ੍ਹੇ ਤੋਂ ਕੱਤਕ 1676 ਬਿਕਰਮੀ ਭਾਵ 28 ਅਕਤੂਬਰ 1619 ਈਸਵੀ ਨੂੰ ਦੀਵਾਲੀ ਵਾਲੇ ਦਿਨ ਹੋਈ. ਸਿੱਖ ਪੰਥ ਇਸ ਤਾਰੀਖ ਨੂੰ ਮੁੱਖ ਰੱਖਦੇ ਹੋਏ ਦੀਵਾਲੀ ਵਾਲੇ ਦਿਨ ਨੂੰ ਬੰਦੀਛੋੜ ਦਿਵਸ ਵਜੋਂ ਮਨਾਉਂਦਾ ਚਲਾ ਆ ਰਿਹਾ ਹੈ.

**ਸਹਾਇਕ ਸ੍ਰੋਤ :**


ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ), ਡਾ. ਕਿਰਪਾਲ ਸਿੰਘ ਸੰਪਾਦਤ, ਗੁਰ ਪਰਤਾਪ ਸੂਰਜ ਗ੍ਰੰਥ, ਪੋਥੀ 10ਵੀਂ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਸੰਪਾਦਤ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ, ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ), ਮਹਿਮਾ ਪ੍ਰਕਾਸ਼ ਵਾਰਤਕ, ਗੁਰੂ ਭਾਰੀ (ਪ੍ਰਿੰ: ਸਤਿਬੀਰ ਸਿੰਘ), ਸਹਿਜੇ ਰਚਿਓ ਖਾਲਸਾ (ਹਰਿੰਦਰ ਸਿੰਘ ਮਹਿਬੂਬ),ਬੰਸਾਵਲੀਨਾਮਾ, ਇਤਿਹਾਸ ਵਿਚ ਸਿੱਖ (ਸੰਗਤ ਸਿੰਘ), ਗੁਰੂ ਕੀ ਸਾਖੀਆਂ (ਪਿਆਰਾ ਸਿੰਘ ਪਦਮ)


# ਦੀਵਾਲੀ ਦੀ ਰਾਤ ਦੀਵੇ ਬਾਲੀਅਨਿ

ਫਿਰਦਾ ਹੈ। ਇੱਥੇ ਕੁੱਤੇ ਦੇ ਦਰ ਦਰ ਭਟਕਣ ਵਾਲੇ ਸੁਭਾਵ ਦਾ ਇਹ ਪੱਖ ਹੀ ਲਿਆ ਗਿਆ ਹੈ।

(ਅ) ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥ (ਪੰਨਾ ੫੩੬) ਅਰਥ: ਜੇ ਭਾਈ! ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਭੀ ਸਿੱਧਾ ਨਹੀਂ ਹੁੰਦਾ, (ਕਿਸੇ ਦੀ ਭੀ) ਦਿੱਤੀ ਹੋਈ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ।

ਇਸ ਪੰਗਤੀ ਵਿੱਚ ਮਨੁੱਖੀ ਮਨ ਦੇ ਟੇਢੇਪਣ ਨੂੰ ਦਰਸਾਉਣ ਲਈ, ਇਸ ਨੂੰ ਕੁੱਤੇ ਦੀ ਪੂਛ ਵਾਂਗ ਵਿੰਗਾ ਹੀ ਰਹਿਣ ਵਾਂਗ ਦਰਸਾਉਣ ਲਈ, ਕੁੱਤੇ ਨਾਲ ਸਬੰਧਤ ਇਸ ਪੱਖ ਨੂੰ ਹੀ ਸਾਹਮਣੇ ਰੱਖਿਆ ਗਿਆ ਹੈ।

(ੲ) ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ॥ (ਪੰਨਾ ੬੭੨) ਅਰਥ: (ਸੁਆਦਲੇ ਖਾਣਿਆ ਦੀ ਖ਼ਾਤਰ) ਉਹ ਮਨੁੱਖ ਕੁੱਤੇ ਵਾਂਗ ਦੌੜਓਭੱਜ ਕਰਦਾ ਰਹਿੰਦਾ ਹੈ, ਚਾਰੇ ਪਾਸੇ ਭਾਲਦਾ ਫਿਰਦਾ ਹੈ।

ਇਨ੍ਹਾਂ ਪੰਗਤੀਆਂ ਵਿਚ, ਚਸਕਿਆਂ ਦੇ ਸ਼ਿਕਾਰ ਹੋ ਕੇ, ਸਦਾ ਅਤ੍ਰਿਪਤ ਰਹਿਣ ਵਾਲੇ ਪ੍ਰਾਣੀ ਦੇ ਇਸ ਸੁਭਾਅ ਦਾ ਵਰਣਨ ਕਰਦਿਆਂ ਹੋਇਆਂ ਇਸ ਨੂੰ ਕੁੱਤੇ ਵਾਂਗ ਦੌੜ-ਭੱਜ ਕਰਦਿਆਂ ਦਰਸਾਇਆ ਹੈ। ਕੁੱਤੇ ਦੇ ਸੁਭਾਅ ਦਾ ਤ੍ਰਿਪਤ ਨਾ ਹੋਣ ਵਾਲੇ ਪੱਖ ਦਾ ਹੀ ਇੱਥੇ ਜ਼ਿਕਰ ਕੀਤਾ ਗਿਆ ਹੈ।

(ਬਾਕੀ ਪ੍ਰਮਾਣ ਹੇਠਾਂ ਨੋਟ ਵਿੱਚ ਦੇਖੋ)

ਗੁਰੂ ਗ੍ਰੰਥ ਸਾਹਿਬ ਵਿੱਚ ਸੁਆਨ/ਕੁੱਤੇ ਦੇ ਸੁਭਾਅ ਆਦਿ ਦੇ ਵੱਖ ਵੱਖ ਪਹਿਲੂਆਂ 'ਚੋਂ, ਕਿਸੇ ਗੱਲ ਨੂੰ ਦਰਸਾਉਂਣ ਲਈ ਕਿਸੇ ਇੱਕ ਪਹਿਲੂ ਦਾ ਹੀ ਵਰਣਨ ਕੀਤਾ ਗਿਆ ਹੈ। ਇਹ ਨਿਯਮ ਆਮ ਹੀ ਸਾਹਿਤ ਦੇ ਹਰੇਕ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਦ੍ਰਿਸ਼ਟਾਂਤ ਦੇਣ ਸਮੇਂ ਜਿਸ ਦਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ, ਉਸ ਦੇ ਸਾਰੇ ਪਹਿਲੂਆਂ ਦਾ ਨਹੀਂ ਬਲਕਿ ਉਸ ਦੇ ਕੇਵਲ ਇੱਕ ਪਹਿਲੂ ਨੂੰ ਸਾਹਮਣੇ ਰੱਖਿਆ ਜਾਂਦਾ ਹੈ।

ਇਸ ਸੰਖੇਪ ਜਿਹੀ ਚਰਚਾ ਪਿੱਛੋਂ ਭਾਈ ਗੁਰਦਾਸ ਜੀ ਦੀ ੧੯ਵੀਂ ਵਾਰ ਦੀ ੬ਵੀਂ ਪਉੜੀ ਦੀ ਵਿਚਾਰ ਕਰਦੇ ਹਾਂ। ਇਸ ਪਉੜੀ ਵਿੱਚ ਭਾਈ ਸਾਹਿਬ ਮੁੱਖ ਰੂਪ ਵਿੱਚ ਜੋ ਗੱਲ ਆਖ ਰਹੇ ਹਨ ਉਹ ਇਸ ਪਉੜੀ ਦੇ ਅਖ਼ੀਰ ਵਿੱਚ ਹੈ: ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ॥ ਇਸ ਤੁਕ ਤੋਂ ਪਹਿਲੀਆਂ ਪੰਗਤੀਆਂ ਵਿੱਚ ਭਾਈ ਸਾਹਿਬ ਨੇ ਸੰਸਾਰ ਦੀ ਨਾਸ਼ਮਾਨਤਾ ਨੂੰ ਦਰਸਾਉਣ ਲਈ ਕੁੱਝ ਉਦਾਹਰਣਾਂ ਦਿੱਤੀਆਂ ਹਨ: ਦੀਵਾਲੀ ਦੀ ਰਾਤ ਦੀਵੇ ਬਾਲੀਅਨਿ॥ ਤਾਰੇ ਜਾਤ ਸਨਾਤ ਅੰਬਰ ਭਾਲੀਅਨਿ॥ ਫੁਲਾਂ ਦੀ ਬਾਗਾਤ ਚੁਣ ਚੁਣ ਚਾਲੀਅਨਿ॥ ਤੀਰਥਿ ਜਾਤੀ ਜਾਤ ਨੈਣ ਨਿਹਾਲੀਅਨਿ॥ ਹਰਿ ਚੰਦੁਰੀ ਝਾਤ ਵਸਾਇ ਉਚਾਲੀਅਨਿ॥

ਇਸ ਪਉੜੀ ਦਾ ਭਾਵ ਹੈ ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੋਸ਼ਨੀ ਕੁੱਝ ਦੇਰ ਤੀਕ ਹੀ ਰਹਿੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ ਪਰ ਸੂਰਜ ਚੜ੍ਹਿਆਂ ਇਹ ਤਾਰੇ ਦਿਖਾਈ ਨਹੀਂ ਦੇਂਦੇ। ਜਿਵੇਂ ਕਿਸੇ ਪੁਰਬ ਆਦਿ ਦੇ ਸਮੇਂ ਲੋਕੀਂ ਕਿਸੇ ਤੀਰਥ ਸਥਾਨ 'ਤੇ ਜਾਂਦੇ ਹਨ। ਕੁੱਝ ਦਿਨ ਉਸ ਥਾਂ ਤੇ ਬੜਾ ਰੌਣਕ ਮੇਲਾ ਹੁੰਦਾ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਸਾਰੀ ਲੋਕਾਈ ਹੀ ਉੱਥੇ ਉਮਡ ਪਈ ਹੈ। ਪਰ ਫਿਰ ਸਹਿਜੇ ਸਹਿਜੇ ਲੋਕੀਂ ਆਪੋ ਆਪਣੇ ਘਰਾਂ ਨੂੰ ਵਾਪਸ ਮੁੜ ਜਾਂਦੇ ਹਨ। ਇੰਜ ਕੁੱਝ ਦਿਨਾਂ ਪਿੱਛੋਂ ਉਸ ਸਥਾਨ 'ਤੇ ਲੋਕਾਂ ਦਾ ਇਹ ਜਮਘਟਾ ਦੇਖਣ ਨੂੰ ਨਹੀਂ ਮਿਲਦਾ। ਚੂੰਕਿ ਲੋਕ ਕੇਵਲ ਯਾਤਰਾ ਕਰਨ ਲਈ ਹੀ ਉਸ ਸਥਾਨ ਤੇ ਜਾਂਦੇ ਹਨ ਨਾ ਕਿ ਹਮੇਸ਼ਾਂ ਉੱਥੇ ਰਹਿਣ ਲਈ। ਬਦਲਾਂ ਦੇ ਆਕਾਸ਼ੀ ਮਹੱਲ ਦਿਖਾਈ ਦੇਂਦੇ ਹਨ ਪਰ ਉਨ੍ਹਾਂ ਦੀ ਹੋਂਦ ਨਹੀਂ ਹੁੰਦੀ, ਇਸ ਲਈ ਛੇਤੀ ਹੀ ਛਾਈਂ-ਮਾਈਂ ਹੋ ਜਾਂਦੇ ਹਨ। ਗੁਰਮੁਖ ਜਨ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ, ਦੀਵਾਲੀ ਦੀ ਰਾਤ ਦੀ ਰੋਸ਼ਨੀ, ਤਾਰੇ, ਫੁਲ ਅਤੇ ਤੀਰਥਾਂ ਦੇ ਮੇਲਿਆਂ ਵਾਂਗ ਸੰਸਾਰ ਨੂੰ ਅਲਪ ਕਾਲ ਦੀ ਖ਼ੁਸ਼ੀ ਮੰਨ ਕੇ ਨਿਰਲੇਪ ਰਹਿੰਦੇ ਹਨ।

ਇਸ ਪਉੜੀ ਦਾ ਗਾਇਣ ਕਰਨ ਜਾਂ ਵਿਆਖਿਆ ਕਰਨ ਵਾਲੇ ਸੱਜਣਾਂ ਨੂੰ ਚਾਹੀਦਾ ਹੈ ਕਿ ਉਹ ਭਾਈ ਸਾਹਿਬ ਨੇ ਇਸ ਪਉੜੀ ਵਿੱਚ ਮੂਲ ਰੂਪ ਜੋ ਸੁਨੇਹਾ ਦਿੱਤਾ ਹੈ, ਉਸ ਉੱਤੇ ਜ਼ੋਰ ਦੇਣ, ਨਾ ਕਿ ਜਿਸ ਗੱਲ ਨੂੰ ਸਮਝਾਉਣ ਲਈ ਦ੍ਰਿਸ਼ਟਾਂਤ ਦਿੱਤੇ ਹਨ, ਉਨ੍ਹਾਂ ਨੂੰ ਪ੍ਰਚਾਰਨ। ਪ੍ਰਚਾਰਕ ਸ਼੍ਰੇਣੀ ਭਾਵੇਂ ਉਹ ਕਥਾ ਵਾਚਕ, ਪ੍ਰਚਾਰਕ ਜਾਂ ਰਾਗੀ ਦੇ ਰੂਪ ਵਿੱਚ ਹੈ, ਸਾਰਿਆਂ ਦਾ ਹੀ ਇਹ ਮੁੱਢਲਾ ਫ਼ਰਜ਼ ਹੈ ਕਿ ਸਿੱਖ ਸੰਗਤਾਂ ਵਿੱਚ ਗੁਰਮਤਿ ਦੀ ਜੀਵਨ-ਜੁਗਤ ਹੀ ਦ੍ਰਿੜ ਕਰਵਾਈ ਜਾਵੇ। ਗੁਰਦੁਆਰੇ ਗੁਰਮਤਿ ਦੀ ਟਕਸਾਲ ਹਨ। ਇੱਥੋਂ ਹੀ ਸੰਗਤਾਂ ਨੇ ਗੁਰਮਤਿ ਦੀ ਜੀਵਨ-ਜੁਗਤ ਨੂੰ ਸਿੱਖਣਾ ਅਥਵਾ ਸਮਝਣਾ ਹੈ। ਇਸ ਲਈ ਇਸ ਪਉੜੀ ਦਾ ਗਾਇਣ ਕਰਨ ਸਮੇਂ ਇਸ ਪਉੜੀ ਦੀ ਅੰਤਲੀ ਪੰਗਤੀ ਨੂੰ ਹੀ ਅਸਥਾਈ ਬਣਾ ਕੇ ਗਾਵਿਆ ਜਾਵੇ ਤਾਂ ਕਿ ਇਸ ਵਿੱਚ ਭਾਈ ਗੁਰਦਾਸ ਜੀ ਜੋ ਗੱਲ ਸਾਨੂੰ ਸਮਝਾਉਣਾ ਚਾਹੁੰਦੇ ਹਨ ਉਸ ਨੂੰ ਸਮਝਿਆ ਜਾ ਸਕੇ।

ਨੋਟ: (ਸ) ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ॥ (ਪੰਨਾ ੮੨੯) ਅਰਥ: (ਹੇ ਪ੍ਰਭੂ! ਤੇਰੀ ਮੇਹਰ ਤੋਂ ਬਿਨਾਂ ਜੀਵ ਨੂੰ ਤੇਰਾ) ਸਿਮਰਨ ਕਰਨ ਦੀ ਜਾਚ ਨਹੀਂ ਆਉਂਦੀ, ਮਾਇਆ ਦੇ ਨਸ਼ੇ ਵਿੱਚ ਮਸਤ ਭਟਕਦਾ ਹੈ, ਮਾਇਆ (ਦੇ ਰੰਗ) ਵਿੱਚ ਰੰਗਿਆ ਹੋਇਆ ਜੀਵ ਇਉਂ ਫਿਰਦਾ ਹੈ ਜਿਵੇਂ (ਹਲਕਿਆ) ਕੁੱਤਾ।

ਇਨ੍ਹਾਂ ਤੁਕਾਂ ਵਿੱਚ ਮਾਇਆ ਦੇ ਨਸ਼ੇ ਵਿੱਚ ਮਸਤੇ ਹੋਏ ਮਨੁੱਖ ਨੂੰ ਹਲਕੇ ਹੋਏ ਕੁੱਤੇ ਵਾਂਗ ਭਟਕਦਾ ਹੋਇਆ ਦਰਸਾਉਂਣ ਲਈ ਕੁੱਤੇ ਦੇ ਇਸ ਪੱਖ ਨੂੰ ਹੀ ਸਾਹਮਣੇ ਰੱਖਿਆ ਗਿਆ ਹੈ।

(ਹ) ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥ (ਪੰਨਾ ੯੮੩) ਅਰਥ: ਹੇ ਭਾਈ! ਲੋਭ ਦੀ ਲਹਿਰ ਨਿਰੋਲ ਹਲਕਾਇਆ ਕੁੱਤਾ ਹੀ ਹੈ (ਜਿਵੇਂ) ਹਲਕਾਇਆ ਕੁੱਤਾ ਸਭਨਾਂ ਨੂੰ (ਵੱਢ ਵੱਢ ਕੇ) ਵਿਗਾੜਦਾ ਜਾਂਦਾ ਹੈ (ਤਿਵੇਂ ਲੋਭੀ ਮਨੁੱਖ ਹੋਰਨਾਂ ਨੂੰ ਭੀ ਆਪਣੀ ਸੰਗਤਿ ਵਿੱਚ ਲੋਭੀ ਬਣਾਈ ਜਾਂਦਾ ਹੈ)।

ਇਨ੍ਹਾਂ ਪੰਗਤੀਆਂ ਵਿੱਚ ਲੋਭੀ ਮਨੁੱਖ ਦਾ ਹੋਰਨਾਂ ਨੂੰ ਵੀ ਲੋਭੀ ਬਣਾਉਣ ਵਾਲੇ ਕੰਮ ਨੂੰ ਦਰਸਾਉਣ ਲਈ ਹਲਕਾਏ ਕੁੱਤੇ ਦੇ ਇਸ ਪੱਖ ਨੂੰ ਹੀ ਲਿਆ ਗਿਆ ਹੈ ਜੋ ਦੂਜਿਆਂ ਨੂੰ ਵਢ ਕੇ ਇਸ ਰੋਗ ਦਾ ਸ਼ਿਕਾਰ ਬਣਾ ਦੇਂਦਾ ਹੈ।

(ਕ) ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥ (ਪੰਨਾ ੧੪੨੮) ਅਰਥ: ਹੇ ਨਾਨਕ! (ਆਖਔਹੇ ਭਾਈ!) ਜਿਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਦੀ ਭਗਤੀ ਨਹੀਂ ਹੈ, ਉਸ ਦਾ ਸਰੀਰ ਉਹੋ ਜਿਹਾ ਹੀ ਸਮਝ ਜਿਹੋ ਜਿਹਾ (ਕਿਸੇ) ਸੂਰ ਦਾ ਸਰੀਰ ਹੈ (ਜਾਂ ਕਿਸੇ) ਕੁੱਤੇ ਦਾ ਸਰੀਰ ਹੈ।

ਇਨ੍ਹਾਂ ਪੰਗਤੀਆਂ ਵਿੱਚ ਪ੍ਰਭੂ ਦੀ ਭਗਤੀ ਤੋਂ ਰਹਿਤ ਪ੍ਰਾਣੀ ਵਲੋਂ ਭੱਖ ਅਭੱਖ ਖਾਣ ਦੇ ਸੁਭਾਵ ਵਾਲੇ ਭਾਵ ਨੂੰ ਦਰਸਾਉਣ ਲਈ ਸੂਕਰ ਅਤੇ ਸੁਆਨ ਸ਼ਬਦ ਵਰਤੇ ਗਏ ਹਨ।

(ਖ) ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥ ਨਾਨਕ ਇਹ ਬਿਧਿ ਹਰਿ ਭਜਉ ਇੱਕ ਮਨਿ ਹੁਇ ਇੱਕ ਚਿਤਿ॥ ੪੫॥ (ਪੰਨਾ ੧੪੨੮) ਅਰਥ: ਹੇ ਨਾਨਕ! (ਆਖਔਹੇ ਭਾਈ!) ਇਕ-ਮਨ ਹੋ ਕੇ ਇਕ-ਚਿੱਤ ਹੋ ਕੇ ਪਰਮਾਤਮਾ ਦਾ ਭਜਨ ਇਸੇ ਤਰੀਕੇ ਨਾਲ ਕਰਿਆ ਕਰੋ (ਕਿ ਉਸ ਦਾ ਦਰ ਕਦੇ ਛੱਡਿਆ ਹੀ ਨਾਹ ਜਾਏ) ਜਿਵੇਂ ਕੁੱਤਾ (ਆਪਣੇ) ਮਾਲਕ ਦਾ ਘਰ (ਘਰ ਦਾ ਬੂਹਾ) ਸਦਾ (ਮੱਲੀ ਰੱਖਦਾ ਹੈ) ਕਦੇ ਭੀ ਛੱਡਦਾ ਨਹੀਂ ਹੈ।)

ਇਸ ਸ਼ਲੋਕ ਵਿੱਚ ਗੁਰਦੇਵ ਕੁੱਤੇ ਦਾ ਆਪਣੇ ਮਾਲਕ ਦਾ ਦਰ ਮੱਲੀ ਰੱਖਣ ਵਾਲੇ ਗੁਣ/ਸੁਭਾਵ ਦਾ ਵਰਣਨ ਕਰਦਿਆਂ ਹੋਇਆਂ ਮਨੁੱਖ ਨੂੰ ਇਸ ਤੋਂ ਪ੍ਰੇਰਣਾ ਲੈ ਕੇ ਪ੍ਰਭੂ ਦਾ ਲੜ ਪਕੜਨ ਦੀ ਪ੍ਰੇਰਨਾ ਕਰਦੇ ਹਨ।

# GURDWARA SANT SAGAR

242-25 Braddock Ave, Bellerose NY 11426 Tel: 718-343-1030

# 11th MAHAAN NAGAR KIRTAN

## on Saturday, October 29th, 2016 at 11:30am

ਗੁਰੂ ਨਾਨਕ ਦੇਵ ਜੀ ਦੇ 547ਵੇਂ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ।

# ੧੧ਵਾਂ ਮਹਾਨ ਨਗਰ ਕੀਰਤਨ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 14 ਨਵੰਬਰ ਦਿਨ ਸੋਮਵਾਰ ਨੂੰ ਆ ਰਿਹਾ ਹੈ ਜਿਸ ਦੇ ਸਬੰਧ ਹਰ ਸਾਲ ਦੀ ਤਰਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ 29 ਅਕਤੂਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਅਤੇ ਪੰਜ ਨਗਾਰਿਆਂ ਦੇ ਜਥੇ ਦੀ ਅਗਵਾਈ ਵਿੱਚ 11:30 ਵਜੇ ਸਵੇਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿਲ ਸਾਈਡ 263 ਸਟਰੀਟ ਤੋਂ ਵਾਪਸ ਹੁੰਦਾ ਹੋਇਆ 82 ਐਵੀਨਿਓ ਤੋਂ ਸ਼ਾਮ ਦੇ 4:00 ਵਜੇ ਗੁਰਦੁਆਰਾ ਸਾਹਿਬ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ।

**On Saturday, October 29th 2016, 11th Mahaan Nagar Kirtan will start from Gurdwara Sant Sagar at 11:30am toward Hillside Ave., to 263rd St. from 263 St. Nagar Kirtan will move toward 82nd Ave. Which will take us back to Gurdwara Sant Sagar Sahib at 4pm**



29 ਅਕਤੂਬਰ ਦਿਨ ਸ਼ਨੀਵਾਰ ਨੂੰ ਨਗਰ ਕੀਰਤਨ ਤੇ 13 ਨਵੰਬਰ ਦਿਨ ਐਤਵਾਰ ਪ੍ਰਕਾਸ਼ ਦਿਹਾੜੇ ਦੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ **Jus Punjabi T.V.** ਤੇ ਚਲੇਗਾ

ਵਿਸ਼ੇਸ਼ ਪ੍ਰੋਗਰਾਮ
ਹੈਲੀਕੋਪਟਰ ਰਾਹੀ ਫੁੱਲਾਂ ਦੀ ਵਰਖਾ ਤੇ
ਗਤਕਾ ਟੀਮ ਦੇ ਜੋਹਰ

ਸੰਗਤਾਂ ਦੇ ਪਿਆਰ ਤੇ ਉਧਮ ਸਦਕਾ 14 ਨਵੰਬਰ ਦਿਨ ਸੋਮਵਾਰ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 547ਵਾਂ ਪ੍ਰਕਾਸ਼ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਉਲੀਕੇ ਗਏ ਪ੍ਰੋਗਰਾਮ ਦਾ ਵੇਰਵਾ ਇਸ ਤਰਾਂ ਹੈ।

ਗੁਰਪੁਰਬ ਦੇ ਸਬੰਧ'ਚ 1 ਨਵੰਬਰ ਤੋਂ ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦਿਵਾਨ ਸਜਣਗੇ। ਗੁਰਪੁਰਬ ਦੇ ਸਬੰਧ'ਚ ਅਖੰਡ ਪਾਠ ਦੇ ਭੋਗ 13 ਨਵੰਬਰ ਦਿਨ ਐਤਵਾਰ ਸਵੇਰੇ 9 ਵਜੇ ਪਾਏ ਜਾਣਗੇ ਉਪਰੰਤ 9:30 ਤੋਂ 2:30 ਵਜੇ ਤੱਕ ਦਿਵਾਨ ਸਜਣਗੇ। ਰੱਖੇ ਹੋਏ ਅੰਖਠ ਪਾਠ ਦੇ ਭੋਗ ਸ਼ਾਮ 5:00 ਵਜੇ ਪਾਏ ਜਾਣਗੇ। ਉਪਰੰਤ 5:30 ਤੋਂ 12:30 ਵਜੇ ਤੱਕ ਪ੍ਰਕਾਸ਼ ਦਿਹਾੜੇ ਦੇ ਸੰਬਧ'ਚ ਮਹਾਨ ਕੀਰਤਨ ਦਰਬਾਰ ਸਜਾਇਆ ਜਾਏਗਾ। 11:15 ਤੋ 12:00 ਵਜੇ ਤਕ ਪ੍ਰਕਾਸ਼ ਦਿਹਾੜੇ ਦੇ ਸੰਬਧ'ਚ ਜਨਮ ਕਥਾ ਜੋ ਕਿ ਪੰਥ ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਜੀ ਕਰਨਗੇ। ਓਸ ਤੇ ਬਾਅਦ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਏਗੀ। 14 ਨਵੰਬਰ ਨੂੰ ਸਵੇਰੇ 10:00 ਵਜੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਦੁਪਹਿਰ 1:00 ਵਜੇ ਤਕ ਦਿਵਾਨ ਸਜਾਏ ਜਾਣਗੇ। ਰੱਖੇ ਗਏ ਅਖੰਡ ਪਾਠਾਂ ਦੇ ਭੋਗ ਸ਼ਾਮ 5:00 ਵਜੇ ਪੈਣਗੇ ਅਤੇ 5:30 ਤੋ 10:00 ਵਜੇ ਤਕ ਦਿਵਾਨ ਸਜਾਏ ਜਾਣਗੇ।

**ਗੁਰਪੁਰਬ ਦੇ ਸਬੰਧ ਵਿਚ ਹਰ ਸਾਲ ਦੀ ਤਰਾਂ 27 ਅਗਸਤ ਤੋ ਪ੍ਰਭਾਤ ਫੇਰੀਆਂ ਆਰਭ ਹਨ ਜੋ ਕੀ 13 ਨਵੰਬਰ ਨੂੰ ਸਮਾਪਤ ਹੋਣਗੀਆ।**



## ਨਗਰ ਕੀਰਤਨ ਵਿਚ ਵਿਸ਼ੇਸ਼ ਤੋਰ ਤੇ ਪਹੁੰਚ ਰਹੇ ਰਾਗੀ ਜਥੇ

ਰਾਗੀ ਜਥਾ ਭਾਈ ਗੁਰਮੇਲ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ),
ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ,
ਭਾਈ ਪਰਮਜੀਤ ਸਿੰਘ ਜੀ ਖਾਲਸਾ ਦਿੱਲੀ ਵਾਲੇ,
ਭਾਈ ਭਾਨ ਸਿੰਘ ਭੋਰਾ ਅਤੇ
ਬੀਬੀਆਂ ਦਾ ਢਾਡੀ ਜਥਾ ਇੰਡੀਆ ਤੋਂ ਪਹੁੰਚ ਰਹੇ ਹਨ।

**ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ।**

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਹਰ ਰੋਜ ਪ੍ਰੇਮੀਆਂ ਵਲੋਂ ਲੰਗਰ ਦੀ ਸੇਵਾ ਪ੍ਰਾਪਤ ਕੀਤੀ ਗਈ ਹੈ।

## ਗੁਰਪੁਰਬ ਦੇ ਸਬੰਧ ਵਿਚ ਵਿਸ਼ੇਸ਼ ਪਹੁੰਚ ਰਹੇ ਰਾਗੀ ਜਥੇ ਅਤੇ ਕਥਾ ਵਾਚਕ

ਰਾਗੀ ਜਥਾ ਭਾਈ ਗੁਰਮੇਲ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ),
ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ (ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ),
ਪੰਥ ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਜੀ
ਭਾਈ ਸੁਰਜੀਤ ਸਿੰਘ ਜੀ ਜਖਮੀ,
ਭਾਈ ਭਾਨ ਸਿੰਘ ਜੀ ਭੋਰਾ ਅਤੇ
ਬੀਬੀਆਂ ਦਾ ਢਾਡੀ ਜਥਾ
ਤੇ ਹੋਰ ਵੀ ਪ੍ਰਸਿਧ ਰਾਗੀ ਜਥੇ ਤੇ ਕਥਾ ਵਾਚਕ ਸੰਗਤਾਂ ਨੂੰ ਨਿਹਾਲ ਕਰਨਗੇ।



**ਗੁਰੂ-ਸੰਗਤਾਂ ਦਾ ਦਾਸ - ਭਾਈ ਸੱਜਣ ਸਿੰਘ**

ਸਾਬਕਾ ਹਜ਼ੂਰੀ ਰਾਗੀ - ਸ੍ਰੀ ਦਰਬਾਰ ਸਾਹਿਬ
ਮੁੱਖ ਸੰਚਾਲਕ - ਗੁ. ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone #: 718.343.1030



# ਗੁਰੂ ਰਾਮਦਾਸ ਵੈਲਫੇਅਰ ਸੁਸਾਇਟੀ ਆਫ਼ ਹਰਿਆਣਾ ਨੇ ਸ਼ਰਧਾ ਨਾਲ ਮਨਾਇਆ ਗੁਰੂ ਰਾਮਦਾਸ ਦਿਹਾੜਾ

**ਨਿਊਯਾਰਕ/ਬਿਊਰੋ ਨਿਊਜ਼ :** ਗੁਰੂ ਰਾਮਦਾਸ ਜੀ ਦਾ ਗੁਰੂ ਪੁਰਬ ਗੁਰੂ ਰਾਮਦਾਸ ਸੁਸਾਇਟੀ ਆਫ਼ ਹਰਿਆਣਾ ਵੱਲੋਂ ਸਿੱਖ ਕਲਚਰਲ ਸੁਸਾਇਟੀ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ, ਜਿਸ ਵਿਚ ਉੱਚ ਕੋਟੀ ਦੇ ਕੀਰਤਨੀ ਅਤੇ ਕਥਾ ਵਾਚਕ ਨੇ ਗੁਰੂ ਜੀ ਦੀ ਬਾਣੀ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਸੁਖਬੀਰ ਸਿੰਘ ਉਦੋਂਕੇ ਨੇ ਵੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਦਸਿਆ। ਇਸ ਮੌਕੇ ਸਿੱਖ ਕਲਚਰਲ ਸੁਸਾਇਟੀ ਦੇ ਨਵੇਂ ਬਣੇ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ ਨੇ ਸੰਗਤਾਂ ਨੂੰ ਵਧਾਈ ਦਿੱਤੀ। ਗੁਰੂ ਘਰ ਦੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ



ਨੇ ਵੀ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰਪੁਰਬ 'ਤੇ ਸਿੱਖ ਕਲਚਰਲ ਸੁਸਾਇਟੀ ਵਿਖੇ ਸੰਗਤਾਂ ਦਾ ਹੜ੍ਹ ਆ ਗਿਆ। ਹਰਿਆਣਾ ਸੁਸਾਇਟੀ ਦੇ ਮੈਂਬਰਾਂ ਨੇ ਹਰ ਤਰ੍ਹਾਂ ਦੇ ਲੰਗਰਾਂ ਦੇ ਸਟਾਲ ਲਾ ਕੇ ਸੰਗਤਾਂ ਨੂੰ ਲੰਗਰ ਛਕਾਇਆ। ਸੁਸਾਇਟੀ ਦੇ ਪ੍ਰਧਾਨ ਬੂਟਾ ਸਿੰਘ ਚੀਮਾ ਨੇ ਸੰਤ ਪ੍ਰੇਮ ਸੁਸਾਇਟੀ, ਮਿਆਣੀ ਵੈਲਫੇਅਰ ਸੁਸਾਇਟੀ, ਵੀਰ ਸੈਣੀ, ਨਵਦੀਪ, ਵਾਲੀਆ ਅਤੇ ਸਾਰੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਗੁਰੂ ਘਰ ਦੇ ਹੈੱਡ ਗ੍ਰੰਥੀ ਭੁਪਿੰਦਰ ਸਿੰਘ ਨੇ ਸੁਸਾਇਟੀ ਦੇ ਸੇਵਾਦਾਰਾਂ ਨੂੰ ਉੱਚ ਪੱਧਰ 'ਤੇ ਗੁਰੂ ਪੁਰਬ ਮਨਾਉਣ ਦੀ ਸ਼ਲਾਘਾ ਕੀਤੀ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।




## ਪੰਜਾਬੀ ਕਾਮੇਡੀ ਦੇ ਬੇਤਾਜ ਬਾਦਸ਼ਾਹ ਮੇਹਰ ਮਿੱਤਲ ਦਾ ਦੇਹਾਂਤ



**ਚੰਡੀਗੜ੍ਹ/ਬਿਊਰੋ ਨਿਊਜ਼ :** ਸੋਸ਼ਲ ਮੀਡੀਆ ਉਤੇ ਦੋ ਹਫ਼ਤੇ ਪਹਿਲਾਂ ਪੰਜਾਬੀ ਸਿਨੇਮਾ ਦੇ ਹਾਸਰਸ ਕਲਾਕਾਰ ਮੇਹਰ ਮਿੱਤਲ ਦੇ ਦੇਹਾਂਤ ਦੀ ਅਫ਼ਵਾਹ ਫੈਲੀ ਸੀ। ਇਹ ਅਫਵਾਹ ਇੰਨੀ ਤੇਜ਼ੀ ਨਾਲ ਫੈਲੀ ਕਿ ਪੰਜਾਬੀ ਫਿਲਮ ਸਨਅਤ ਨਾਲ ਜੁੜੀਆਂ ਕਈ ਹਸਤੀਆਂ ਨੇ ਆਪਣੇ ਫੇਸਬੁੱਕ ਪੇਜ਼ ਉਤੇ ਸੋਕ ਸੁਨੇਹੇ ਪਾ ਦਿੱਤੇ। 300 ਤੋਂ ਵੱਧ ਫਿਲਮਾਂ ਕਰ ਚੁੱਕੇ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਇਸ ਕਲਾਕਾਰ ਦੇ ਦੇਹਾਂਤ ਦੀ ਅਫ਼ਵਾਹ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ ਸੱਚ ਹੋ ਗਈ। ਉਨ੍ਹਾਂ ਲੰਮੀ ਬਿਮਾਰੀ ਮਗਰੋਂ ਮਾਊਂਟ ਆਬੂ ਵਿੱਚ ਆਖ਼ਰੀ ਸਾਹ ਲਿਆ। ਅੰਤਮ ਰਸਮਾਂ ਲਈ ਪਰਿਵਾਰਕ ਮੈਂਬਰ ਮਾਊਂਟ ਆਬੂ ਪੁੱਜ ਗਏ। ਮੇਹਰ ਮਿੱਤਲ ਦੇ ਦੋਹਤੇ ਅਤੇ ਹਾਈ ਕੋਰਟ ਦੇ ਵਕੀਲ ਸੰਜੀਵ ਗੁਪਤਾ ਨੇ ਉਨ੍ਹਾਂ ਦੇ ਦੇਹਾਂਤ ਦੀ ਪੁਸ਼ਟੀ ਕੀਤੀ। ਸੰਜੀਵ ਨੇ ਦੱਸਿਆ ਕਿ ਉਹ ਤਿੰਨ ਚਾਰ ਦਿਨਾਂ ਤੋਂ ਕੋਮਾ ਵਿੱਚ ਸਨ। ਸ਼ਨਿਚਰਵਾਰ ਬਾਅਦ ਦੁਪਹਿਰ ਉਨ੍ਹਾਂ ਨੂੰ ਦੌਰਾ ਪਿਆ, ਜੋ ਜਾਨਲੇਵਾ ਸਾਬਤ ਹੋਇਆ। ਉਨ੍ਹਾਂ ਦੱਸਿਆ ਕਿ ਉਹ ਨਾਨਾ ਜੀ ਨੂੰ ਉਨ੍ਹਾਂ ਦੇ ਜਨਮ ਦਿਨ ਤੋਂ ਇਕ ਦਿਨ ਬਾਅਦ 21 ਅਕਤੂਬਰ ਨੂੰ ਮਿਲਿਆ ਸੀ, ਉਦੋਂ ਉਹ ਠੀਕ ਸਨ। ਸੰਜੀਵ ਨੇ ਯਾਦਾਂ ਦੇ ਵਿਸ਼ਾਲ ਸਮੁੰਦਰ ਵੱਲ ਖਿੜਕੀ ਖੋਲ੍ਹਦਿਆਂ ਦੱਸਿਆ ਕਿ ਨਾਨਾ ਜੀ ਜਿੱਥੇ ਵੀ ਜਾਂਦੇ ਸਨ, ਉਥੇ ਹੀ ਉਨ੍ਹਾਂ ਦੇ ਪ੍ਰਸ਼ੰਸਕ ਘੇਰ ਲੈਂਦੇ ਸਨ। ਉਹ ਆਪਣੀਆਂ ਫਿਲਮਾਂ ਵਿੱਚ ਨਿਭਾਏ ਕਿਰਦਾਰਾਂ ਵਰਗੇ ਹੀ ਬਣ ਗਏ ਸਨ। ਬਠਿੰਡਾ ਵਿੱਚ 24 ਅਕਤੂਬਰ 1935 ਨੂੰ ਜਨਮੇ ਮੇਹਰ ਮਿੱਤਲ ਨੇ 300 ਤੋਂ ਵੱਧ ਪੰਜਾਬੀ ਫਿਲਮਾਂ ਵਿੱਚ ਹਾਸਰਸ ਭੂਮਿਕਾਵਾਂ ਨਿਭਾਈਆਂ। ਫਿਲਮੀ ਦੁਨੀਆ ਵਿੱਚ ਆਉਣ ਤੋਂ ਪਹਿਲਾਂ ਇਸ ਲਾਅ ਗਰੈਜੂਏਟ ਕਲਾਕਾਰ ਨੇ ਅੱਠ ਸਾਲ ਚੰਡੀਗੜ੍ਹ ਵਿੱਚ ਵਕਾਲਤ ਕੀਤੀ। ਉਹ ਪਹਿਲੀ ਵਾਰ 1974 ਵਿੱਚ ਆਈ ਫਿਲਮ 'ਸੱਚਾ ਮੇਰਾ ਰੂਪ ਹੈ' ਵਿੱਚ ਦਿਸੇ। ਇਸ ਮਗਰੋਂ ਚੰਨ ਪਰਦੇਸੀ, ਲੰਬਰਦਾਰਾ, ਵਲਾਇਤੀ ਬਾਬੂ, ਪੁੱਤ ਜੱਟਾਂ ਦਾ, ਕੁਰਬਾਨੀ ਜੱਟ ਦੀ ਅਤੇ ਕਈ ਹੋਰ ਫਿਲਮਾਂ ਵਿੱਚ ਕੰਮ ਕੀਤਾ। ਉਨ੍ਹਾਂ ਨੂੰ ਦਾਦਾਸਾਹਿਬ ਫਾਲਕੇ ਐਵਾਰਡ ਵੀ ਮਿਲਿਆ ਸੀ। ਉਨ੍ਹਾਂ ਦੋ ਫਿਲਮਾਂ 'ਅੰਬੇ ਮਾਂ ਜਗਦੰਬੇ ਮਾਂ' (1980) ਅਤੇ 'ਵਲਾਇਤੀ ਬਾਬੂ' (1981) ਦਾ ਨਿਰਮਾਣ ਵੀ ਕੀਤਾ। ਅਦਾਕਾਰ ਤੇ ਕਾਮੇਡੀਅਨ ਬੀਨੂੰ ਢਿੱਲੋਂ ਨੇ ਕਿਹਾ ਕਿ ਮੇਹਰ ਮਿੱਤਲ ਸਾਰੇ ਪੰਜਾਬੀ ਕਾਮੇਡੀਅਨਾਂ ਲਈ ਆਦਰਸ਼ ਸਨ। ਉਨ੍ਹਾਂ ਯਾਦ ਕੀਤਾ ਕਿ ਇਕ ਸਮੇਂ ਡਿਸਟ੍ਰੀਬਿਊਟਰਾਂ ਨੇ ਫਿਲਮ ਚੰਨ ਪਰਦੇਸੀ ਨੂੰ ਨਾਂਹ ਕਰ ਦਿੱਤੀ ਸੀ ਕਿਉਂਕਿ ਉਸ ਵਿੱਚ ਮੇਹਰ ਮਿੱਤਲ ਨਹੀਂ ਸੀ। ਬਾਅਦ ਵਿੱਚ ਫਿਲਮਸਾਜ਼ਾਂ ਨੇ ਮੇਹਰ ਮਿੱਤਲ ਨੂੰ ਫਿਲਮ ਵਿੱਚ ਲਿਆ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa


HAPPY Diwali
FROM OUR FAMILY TO YOURS
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


SHER®
ATTA
Healthy Living
SHER®
DURUM ATTA
DESI STYLE
20 lb
9.07 kg
Wishes you a
Happy
DIWALI